GURMAT VIRSA

# ਗੁਰਮਤਿ ਵਿਰਸਾ

ਅਕਤੂਬਰ 2026

ਗੁਰਮਤਿ ਵਿਰਸਾ

ਜਤ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ
GIAN
ਗੁਰਮਤਿ ਗਿਆਨ

Year-8, Issue-3, October 2026, Ludhiana gurmatvirsa@gmail.com Multilingual Price 25/-

ਅੰਦਰ ਪੜ੍ਹੋ ਗੁਰੂ ਰਾਮਦਾਸ ਜੀ ਦੀ ਸਮਾਜ ਨੂੰ ਦੇਣ



ਗਿਆਨੀ ਦਿੱਤ ਸਿੰਘ ਜੀ

ਪ੍ਰੋ. ਗੁਰਮੁਖ ਸਿੰਘ ਜੀ

## ਸਿੰਘ ਸਭਾ ਲਹਿਰ ਦੀ ਸਥਾਪਨਾ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਕਲਾਂ ਵਲੋਂ ਸੈਂਟ ਜੌਂਸ ਅਕੈਡਮੀ ਪਿੰਡ ਸ਼ੰਕਰ ਵਿਖੇ ਲਗਾਈ ਜਾ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਦੀ ਗੁਰਮਤਿ ਕਲਾਸ। ਜਿਸ ਵਿਚ ਬੱਚੇ, ਬੀਬੀਆਂ ਨੌਜਵਾਨ ਅਤੇ ਬਜ਼ੁਰਗ ਗੁਰਬਾਣੀ ਸੰਥਿਆ ਹਾਸਲ ਕਰ ਰਹੇ ਹਨ।



ਕੇਂਦਰ ਗਲੋਟੀ ਦੇ ਮੁੱਖ ਸੇਵਾਦਾਰ ਜੀ ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਸਨਮਾਨਤ ਕੀਤਾ ਗਿਆ।



ਕੇਂਦਰ ਭੈਲ ਢਾਏ ਵਾਲਾ ਦੇ ਪ੍ਰਬੰਧਕ ਵੀਰਾਂ ਨੂੰ ਹੋਈ ਮੀਟਿੰਗ ਉਪਰੰਤ ਕਾਲਜ ਵਲੋਂ ਸਨਮਾਨਤ ਕੀਤਾ ਗਿਆ।



ਕੇਂਦਰ ਮਾਲੂਵਾਲ ਦੇ ਪਿੰਡ ਸੁਰਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਗਰੇਸ ਪਬਲਿਕ ਸਕੂਲ (ਲੁਧਿ) ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਮਨਾਏ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਬੱਚਿਆਂ ਨਾਲ ਗੁਰਮਤਿ ਦੀ ਸਾਂਝ ਪਾਈ ਗਈ।

# ਗੁਰਮਤਿ ਵਿਰਸਾ

**ਅਕਤੂਬਰ 2026** (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਅੱਸੂ-ਕੱਤਕ ਮਹੀਨੇ ਦੇ ਖਾਸ ਦਿਹਾੜੇ

| | |
|---|---|
| – ਸਥਾਪਨਾ ਦਿਵਸ ਸਿੰਘ ਸਭਾ ਲਹਿਰ | : 17 ਅੱਸੂ (1 ਅਕਤੂਬਰ) |
| – ਮੇਲਾ ਬੀੜ ਬਾਬਾ ਬੁੱਢਾ ਜੀ | : 21 ਅੱਸੂ (5 ਅਕਤੂਬਰ) |
| – ਪ੍ਰਕਾਸ਼ ਪਾਤਸ਼ਾਹੀ ਚੌਥੀ | : 25 ਅੱਸੂ (9 ਅਕਤੂਬਰ) |
| – ਗੁਰਗੱਦੀ ਪਾਤਸ਼ਾਹੀ ਅੱਠਵੀਂ | : 6 ਕੱਤਕ (20 ਅਕਤੂਬਰ) |
| – ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | : 6 ਕੱਤਕ (20 ਅਕਤੂਬਰ) |
| – ਜੋਤੀ-ਜੋਤਿ ਪਾਤਸ਼ਾਹੀ ਸੱਤਵੀਂ | : 6 ਕੱਤਕ (20 ਅਕਤੂਬਰ) |
| – ਜੋਤੀ-ਜੋਤਿ ਗੁਰੂ ਗੋਬਿੰਦ ਸਿੰਘ ਜੀ | : 7 ਕੱਤਕ (21 ਅਕਤੂਬਰ) |
| – ਸਾਕਾ ਪੰਜਾ ਸਾਹਿਬ | : 14 ਕੱਤਕ (28 ਅਕਤੂਬਰ) |


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 6 |
| ਸ਼ਬਦ ਵਿਚਾਰ | 7 |
| ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 8 |
| ਸਿੰਘ ਸਭਾ ਲਹਿਰ ਦੀ ਸਥਾਪਨਾ | 10 |
| ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ | 18 |
| ਆਖ਼ਰ ਕਿੰਨੇ 'ਭਗਵਾਨ' ਹੋਰ? | 20 |
| ਨੰਨੇ ਵਾਰਸ | 22 |
| ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ | 24 |
| ਕੇਸਾਂ ਉਤੇ ਵਾਰ | 26 |
| ਪਰਵਾਸ ਦੀਆਂ ਪਰਤਾਂ ਹੇਠ | 27 |
| ਦਿਲਜੋਈ ਸਭ ਨੂੰ ਲੋੜੀਏ | 29 |
| ਲੈਬਨਾਨ ਦਾ ਪੇਜ਼ਰ ਅਤੇ ਵਾਕੀ ਟਾਕੀ ਬਲਾਸਟ ਕਾਂਡ | 30 |
| ਮਿਹਨਤ ਤੋਂ ਮੂੰਹ ਨਾ ਮੋੜੋ | 32 |
| ਕਾਵਿ ਕਿਆਰੀ | 34 |
| Guru Har Rai Sahib ji | 35 |
| ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ | 36 |
| ਸਾਡੀ ਖੇਤੀ | 38 |
| ਸਿਹਤ ਸੰਭਾਲ | 39 |
| ਗੁਰਮਤਿ ਸੰਜੋਗ | 40 |
| ਅਗਸਤ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਗੁਰੂ ਰਾਮਦਾਸ ਜੀ ਦੀ ਸਮਾਜ ਨੂੰ ਦੇਣ



ਗੁਰੂ ਰਾਮਦਾਸ ਜੀ ਦਾ ਮੁੱਢਲਾ ਜੀਵਨ ਬਹੁਤ ਸੰਘਰਸ਼ ਪੂਰਵਕ ਰਿਹਾ ਹੈ। ਛੋਟੀ ਉਮਰ ਵਿਚ ਯਤੀਮ ਹੋ ਜਾਣ 'ਤੇ ਨਾਨੀ ਵਲੋਂ ਬਾਲਕ ਜੇਠੇ ਦੀ ਪਾਲਣਾ ਕੀਤੀ। ਲਾਹੌਰ ਸ਼ਹਿਰ ਦੀ ਚੂਨਾ ਮੰਡੀ ਵਿਚ ਭਾਈ ਜੇਠਾ ਜੀ ਦਾ ਜਨਮ ਹੋਇਆ। ਚੂਨਾ ਮੰਡੀ ਹੀਰਿਆਂ ਦੇ ਵਪਾਰ ਕਰਕੇ ਪ੍ਰਸਿੱਧ ਸੀ। ਜਨਮ ਭੌਂਇ ਛੱਡਣ ਨੂੰ ਕਿਸੇ ਦਾ ਵੀ ਦਿੱਲ ਨਹੀਂ ਕਰਦਾ ਪਰ ਭਾਈ ਜੇਠਾ ਜੀ ਦੀ ਇਕੱਲਤਾ ਦੇਖਦਿਆਂ ਮਾਂ ਨਾਨੀ ਆਪਣੇ ਪਾਸ ਹੀ ਬਾਸਰਕੇ ਲੈ ਆਈ।

ਗੁਰੂ ਰਾਮਦਾਸ ਜੀ ਨੂੰ ਬਚਪਨ ਵਿਚ ਹੀ ਜ਼ਿੰਦਗੀ ਨਾਲ ਜੂਝਣ ਦੀ ਜਾਚ ਆ ਗਈ ਸੀ। ਆਰਥਿਕ ਮਜ਼ਬੂਰੀਆਂ ਹੁੰਦਿਆਂ ਵੀ ਉਹਨਾਂ ਪ੍ਰਚੱਲਤ ਵਿਦਿਆ ਹਾਸਲ ਕੀਤੀ। ਗੋਇੰਦਵਾਲ ਦੀ ਧਰਤੀ 'ਤੇ ਰਹਿੰਦਿਆਂ, ਗੁਰੂ ਨਾਨਕ ਸਾਹਿਬ ਦਾ ਫਲਸਫਾ, ਹਿੰਦੂ ਸੰਸਕ੍ਰਿਤੀ ਦੇ ਗ੍ਰੰਥਾਂ ਨੂੰ ਵਾਚਣਾ, ਇਸਲਾਮ ਮੱਤ ਦਾ ਅਧਿਐਨ, ਸਿਆਸਤ ਦੀਆਂ ਬਰੀਕੀਆਂ, ਪ੍ਰਬੰਧਕੀ ਗੁਣ, ਸ਼ਹਿਰ ਦੀ ਵਿਉਂਤ ਬੰਦੀ, ਕਿਰਸਾਨੀ ਨੂੰ ਸੰਭਾਲਣਾ, ਕ੍ਰਿਤੀਆਂ ਦੀ ਕਿਰਤ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਪਹੁੰਚਾਣਾ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਸਾਰੇ ਗੁਣ ਸਿੱਖੇ। ਗੁਰੂ ਰਾਮਦਾਸ ਜੀ ਨੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ ਇਹ ਫਲਸਫਾ ਦਿੱਤਾ ਕਿ ਸਤਿਗੁਰੂ ਦਾ ਸਿਧਾਂਤ ਕਿਸੇ ਦਾ ਵੀ ਬੁਰਾ ਨਹੀਂ ਮਨਾਉਂਦਾ, ਸਗੋਂ ਸਰਬੱਤ ਦਾ ਭਲਾ ਮੰਗਦਾ ਹੈ— ਜਿਹਾ ਕਿ ਗੁਰਬਾਣੀ ਵਾਕ ਹੈ—



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥**

**ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥** (302)

ਗੁਰੂ ਰਾਮਦਾਸ ਜੀ ਨੇ ਜ਼ਿੰਦਗੀ ਦੀ ਹਕੀਕਤ ਬਿਆਨ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਜਿਹੜੇ ਮਨੁੱਖ ਦੇ ਮਨ ਵਿਚ ਹੰਕਾਰ ਭਰਿਆ ਹੋਇਆ ਹੈ, ਉਹ ਭਾਵੇਂ ਕਿਸੇ ਵੀ ਜਾਤ ਬਰਾਦਰੀ ਦਾ ਹੋਵੇ, ਉਹ ਆਪਣੇ ਜੀਵਨ ਵਿੱਚ ਕੁਝ ਵੀ ਨਹੀਂ ਸਿੱਖ ਸਕਦਾ। ਜੇ ਕਿਤੇ ਅਜਿਹੇ ਮਨੁੱਖ ਗੁਰੂ ਦੇ ਕੋਲ ਆ ਵੀ ਜਾਣ ਤਾਂ ਹਮੇਸ਼ਾਂ ਸਮਾਂ ਪਾਸ ਕਰਦੇ ਹਨ। ਕੁਝ ਹਾਸਲ ਕਰਨ ਲਈ ਆਪਣੇ ਮਨ ਵਿਚੋਂ ਹੰਕਾਰ ਨੂੰ ਮਾਰਨਾ ਪੈਣਾ ਹੈ—

**ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥**
**ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥**
**ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥** (314)

ਜ਼ਿੰਦਗੀ ਦੀ ਕੌੜੀ ਸਚਾਈ ਦਸਦਿਆਂ ਕਹਿਆ ਹੈ ਕਿ ਜਿਹੜਾ ਮਨੁੱਖ ਆਪਣੇ ਆਪ ਨੂੰ ਕਾਇਦੇ ਕਾਨੂੰਨ ਵਿਚ ਨਹੀਂ ਲਿਆਉਂਦਾ ਉਹ ਕੁਝ ਨਹੀਂ ਸਿੱਖ ਸਕਦਾ। ਆਪਣੀ ਮਰਜ਼ੀ ਕਰਨ ਵਾਲਾ ਮਨੁੱਖ ਆਪਣੀ ਹੀ ਤਰੱਕੀ ਦੇ ਰਾਹ ਰੋਕ ਲੈਂਦਾ ਹੈ— ਜਿਹਾ ਕਿ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ--

**ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥**
**ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥** (303)

ਸਮਾਜ ਦੇ ਉਸ ਵਰਤਾਰੇ ਸਬੰਧੀ ਗੁਰਦੇਵ ਪਿਤਾ ਜੀ ਸਮਝਾਉਂਦੇ ਹਨ ਕਿ ਕੁਝ ਲੋਕ ਆਪਣਾ ਸੁਭਾਅ ਨਹੀਂ ਬਦਲਦੇ ਪਰ ਲੋਕ ਦਿਖਾਵੇ ਲਈ ਧਾਰਮਿਕ ਅਸਥਾਨਾਂ 'ਤੇ ਜ਼ਰੂਰ ਜਾਂਦੇ ਹਨ। ਜਿਸ ਤਰ੍ਹਾਂ ਕੋਈ ਵਿਦਿਆਰਥੀ ਸਕੂਲ ਕਾਲਜ ਵਿੱਚ ਤਾਂ ਜਾਂਦਾ ਹੈ ਪਰ ਅਧਿਆਪਕ ਦਾ ਕਹਿਆ ਨਹੀਂ ਮੰਨਦਾ, ਸਗੋਂ ਆਪਣੀ ਮਰਜ਼ੀ ਹੀ ਕਰਦਾ ਹੈ। ਅਜੇਹਾ ਸਿੱਖਿਆਰਥੀ ਯੋਗ ਵਿਦਿਆ ਹਾਸਲ ਨਹੀਂ ਕਰ ਸਕਦਾ। ਜਦੋਂ ਦਿਮਾਗ ਵਿਚ ਹੰਕਾਰ ਹੋਵੇਗਾ ਤਾਂ ਗਿਆਨ ਇੰਦ੍ਰਿਆਂ ਨੂੰ ਇਸ਼ਾਰੇ ਵੀ ਉਹੋ ਜਿਹੇ ਹੀ ਮਿਲਣਗੇ ਅਜੇਹੀ ਅਵਸਥਾ ਵਿਚ ਬੰਦੇ ਦਾ ਮਨ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੁੰਦਾ। ਸਿੱਧ ਪੱਧਰੀ ਵਿਚਾਰ ਹੈ ਕਿ ਜਦੋਂ ਆਪਣੇ ਗੁਰੂ ਦੀ ਗੱਲ ਸਮਝਣੀ ਹੀ ਨਹੀਂ ਹੈ ਤਾਂ ਉਸ ਨੂੰ ਜੀਵਨ ਜੁਗਤੀ ਨਹੀਂ ਆ ਸਕਦੀ---

**ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥**
**ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥** (1422)

ਸਮਾਜ ਦੇ ਇਕ ਹੋਰ ਪਹਿਲੂ ਦੀ ਵਿਚਾਰ ਕਰਦਿਆਂ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ ਕਿ ਆਪਣੀ ਮਰਜ਼ੀ ਕਰਨ ਵਾਲਾ ਮਨੁੱਖ ਹੰਕਾਰ ਵਿਚ ਰਹਿੰਦਾ ਹੈ। ਅਜੇਹਾ ਹੰਕਾਰੀ ਮਨੁੱਖ ਧਰਮ ਦੇ ਨਾਂ 'ਤੇ ਜਿੰਨੇ ਮਰਜ਼ੀ ਵਰਤ, ਨੇਮ, ਸੰਜਮ, ਜਾਂ ਮੂਰਤੀਆਂ ਦੀ ਪੂਜਾ ਕਰ ਲਏ ਉਸ ਨੂੰ ਜੀਵਨ ਜੁਗਤ ਨਹੀਂ ਆ ਸਕਦੀ ਜਿੰਨ੍ਹਾ ਚਿਰ ਗੁਰੂ ਦੀ ਸਿੱਖਿਆ ਨੂੰ ਆਪਣੇ ਪੱਲੇ ਨਹੀਂ ਬੰਨਦਾ। ਸੱਚਾਈ, ਇਮਾਨਦਾਰੀ, ਸਬਰ-ਸੰਤੋਖ ਵਰਗੇ ਦੈਵੀ ਗੁਣਾਂ ਨੂੰ ਤਾਂ ਸਮਝਿਆ ਨਹੀਂ ਹੈ ਪਰ ਧਾਰਮਿਕ ਰਸਮਾਂ ਜ਼ਰੂਰ ਨਿਭਾਅ ਰਿਹਾ ਹੈ ਅਜੇਹਾ ਮਨੁੱਖ ਉਸ ਹਾਥੀ ਵਰਗਾ ਹੈ ਜਿਹੜਾ ਪਾਣੀ ਨਾਲ ਨਹਾ ਕੇ ਫਿਰ ਸਿਰ ਵਿੱਚ ਸੁਆਹ ਪਾ ਲਏ।

**ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥**
**ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥**
**ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ॥** (1423)

ਜ਼ਿੰਦਗੀ ਦਾ ਮਹੱਤਵਪੂਰਨ ਪਹਿਲੂ ਦਸਦਿਆਂ ਗੁਰਦੇਵ ਪਿਤਾ ਜੀ ਸਮਝਾਉਂਦੇ ਹਨ ਕਿ ਜੇ ਮਨ ਹੰਕਾਰ ਨਾਲ ਭਰਿਆ ਪਿਆ ਹੈ ਤਾਂ ਕੀ ਧਾਰਮਿਕ ਰਸਮਾਂ ਨਿਭਾਅ ਕਿ ਅਸੀਂ ਚੰਗੇ ਹੋਣ ਦਾ ਸਰਟੀਫੀਕੇਟ ਹਾਸਲ ਕਰ ਲਵਾਂਗੇ? ਸਾਡੀ ਮਾਨਸਿਕ ਅਵਸਥਾ ਏਹੋ ਜੇਹੀ ਹੈ ਕਿ ਅਸੀਂ ਧਾਰਮਿਕ ਤੌਰ 'ਤੇ ਜਜ਼ਬਾਤੀ ਬਹੁਤ ਹੋ ਜਾਂਦੇ ਹਾਂ। ਵਿਚਾਰ ਸਮਝਣ ਦੀ ਥਾਂ 'ਤੇ ਵੈਰਾਗ ਵਿਚ ਆ ਕੇ ਰੋਈ ਜਾਂਦੇ ਹਾਂ। ਅਜੇਹੀ ਅਵਸਥਾ ਵਾਲਿਆਂ ਨੂੰ ਗੁਰਦੇਵ ਪਿਤਾ ਜੀ ਸਮਝਾਉਂ

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥**
**ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥**
**ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥**
**ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥**

(450)

ਸਮਾਜ ਦੇ ਇਕ ਹੋਰ ਪਹਿਲੂ ਦੀ ਵਿਚਾਰ ਕਰਦਿਆਂ ਦਾਜ ਸਬੰਧੀ ਕਿਆ ਖੂਬਸੂਰਤ ਵਿਚਾਰ ਦਿੱਤੇ ਹਨ—

**ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥**
**ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥ (79)**

ਨਾਨਕ ਸਾਹਿਬ ਜੀ, ਗੁਰੂ ਅੰਗਦ ਪਾਤਸ਼ਾਹ ਜੀ ਤੇ ਗੁਰੂ ਅਮਰਦਾਸ ਜੀ ਵਲੋਂ ਸਮਾਜ ਪ੍ਰਤੀ ਅਜਿਹੀ ਨਿਯਮਾਂਵਲੀ ਤਿਆਰ ਕਰਾਈ, ਜਿਹੜੀ ਹਰ ਕਰਮਕਾਂਡ ਨੂੰ ਰੱਦ ਕਰਦੀ ਸੀ। ਹਿੰਦੂ ਪੁਰੋਹਿਤਾਂ ਨੇ ਦੇਖਿਆ ਕਿ ਨਾਨਕਈ ਫਲਸਫੇ ਨਾਲ ਸਾਡੀ ਸਦੀਆਂ ਦੀ ਤੁਰੀ ਆ ਰਹੀ ਮਰਿਯਾਦਾ ਰੱਦ ਹੁੰਦੀ ਹੈ। ਇਸ ਲਈ 1566 ਵਿੱਚ ਅਕਬਰ ਕੋਲ ਸ਼ਿਕਾਇਤ ਦਰਜ ਕਰਾਈ। ਅਕਬਰ ਜਦੋਂ ਲਾਹੌਰ ਆਇਆ ਤਾਂ ਗੁਰੂ ਅਮਰਦਾਸ ਜੀ ਨੂੰ ਲਾਹੌਰ ਸੱਦਿਆ ਤਾਂ ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਲਾਹੌਰ ਭੇਜਿਆ। ਭਾਈ ਜੇਠਾ ਜੀ ਵਲੋਂ ਦਿੱਤੇ ਉੱਤਰਾਂ ਨਾਲ ਬਾਦਸ਼ਾਹ ਦੀ ਤਸੱਲੀ ਹੋਈ।

ਭਾਈ ਜੇਠਾ ਜੀ ਦਾ ਵਿਆਹ ਬੀਬੀ ਭਾਨੀ ਜੀ ਨਾਲ 1554 ਈਸਵੀ ਨੂੰ ਹੋਇਆ 1558 ਵਿੱਚ ਪ੍ਰਿਥੀ ਚੰਦ ਦਾ ਜਨਮ, 1560 ਵਿੱਚ ਮਹਾਂਦਵ ਤੇ 1563 ਈ. ਨੂੰ ਗੁਰੂ ਅਰਜਨ ਪਾਤਸ਼ਾਹ ਜੀ ਦਾ ਜਨਮ ਹੋਇਆ। 1542 ਤੋਂ ਲੈ ਕੇ 1574 ਤੱਕ ਗੁਰੂ ਅਮਰਦਾਸ ਜੀ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ।

1552-53 ਵਿੱਚ ਗੋਇੰਦਵਾਲ ਵਸਾਇਆ, 1564 ਈਸਵੀ ਨੂੰ ਤੁੰਗ, ਸੁਲਤਾਨਵਿੰਡ ਤੇ ਗੁਮਟਾਲੀ ਪਿੰਡ ਦੀ ਜ਼ਮੀਨ 700 ਅਕਬਰੀ ਰੁਪਏ ਨਾਲ ਗੁਰੂ ਕਾ ਚੱਕ ਨਗਰ ਦੀ ਨੀਂਹ ਰਖੀ। 1574 ਵਿੱਚ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ ਸਨ ਤਾਂ ਗੁਰਿਆਈ ਗੁਰੂ ਰਾਮਦਾਸ ਜੀ ਨੂੰ ਬਖਸ਼ਿਸ਼ ਹੋਈ। ਸਰੋਵਰ ਦੀ ਪੁਟਾਈ (ਖੁਦਾਈ) ਸ਼ੁਰੂ ਹੋਈ, ਜਿਹੜੀ 1577 ਵਿੱਚ ਹਰ ਪਾਸੇ ਤੋਂ ਸ਼ਹਿਰ ਨੂੰ ਮੁਕੰਮਲ ਕਰਦਿਆਂ ਗੁਰੂ ਸਾਹਿਬ ਜੀ ਨੇ ਖੂਹ, ਸਰਾਵਾਂ ਤੇ ਸਮਾਨ ਖਰੀਦਣ ਵਾਸਤੇ ਦੁਕਾਨਾਂ ਤੇ ਹਰ ਹੁਨਰ ਦੇ ਕਾਰੀਗਰ ਇਸ ਨਗਰ ਵਿੱਚ ਵਸਾਏ ਸਨ। 52 ਕਿਸਮ ਦੇ ਕਿਰਤੀਆਂ ਨੂੰ ਗੁਰੂ ਕੇ ਚੱਕ ਵਿਖੇ ਗੁਰੂ ਸਾਹਿਬ ਜੀ ਨੇ ਵਸਾਇਆ। ਅੰਤਰਰਾਸ਼ਟਰੀ ਪੱਧਰ ਦੀ ਮੰਡੀ ਸਥਾਪਿਤ ਕੀਤੀ। ਗੁਰੂ ਸਾਹਿਬ ਜੀ ਦਾ ਵਿਚਾਰ ਸੀ ਕਿ ਕੌਮ ਨੂੰ ਪੈਰਾਂ ਸਿਰ ਕਰਨ ਲਈ ਵਪਾਰ ਵਿੱਚ ਵੱਧ ਤੋਂ ਵੱਧ ਅੱਗੇ ਆਉਣਾ ਚਾਹੀਦਾ ਹੈ।

ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿੱਚ ਬਾਣੀ ਉਚਾਰੀ। ਇਸ ਦਾ ਵੇਰਵਾ ਇਸ ਤਰ੍ਹਾਂ ਹੈ—ਸ਼ਬਦ 246, ਅਸਟਪਦੀਆਂ 33, ਛੰਤ 28, 22 ਵਾਰਾਂ ਵਿਚੋਂ 8 ਵਾਰਾਂ ਗੁਰੂ ਰਾਮਦਾਸ ਜੀ ਦੀਆਂ ਹਨ। ਗੁਰੂ ਰਾਮਦਾਸ ਜੀ ਨੇ ਕੁਝ ਬਾਣੀਆਂ ਦਾ ਵੱਖਰਾ ਵੇਰਵਾ ਹੈ ਜਿਸ ਤਰ੍ਹਾਂ—ਸਿਰੀ ਰਾਗ ਵਿੱਚ ਪਹਿਰੇ-1 ਸ਼ਬਦ, ਵਣਜਾਰਾ 1 ਸ਼ਬਦ, ਗਉੜੀ ਰਾਗ ਵਿੱਚ ਕਰਹਲੇ 2 ਸ਼ਬਦ, ਵਡਹੰਸ ਰਾਗ ਵਿੱਚ ਘੋੜੀਆਂ ਦੋ ਸ਼ਬਦ, ਮਾਰੂ ਰਾਗ ਵਿੱਚ ਸੋਲਹੇ 2 ਸ਼ਬਦ, ਵਾਰਾਂ ਵਿੱਚ 183 ਪਉੜੀਆਂ ਤੇ 135 ਸਲੋਕ ਹਨ।

**ਬ੍ਰਾਹਮਣੀ ਵਿਚਾਰਧਾਰਾ ਤੇ ਕਰਾਰੀ ਚੋਟ-**

ਹਿੰਦੂ ਘਰਾਣਿਆਂ ਵਿੱਚ ਬੱਚੇ ਦੇ ਜਨਮ ਸਮੇਂ, ਜਨੇਊ ਪਾਉਣ ਸਮੇਂ, ਵਿਆਹ ਤੇ ਮ੍ਰਿਤਕ ਰਸਮਾਂ ਨਿਭਾਉਣ ਲਈ ਬ੍ਰਾਹਮਣ ਨੂੰ ਸੱਦਿਆ ਜਾਂਦਾ ਸੀ।

ਭਾਵੇਂ ਇਹ ਸਾਰੀਆਂ ਰਸਮਾਂ ਗੁਰੂ ਨਾਨਕ ਸਾਹਿਬ ਜੀ ਨੇ ਹੀ ਖਤਮ ਕਰ ਦਿੱਤੀਆਂ ਸਨ, ਪਰ ਗੁਰੂ ਰਾਮਦਾਸ ਜੀ ਨੇ ਨਾਨਕਈ ਫਲਸਫੇ ਨੂੰ ਹੋਰ ਪੱਕਿਆਂ ਕੀਤਾ।

ਜੇ ਬੱਚੇ ਦਾ ਜਨਮ ਹੁੰਦਾ ਸੀ ਤਾਂ ਸਮਝਿਆ ਜਾਂਦਾ ਸੀ 13 ਦਿਨਾਂ ਬਾਅਦ ਬ੍ਰਾਹਮਣ ਨੂੰ ਭੋਜਨ ਛਕਾਇਆ ਜਾਏ ਫਿਰ ਇਸਤ੍ਰੀ ਚੌਂਕੇ ਵਿੱਚ ਜਾ ਸਕਦੀ ਸੀ।

ਦੂਜਾ ਜਨੇਊ ਪਾਉਣ ਸਮੇਂ ਬ੍ਰਾਹਮਣ ਨੂੰ ਘਰ ਜ਼ਰੂਰ ਸੱਦਿਆ ਜਾਂਦਾ ਸੀ। ਤੀਜਾ ਵਿਆਹ ਦੀਆਂ ਰਸਮਾਂ ਪੂਰੀਆਂ ਕਰਨ ਲਈ ਬ੍ਰਾਹਮਣ ਆਉਂਦਾ ਸੀ। ਚੌਥਾ ਜਦੋਂ ਪ੍ਰਾਣੀ ਚੜ੍ਹਾਈ ਕਰ ਜਾਂਦਾ ਸੀ ਤਾਂ ਓਦੋਂ ਬ੍ਰਾਹਮਣ ਆਣ ਕੇ ਸਵਰਗ ਦੀਆਂ ਟਿਕਟਾਂ ਦਿੰਦਾ ਸੀ।

ਜੇ ਕੋਈ ਹਿੰਦੂ ਇਨ੍ਹਾਂ ਵਿਚੋਂ ਕਿਸੇ ਮਰਿਯਾਦਾ ਦੀ ਉਲੰਘਣਾ ਕਰ ਬੈਠੇ, ਤਾਂ ਉਸ ਨੂੰ ਤੁਰੰਤ ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਸੀ, ਬਰਾਦਰੀ ਨਾਲੋਂ ਨਿਖੇੜ ਦਿੱਤਾ ਜਾਂਦਾ ਹੈ, ਉਸ ਨਾਲ ਖਾਣ ਪੀਣ ਦੀ ਵਰਤੋਂ ਬੰਦ ਕਰ ਦਿੱਤੀ ਜਾਂਦੀ ਸੀ, ਮਰਨੇ ਪਰਨੇ ਤੇ ਕੋਈ ਹਿੰਦੂ ਭਰਾ ਉਸ ਨਾਲ ਭਾਈਚਾਰਕ ਸਾਂਝ ਨਹੀਂ ਰੱਖ ਸਕਦਾ ਸੀ। ਇਨ੍ਹਾਂ ਬੰਦਸ਼ਾਂ ਦੇ ਆਸਰੇ ਹਿੰਦੂ-ਕੌਮ ਦੇ ਸਿਰੋਂ ਬ੍ਰਾਹਮਣ ਦੀ ਬੇ-ਫਿਕਰ ਰੋਜ਼ੀ ਬਣੀ ਰਹਿੰਦੀ ਸੀ।

ਨਾਨਕਈ ਫਲਸਫੇ ਨੇ ਹੌਲੀ ਹੌਲੀ ਸਿੱਖ ਜਨਤਾ ਨੂੰ ਬ੍ਰਾਹਮਣੀ ਜੂਲੇ ਹੇਠੋਂ ਕੱਢ ਦਿੱਤਾ ਤੇ ਸਿੱਖ ਧਰਮ ਹਿੰਦੂ ਰਹੁਰੀਤਾਂ ਨਾਲੋਂ ਵੱਖਰਾ ਹੋ ਗਿਆ।

**ਕੁਝ ਸਾਖੀਆਂ ਦੀ ਪੜਚੋਲ-**

1. ਕੁਝ ਕੁ ਇਤਿਹਾਸਕਾਰਾਂ ਨੇ ਸਿੱਖ ਫਲਸਫੇ ਨੂੰ ਸਮਝਣ ਦੀ ਥਾਂ 'ਤੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਅਜਿਹੀਆਂ ਸਾਖੀਆਂ ਜੋੜ ਦਿੱਤੀਆਂ ਗਈਆਂ ਹਨ ਜੋ ਸਿਧਾਂਤਿਕ ਨਹੀਂ ਹਨ। ਜਿਸ ਤਰ੍ਹਾਂ ਗੁਰੂ ਅਮਰਦਾਸ ਜੀ ਪਾਸੋਂ ਬੀਬੀ ਭਾਨੀ ਨੇ ਵਰ ਮੰਗ ਲਿਆ ਕਿ ਗੁਰਿਆਈ ਆਪਣੇ ਘਰ ਹੀ ਰਹੇ ਇਹ ਵਿਚਾਰ ਸਿੱਖ ਅਸੂਲਾਂ ਦੇ ਉਲਟ ਹੈ। ਗੁਰਿਆਈ ਤਾਂ ਉਸ ਨੂੰ ਬਖਸ਼ਿਸ਼ ਹੋਈ ਹੈ ਜਿਸ ਨੂੰ ਸਿੱਖ ਫਲਸਫੇ ਦੀ ਸੂਝ, ਸੇਵਾ ਭਾਵਨਾ, ਜੱਥੇਬੰਦਕ ਖੂਬੀਆਂ, ਅਗਵਾਈ ਦੀ ਕਾਬਲੀਅਤ ਤੇ ਦ੍ਰਿੜ ਇਰਾਦੇ ਦੀ ਮਜ਼ਬੂਤੀ ਰੱਖਦਾ ਸੀ।

2. ਦਰਬਾਰ ਸਾਹਿਬ ਦੇ ਸਰੋਵਰ ਨਾਲ ਕਹਾਣੀ ਜੋੜੀ ਹੋਈ ਹੈ ਕਿ ਏਥੇ ਇੱਕ ਛੱਪੜੀ ਸੀ ਜਿਸ ਵਿਚੋਂ ਕਾਂ ਨਹਾ ਕੇ ਹੰਸ ਬਣ ਜਾਂਦੇ ਸਨ ਤਾਂ ਰਜਨੀ ਦਾ ਪਤੀ ਕੋੜ੍ਹੀ ਸੀ ਉਸ ਨੇ ਰਿੜ੍ਹ ਕੇ ਇਸ਼ਨਾਨ ਕੀਤਾ ਉਸ ਦਾ ਕੋੜ੍ਹ ਦੂਰ ਹੋ ਗਿਆ। ਜਦੋਂ ਗੁਰੂ ਰਾਮਦਾਸ ਜੀ ਨੂ ਪਤਾ ਲੱਗਿਆ ਤਾਂ ਉਨ੍ਹਾਂ ਨੇ ਇਥੇ ਸਰੋਵਰ ਬਣਾ ਦਿੱਤਾ ਜਦ ਕਿ ਇਸ ਸਰੋਵਰ ਦੀ ਆਪਣੀ ਮਹਾਨਤਾ ਹੈ ਕਿ ਇਸ ਨੂੰ ਗੁਰੂ ਰਾਮਦਾਸ ਜੀ ਨੇ ਮਨੁੱਖੀ ਲੋੜਾਂ ਨੂੰ ਮੁੱਖ ਰੱਖ ਕੇ ਬਣਾਇਆ।

3. ਇੱਕ ਹੋਰ ਵਹਿਮ ਖੜਾ ਕੀਤਾ ਹੋਇਆ ਕਿ ਸੰਤੋਖਸਰ ਦੀ ਜਦੋਂ ਪੁਟਾਈ ਕੀਤੀ ਤਾਂ ਹੇਠੋਂ ਇੱਕ ਜੋਗੀ ਨਿਕਲਿਆ ਜੋ ਸਮਾਧੀ ਵਿੱਚ ਲੀਨ ਸੀ। ਅਜਿਹੀ ਗੈਰ ਕੁਦਰਤੀ ਗੱਲ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜੀ ਗਈ ਜੋ ਸਿੱਖ ਸਿਧਾਂਤ ਦੇ ਨੇੜੇ ਤੇੜੇ ਵੀ ਨਹੀਂ ਹੈ।

4. ਇਤਿਹਾਸ ਦੇ ਪੰਨਿਆਂ ਤੇ ਇੱਕ ਹੋਰ ਦੰਦ ਕਥਾ ਤੁਰੀ ਆਉਂਦੀ ਹੈ ਕੀ ਬਾਬਾ ਸ੍ਰੀ ਚੰਦ ਨੇ ਗੁਰੂ ਰਾਮਦਾਸ ਜੀ ਦੀ ਸੁੰਦਰ ਦਾੜ੍ਹੀ ਦੇਖ ਕੇ ਕੁਝ ਕਿਹਾ ਤਾਂ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਇਹ ਦਾੜ੍ਹੀ ਆਪ ਜੀ ਦੇ ਚਰਨ ਝਾੜਨ ਲਈ ਹੈ ਜੋ ਕਿ ਗਲਤ ਇਤਿਹਾਸ ਦੀ ਪੇਸ਼ਕਾਰੀ ਹੈ।

ਗੁਰੂ ਰਾਮਦਾਸ ਜੀ ਨੇ ਸੱਤ ਸਾਲ ਗੁਰਗੱਦੀ ਦੀ ਸੇਵਾ ਕੀਤੀ। ਇੰਨੇ ਥੋੜੇ ਸਮੇਂ ਵਿੱਚ ਆਪ ਜੀ ਨੇ ਐਨੇ ਮਹਾਨ ਕਾਰਨਾਮੇ ਕੀਤੇ, ਜਿਸ ਨੂੰ ਦੇਖ ਸੁਣ ਕੇ ਆਮ ਆਦਮੀ ਦੰਗ ਰਹਿ ਜਾਂਦਾ ਹੈ। ਗੁਰੂ ਰਾਮਦਾਸ ਜੀ ਇਸ ਦੁਨੀਆਂ ਵਿੱਚ 47 ਕੁ ਸਾਲ ਰਹੇ। 39 ਸਾਲ ਪੰਥ ਦੇ ਲੇਖੇ ਲਾਏ 1581 ਈ. ਨੂੰ ਜੋਤੀ ਜੋਤ ਸਮਾਏ।

**ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ॥**
**ਬਿਦ੍ਯਮਾਨ ਗੁਰਿ ਆਪਿ ਥਪ੍ਯਉ**
**ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ॥ (1404)** -0-

# ਸਵਾਲ-ਜਵਾਬ

**ਪ੍ਰਸ਼ਨ 106. ਗੁਰੂ ਤੇਗ ਬਹਾਦਰ ਜੀ ਦੀ ਤੀਜੀ ਗ੍ਰਿਫਤਾਰੀ ਕਦੋਂ ਹੋਈ ਸੀ?**

ਉੱਤਰ :-11 ਜੁਲਾਈ 1675

**ਪ੍ਰਸ਼ਨ 107. ਗੁਰੂ ਤੇਗ ਬਹਾਦਰ ਜੀ ਦੀ ਤੀਜੀ ਗ੍ਰਿਫਤਾਰੀ ਕਿੱਥੋਂ ਹੋਈ?**

ਉੱਤਰ :- ਮਲਕਪੁਰ ਰੰਘੜਾਂ (ਜਿਲ੍ਹਾ ਰੋਪੜ)।

**ਪ੍ਰਸ਼ਨ 108. ਫਿਰ ਗੁਰੂ ਤੇਗ ਬਹਾਦਰ ਜੀ ਨੂੰ ਕਿਥੇ ਰੱਖਿਆ?**

ਉੱਤਰ :- ਥੋੜ੍ਹਾ ਸਮਾਂ ਪੰਜਾਬ ਵਿੱਚ ਹੀ ਕੈਦ ਰੱਖਕੇ ਫਿਰ ਦਿਲੀ ਲੈ ਗਏ।

**ਪ੍ਰਸ਼ਨ 109. ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਕਿਥੇ ਤੇ ਕਿਵੇਂ ਰੱਖਿਆ?**

ਉੱਤਰ :- ਸਤਿਗੁਰੂ ਜੀ ਨੂੰ ਚਾਂਦਨੀ ਚੌਂਕ ਕੋਤਵਾਲੀ ਵਿੱਚ ਤੰਗ ਪਿੰਜਰੇ ਵਿੱਚ ਕੈਦ ਕੀਤਾ।

**ਪ੍ਰਸ਼ਨ 110. ਕੀ ਗੁਰੂ ਤੇਗ ਬਹਾਦਰ ਜੀ ਇਕੱਲੇ ਕੈਦ ਹੋਏ ਸਨ?**

ਉੱਤਰ :- ਨਹੀਂ, ਗੁਰੂ ਜੀ ਨਾਲ ਤਿੰਨ ਸਿੱਖ ਵੀ ਗ੍ਰਿਫਤਾਰ ਹੋਏ ਸਨ।

**ਪ੍ਰਸ਼ਨ 111. ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਕਿਹੜੀਆਂ ਤਿੰਨ ਸ਼ਰਤਾਂ ਰੱਖੀਆਂ ਗਈਆਂ?**

ਉੱਤਰ:-1.ਇਸਲਾਮ ਕਬੂਲ ਕਰੋ । 2.ਕਰਾਮਾਤ ਦਿਖਾਉ । 3.ਮੌਤ ਵਾਸਤੇ ਤਿਆਰ ਰਹੋ।

**ਪ੍ਰਸ਼ਨ 112. ਕਰਾਮਾਤ ਦਿਖਾਉਣ ਸੰਬੰਧੀ ਗੁਰੂ ਤੇਗ ਬਹਾਦਰ ਜੀ ਨੇ ਕਾਜੀਆਂ ਨੂੰ ਕੀ ਉੱਤਰ ਦਿੱਤਾ?**

ਉੱਤਰ:-ਸਿੱਖੀ ਵਿੱਚ ਕਰਾਮਾਤ ਦਾ ਕੋਈ ਦਾ ਸਥਾਨ ਨਹੀਂ ਹੈ, ਇਹ ਕੇਵਲ ਭਰਮ ਅਤੇ ਆਪਣੀ ਹਉਮੈ ਦਾ ਪ੍ਰਗਟਾਵਾ ਹੈ।

**ਪ੍ਰਸ਼ਨ 113. ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦਾ ਫਤਵਾ ਦੇਣ ਵਾਲੇ ਕਾਜ਼ੀ ਦਾ ਕੀ ਨਾਂ ਸੀ?**

ਉੱਤਰ :-ਕਾਜੀ ਅਬਦੁਲ ਵਹਾਬ ਵਹੁਰਾ।

**ਪ੍ਰਸ਼ਨ 114. ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਣ ਵਾਲੇ ਕਿਹੜੇ ਸਿੱਖ ਸਨ?**

ਉੱਤਰ :- ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ।

**ਪ੍ਰਸ਼ਨ 115. ਭਾਈ ਮਤੀਦਾਸ ਜੀ ਦੇ ਪਿਤਾ ਦਾ ਕੀ ਨਾਮ ਸੀ?**

ਉੱਤਰ :-ਭਾਈ ਹੀਰਾ ਮੱਲ ਜੀ।

**ਪ੍ਰਸ਼ਨ 116. ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਦਾ ਆਪਸ ਵਿੱਚ ਕੀ ਰਿਸ਼ਤਾ ਸੀ?**

ਉੱਤਰ :- ਭਰਾ ਦਾ।

**ਪ੍ਰਸ਼ਨ 117.ਭਾਈ ਸਤੀ ਦਾਸ ਜੀ ਦਾ ਜਨਮ ਕਿੱਥੇ ਹੋਇਆ?**

ਉੱਤਰ :-ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਕਿਸਤਾਨ)

**ਪ੍ਰਸ਼ਨ 118. ਭਾਈ ਸਤੀਦਾਸ ਜੀ ਗੁਰਮੁਖੀ ਦੇ ਨਾਲ ਨਾਲ ਕਿਸ ਵਿਸ਼ੇਸ਼ ਬੋਲੀ ਦੇ ਵਿਦਵਾਨ ਸਨ?**

ਉੱਤਰ :-ਫਾਰਸੀ ਬੋਲੀ ਦੇ।

**ਪ੍ਰਸ਼ਨ 119.ਭਾਈ ਪਰਾਗਾ ਜੀ ਭਾਈ ਮਤੀ ਦਾਸ ਜੀ ਦੇ ਰਿਸਤੇ ਵਿੱਚ ਕੀ ਲੱਗਦੇ ਸਨ।**

ਉੱਤਰ :-ਦਾਦਾ ਜੀ, ਭਾਈ ਪਰਾਗਾ ਜੀ ਛੇਵੇਂ ਗੁਰੂ ਜੀ ਦੇ ਸਿੱਖ ਸਨ।

**ਪ੍ਰਸ਼ਨ 120. ਭਾਈ ਦਿਆਲਾ ਜੀ ਦੇ ਪਿਤਾ ਦਾ ਕੀ ਨਾਂ ਸੀ?**

ਉੱਤਰ :- ਮਾਈ ਦਾਸ ਜੀ।

**ਪ੍ਰਸ਼ਨ 121.ਭਾਈ ਦਿਆਲਾ ਜੀ ਭਾਈ ਮਨੀ ਸਿੰਘ ਜੀ ਦੇ ਕੀ ਲੱਗਦੇ ਸਨ?**

ਉੱਤਰ :- ਭਰਾ।

**ਪ੍ਰਸ਼ਨ 122. ਭਾਈ ਮਨੀ ਸਿੰਘ ਜੀ ਦਾ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਕੀ ਰਿਸ਼ਤਾ ਸੀ?**

ਉੱਤਰ :- ਭਾਈ ਲੱਖੀ ਸ਼ਾਹ ਭਾਈ ਮਨੀ ਸਿੰਘ ਜੀ ਦੇ ਸਹੁਰਾ ਸੀ।

**ਪ੍ਰਸ਼ਨ 123. ਬਾਬਾ ਲੱਖੀ ਸ਼ਾਹ ਵਣਜਾਰਾ ਕਿਥੋਂ ਦਾ ਰਹਿਣ ਵਾਲਾ ਸੀ।**

ਉੱਤਰ :-ਪਿੰਡ ਰਾਇ ਸੀਨਾ, ਦਿੱਲੀ ( ਜਿਥੇ ਅੱਜ ਭਾਰਤ ਦਾ ਪਾਰਲੀਮੈਂਟ ਅਤੇ ਰਾਸ਼ਟਰਪਤੀ ਭਵਨ ਹੈ)।

**ਪ੍ਰਸ਼ਨ 124. ਭਾਈ ਸਤੀ ਦਾਸ ਦੀ ਸ਼ਹੀਦੀ ਕਿਵੇਂ ਹੋਈ?**

ਉੱਤਰ :-ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਅੱਗ ਲਾ ਕੇ ਸਾੜਿਆ।

**ਪ੍ਰਸ਼ਨ 125.ਭਾਈ ਸਤੀ ਦਾਸ ਜੀ ਦੀ ਸ਼ਹੀਦੀ ਕਿੱਥੇ ਹੋਈ?**

ਉੱਤਰ :-ਚਾਂਦਨੀ ਚੌਂਕ, ਦਿੱਲੀ।

**ਪ੍ਰਸ਼ਨ 126.ਭਾਈ ਮਤੀ ਦਾਸ ਜੀ ਦੀ ਸ਼ਹੀਦੀ ਕਿਵੇਂ ਹੋਈ?**

ਉੱਤਰ :- ਆਰੇ ਨਾਲ ਸਰੀਰ ਚੀਰ ਕੇ।

**ਪ੍ਰਸ਼ਨ 127.ਭਾਈ ਮਤੀ ਦਾਸ ਜੀ ਦੀ ਸ਼ਹੀਦੀ ਕਿੱਥੇ ਹੋਈ?**

ਉੱਤਰ :-ਚਾਂਦਨੀ ਚੌਂਕ,ਦਿੱਲੀ।

**ਪ੍ਰਸ਼ਨ 128.ਭਾਈ ਦਿਆਲਾ ਜੀ ਦੀ ਸ਼ਹੀਦੀ ਕਿਵੇਂ ਹੋਈ?**

ਉੱਤਰ :- ਪਾਣੀ ਨਾਲ ਭਰੀ ਦੇਗ ਵਿੱਚ ਉਬਾਲ ਕੇ।

**ਪ੍ਰਸ਼ਨ 129.ਭਾਈ ਦਿਆਲਾ ਜੀ ਦੀ ਸ਼ਹੀਦੀ ਕਿੱਥੇ ਹੋਈ?**

ਉੱਤਰ :-ਚਾਂਦਨੀ ਚੌਂਕ, ਦਿੱਲੀ।

**ਪ੍ਰਸ਼ਨ 130. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਿੱਥੇ ਹੋਈ?**

ਉੱਤਰ :-ਚਾਂਦਨੀ ਚੌਂਕ ਦਿੱਲੀ ਵਿਖੇ।

**ਪ੍ਰਸ਼ਨ 131. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਦੋਂ ਹੋਈ?**

ਉੱਤਰ :-11 ਨਵੰਬਰ 1675 ਈ: ਨੂੰ।

**ਪ੍ਰਸ਼ਨ 132. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਿਵੇਂ ਹੋਈ?**

ਉਤਰ :-ਸੀਸ ਧੜ ਤੋਂ ਅਲੱਗ ਕਰਕੇ।

**ਪ੍ਰਸ਼ਨ 133. ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਕੌਣ ਸੀ?**

ਉੱਤਰ :- ਜਲਾਦ ਜਲਾਲੂਦੀਨ।

**ਪ੍ਰਸ਼ਨ 134. ਜਲਾਲੂਦੀਨ ਕਿੱਥੋਂ ਦਾ ਰਹਿਣ ਵਾਲਾ ਸੀ?**

ਉੱਤਰ :-ਸਮਾਣੇ ਦਾ (ਜਿਲ੍ਹਾ ਪਟਿਆਲਾ)।

**ਪ੍ਰਸ਼ਨ 135. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੇਲੇ ਸਰਕਾਰ ਦਾ ਕੋਈ ਖਾਸ ਐਲਾਨ ਸੀ?**

ਉੱਤਰ :- ਗੁਰੂ ਜੀ ਦਾ ਧੜ ਅਤੇ ਸੀਸ ਚੁੱਕਣ ਤੇ ਪਾਬੰਦੀ ਸੀ, ਸਿਪਾਹੀਆਂ ਦਾ ਖਾਸ ਪਹਿਰਾ ਸੀ।

**ਪ੍ਰਸ਼ਨ 136. ਕੁਝ ਮੁਖੀ ਸਿੱਖਾਂ ਦੀ ਇਸ ਹਲਾਤ ਤੇ ਚਰਚਾ ਕਿਥੇ ਹੋਈ?**

ਉੱਤਰ:- ਭਾਈ ਕਲਿਆਣੇ ਦੀ ਧਰਮਸਾਲਾ ਵਿੱਚ ਅਤੇ ਫਿਰ ਭਾਈ ਲੱਖੀ ਸ਼ਾਹ ਦੇ ਘਰ।

**ਪ੍ਰਸ਼ਨ 137. ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਸੰਭਾਲਣ ਵੇਲੇ ਕਿਹੜੇ ਸਿੱਖ ਸੀ?**

ਉੱਤਰ :-ਭਾਈ ਊਦਾ ਜੀ, ਭਾਈ ਨਾਨੂ ਜੀ, ਭਾਈ ਆਗਿਆ ਰਾਮ ਜੀ, ਭਾਈ ਜੈਤਾ ਜੀ।




## ਸੁਖੁ ਦੁਖੁ ਜਿਹ ਪਰਸੈ ਨਹੀ...

### ਸਲੋਕ ੧੩
### ਰੱਬ ਵਰਗਾ ਬਣਨਾ ਹੈ

**ਭੂਮਿਕਾ—** ਸਮਝਿਆ ਜਾਂਦਾ ਹੈ ਕਿ ਸ਼ਾਇਦ ਆ ਬੂਬਨੇ ਬਾਬਿਆਂ ਸਾਧਾਂ ਸੰਤਾਂ ਨੇ ਰੱਬ ਨੂੰ ਲੱਭ ਲਿਆ ਹੈ ਜਾਂ ਇਹ ਰੱਬ ਦੇ ਬਹੁਤ ਨੇੜੇ ਹਨ। ਇਹ ਬਹੁਤ ਵੱਡਾ ਵਹਿਮ ਹੈ ਕਿ ਸ਼ਾਇਦ ਜ਼ਿਆਦਾ ਚੌਂਕੜੀਆਂ ਮਾਰ ਕੇ ਬੰਦਗੀ ਕਰਨ ਵਾਲਿਆਂ ਨੂੰ ਰੱਬ ਮਿਲ ਗਿਆ ਹੋਵੇਗਾ? ਇਹ ਹਰੇਕ ਮਨੁੱਖ ਦੀ ਜ਼ਿੰਦਗੀ ਜਿਉਣ ਦੀ ਆਪੋ ਆਪਣੀ ਸ਼ੈਲ਼ੀ ਹੈ।

2025 ਜਨਵਰੀ-ਫਰਵਰੀ ਵਿੱਚ ਕੁੰਭ ਦਾ ਮੇਲਾ ਲੱਗਿਆ ਹੋਇਆ ਸੀ। ਤਰ੍ਹਾਂ ਤਰ੍ਹਾਂ ਦੇ ਸਾਧ ਦੇਖਣ ਨੂੰ ਮਿਲੇ। ਟੀ ਵੀ ਤੇ ਸਭ ਤੋਂ ਵੱਧ ਵਾਰੀ ਨਾਂਗੇ, ਸਵਾਹ ਮਲ਼ੇ, ਜਟਾਂ ਵਾਲੇ, ਗਲ਼ਾਂ ਵਿੱਚ ਮਨੁੱਖੀ ਖੋਪਰੀਆਂ ਪਾਈਆਂ ਤੇ ਕਈ ਸੱਪ ਚੁੱਕੀ ਫਿਰਦੇ ਦੇਖੇ ਗਏ। ਰੰਗ ਬਰੰਗੇ ਭੇਖ ਧਾਰਨ ਕੀਤੇ, ਮਿਹਨਤ ਤੋਂ ਭੱਜੇ ਹੋਏ ਵਿਹਲੜਾਂ ਦੇ ਟੋਲੇ ਵੀ ਦੇਖੇ ਗਏ ।ਬਹੁਤੀ ਦੁਨੀਆਂ ਏਸੇ ਚੱਕਰ ਵਿੱਚ ਫਸੀ ਹੋਈ ਹੈ ਕਿ ਰੱਬ ਨੂੰ ਅਸੀਂ ਮਿਲਣਾ ਹੈ। ਕਈ ਰੱਬ ਨੂੰ ਸਾਹਮਣੇ ਬੈਠਾ ਦੇਖਣਾ ਚਾਹੁੰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ, ਕਿ ਬੰਦਿਆ! ਰੱਬ ਲੱਭਣ ਦੀ ਜ਼ਰੂਰਤ ਨਹੀਂ, ਸਗੋਂ ਦੁਨੀਆਂ ਦੇ ਕਾਰ ਵਿਹਾਰ ਕਰਦਿਆਂ ਹੀ ਰੱਬ ਦਾ ਰੂਪ ਬਣ ਸਕਦੇ ਹਾਂ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਦੁਨਿਆਵੀ ਪਦਾਰਥਾਂ ਵਿਚੋਂ, ਸਰੀਰਕ ਸੁੱਖ ਮਿਲਦੇ ਹਨ। ਸਰੀਰਕ ਸੁੱਖਾਂ ਲਈ ਮਨੁੱਖ ਕਈ ਪ੍ਰਕਾਰ ਦੇ ਪਾਪੜ ਵੇਲਦਾ ਹੈ। ਦੁਨਿਆਵੀ ਸੁੱਖਾਂ ਦਾ ਦਿਖਾਵਾ, ਸਦੀਆਂ ਤੱਕ ਗ਼ੁਲਾਮੀ ਵਿਚੋਂ ਬਾਹਰ ਨਹੀਂ ਨਿਕਲਣ ਦਿੰਦਾ। ਸੁੱਖ ਦੁੱਖ ਨਾ ਆਉਣ, ਇਸ ਲਈ ਲੋਭ, ਮੋਹ ਨੂੰ ਆਪਣਾ ਸਾਥੀ ਚੁਣ ਲੈਂਦਾ ਹੈ। ਅਸਮਾਨ ਵਿੱਚ ਤਾਰੀਆਂ ਲਉਣ ਵਾਲੇ ਪੰਛੀ ਜਦੋਂ ਪਿੰਜਰੇ ਵਿੱਚ ਬੰਦ ਹੋ ਜਾਂਦੇ ਹਨ ਤਾਂ ਉਨ੍ਹਾ ਨੂੰ ਖ਼ੁਰਾਕ ਪਿੰਜਰੇ ਵਿੱਚ ਮਿਲਦੀ ਹੈ ਉਹ ਆਪਣੇ ਸਾਥੀਆਂ ਦੀ ਸੰਗਤ ਤੇ ਅਸਮਾਨ ਵਿੱਚ ਖੁਲ੍ਹੀਆਂ ਤਾਰੀਆਂ ਲਉਣੀਆਂ ਭੁੱਲ ਜਾਂਦਾ ਹੈ। ਸੁੱਖ, ਦੁੱਖ, ਲੋਭ, ਮੋਹ ਤੇ ਹੰਕਾਰ ਦੀਆਂ ਹਕੀਕਤਾਂ ਨੂੰ ਸਮਝਣ ਲਈ ਇਸ ਸਲੋਕ ਦੀ ਵਿਚਾਰ ਕਰਦੇ ਹਾਂ।

**ਸਲੋਕ—**

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥*

*ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥*

**ਪਦ ਅਰਥ—** ਜਿਹ-ਜਿਸ ਦੇ ਮਨ ਨੂੰ। ਪਰਸੈ-ਛੁੰਹਦਾ। ਅਭਿਮਾਨੁ-ਅਹੰਕਾਰ। ਸੋ-ਉਹ ਮਨੁੱਖ। ਮੂਰਤਿ ਭਗਵਾਨ-ਭਗਵਾਨ ਦਾ ਸਰੂਪ।੧੩

**ਅੱਖਰੀ ਅਰਥ—** ਜਿਸ ਮਨੁੱਖ ਦੇ ਹਿਰਦੇ ਨੂੰ ਦੁਖ ਸੁਖ ਨਹੀਂ ਪੋਹ ਸਕਦਾ, ਲੋਭ ਮੋਹ ਅੰਹਕਾਰ ਨਹੀਂ ਪੋਹ ਸਕਦਾ ਭਾਵ, ਜਿਹੜਾ ਮਨੁੱਖ ਸੁਖੁਦੁਖੁ ਵੇਲੇ ਆਤਮਕ ਜੀਵਨ ਵਲੋਂ ਨਹੀਂ ਡੋਲਦਾ, ਜਿਸ ਉੱਤੇ ਲੋਭ ਮੋਹ ਅੰਹਕਾਰ ਆਪਣਾ ਜ਼ੋਰ ਨਹੀਂ ਪਾ ਸਕਦਾ।

ਹੇ ਨਾਨਕ ਆਖ! ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ—ਹੇ ਮਨ! ਸੁਣ, ਉਹ ਮਨੁੱਖ ਸਖਿਆਤ ਪਰਮਾਤਮਾ ਦਾ ਰੂਪ ਹੈ।੧੩॥

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਨਾਨਕਈ ਫਲਸਫੇ ਨੂੰ ਇਕ ਸਤਰ ਵਿੱਚ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਨੇ ਸਚਿਆਰ ਮਨੁੱਖ ਬਣਨਾ ਹੈ। ਦੂਸਰਾ ਸਚਿਆਰ ਬਣਿਆ ਕਿਦਾਂ ਜਾ ਸਕਦਾ ਹੈ ਤਾਂ ਉੱਤਰ ਮਿਲਦਾ ਹੈ ਸਾਡੇ ਅਤੇ ਰੱਬ ਜੀ ਦਰਮਿਆਨ, ਇੱਕ ਕੂੜ ਦੀ ਦੀਵਾਰ ਹੈ ਜੇ ਇਸ ਦੀਵਾਰ ਨੂੰ ਤੋੜ ਲਿਆ ਜਾਏ, ਤਾਂ ਅਸੀਂ ਜਿਉਂਦੇ ਜੀ ਰੱਬ ਵਿੱਚ ਮਿਲ ਸਕਦੇ ਹਾਂ। ਨਾਨਕਈ ਫਲਸਫੇ ਤੋਂ ਪਹਿਲਾਂ ਤੇ ਅੱਜ ਵੀ ਰੱਬ ਨੂੰ ਲੱਭਣ ਲਈ ਤਰ੍ਹਾਂ ਤਰ੍ਹਾਂ ਦੇ ਅਭਿਆਸ ਕੀਤੇ ਜਾ ਰਹੇ ਹਨ। ਗੁਰਦੁਆਰਿਆਂ ਵਿੱਚ ਵੀ ਵੱਖ ਵੱਖ ਕਿਸਮ ਦੇ ਅਭਿਆਸ ਪ੍ਰਚੱਲਤ ਹੋ ਗਏ ਹਨ। ਕਈ ਥਾਂਈਂ ਗੁਰਬਾਣੀ ਕਥਾ ਕੀਰਤਨ ਨੂੰ ਛੱਡ ਕੇ ਨਾਮ ਸਿਮਰਨ ਦਾ ਅਭਿਆਸ ਕਰਾਉਣ ਲੱਗੇ ਹੋਏ ਹਨ। ਕੋਈ ਕਹਿੰਦਾ ਹੈ ਇੰਝ ਕਰਨ ਨਾਲ ਦਿਮਾਗ ਵਿੱਚ ਅੰਮ੍ਰਿਤ ਬੂੰਦਾਂ ਡਿੱਗਦੀਆਂ ਹਨ, ਤੇ ਕੋਈ ਕਹਿੰਦਾ ਹੈ ਰੱਬ ਦੇ ਸਾਖਸ਼ੱਤ ਦਰਸ਼ਨ ਹੁੰਦੇ ਹਨ। ਸਵਾਲਾਂ ਦਾ ਸਵਾਲ ਹੈ, ਕੀ ਰੱਬ ਦਾ ਕੋਈ ਰੂਪ ਰੰਗ ਹੈ ਜਿਸ ਨੂੰ ਅਸਾਂ ਦੇਖਣਾ ਹੈ? ਗੁਰਬਾਣੀ ਫਰਮਾਉਂਦੀ ਹੈ ਕਿ ਰੱਬ ਦਾ ਤਾਂ ਰੂਪ ਹੀ ਕੋਈ ਨਹੀਂ ਫਿਰ ਰੱਬ ਨੂੰ ਦੇਖਣਾ ਕਿਵੇਂ ਹੋਇਆ? ਇਸ ਦਾ ਉੱਤਰ ਹੈ ਰੱਬ ਦੇਖਣ ਵਾਲੀ ਕੋਈ ਵਸਤੂ ਨਹੀਂ ਹੈ। ਫਿਰ ਵੀ ਬਹੁਤ ਸਾਰੇ ਐਸੇ ਇਨਸਾਨ ਹਨ, ਜਿਹੜੇ ਰੱਬ ਨੂੰ ਲੱਭਣ ਦੀ ਜ਼ਿੱਦ ਕਰਦੇ ਹਨ—

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*

*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥ (੨੮੩)*

ਗੁਰਬਾਣੀ ਦਾ ਮਹਾਨ ਫਲਸਫਾ ਹੋਣ ਦੇ ਬਾਵਜੂਦ ਵੀ ਅਸੀਂ ਲੋਕਾਂ ਵੱਲ ਦੇਖ ਕੇ ਉਨ੍ਹਾਂ ਵਰਗੀ ਸ਼ੈਲੀ ਬਣਾ ਲਈ ਹੈ।

ਇਸ ਸਲੋਕ ਵਿੱਚ ਗੁਰਦੇਵ ਪਿਤਾ ਜੀ ਨੇ ਰੱਬ ਨੂੰ ਪਉਣ ਦੇ ਪੰਜ ਨੁਕਤੇ ਸਮਝਾਏ ਹਨ। ਜੇ ਅਸੀਂ ਇਨ੍ਹਾਂ ਪੰਜਾਂ ਨੂੰ ਸਮਝ ਲਈਏ ਤਾਂ ਜਿਉਂਦੇ ਜੀ ਰੱਬ ਦਾ ਰੂਪ ਬਣ ਸਕਦੇ ਹਾਂ। ਪਹਿਲੇ ਦੋ ਨੁਕਤੇ ਸੁੱਖ ਤੇ ਦੁੱਖ ਹਨ। ਸੁੱਖ ਤੇ ਦੁੱਖ ਜ਼ਿੰਦਗੀ ਦਾ ਹਿੱਸਾ ਹਨ। ਇਕ ਸਿੱਕੇ ਦੋ ਪਹਿਲੂ ਹਨ। ਜੇ ਮਨੁੱਖ ਦੁੱਖ ਤੇ ਸੁੱਖ ਦੀ ਅਸਲੀਅਤ ਨੂੰ ਸਮਝ ਲਏ ਸੁੱਖ ਦੁੱਖ ਦੀ ਵੀਚਾਰ ਤਾਂ ਜੀਵਨ ਇਕਸਾਰ ਚਲਦਾ ਹੈ। ਮਨੁੱਖੀ ਸੁਭਾਅ ਚਾਹੁੰਦਾ ਹੈ ਕਿ ਸੁੱਖ ਹੀ ਹੋਣ ਦੁੱਖ ਕਦੇ ਵੀ ਨਾ ਆਉਣ—

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*

*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ (੧੩੦੨)*

ਬਾਕੀ ਸਫਾ 9 'ਤੇ

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



-ਕੈਪਟਨ
ਅਵਤਾਰ ਸਿੰਘ
97819-90206

ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ ਉਨ੍ਹਾਂ ਨੇ ਰਾਜਸੀ, ਸਮਾਜਿਕ ਅਤੇ ਧਾਰਮਿਕ ਤੌਰ 'ਤੇ ਲਿਤਾੜੇ ਗਏ ਵਰਗਾਂ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਿਆ। ਇੱਕ ਪ੍ਰਮੇਸ਼ਰ ਦੀ ਪੂਜਾ ਭਾਵ ਹੁਕਮ ਅੰਦਰ ਰਹਿਣ ਦਾ ਉਪਦੇਸ਼ ਦਿੱਤਾ, ਜਿਸ ਦੇ ਫਲਸਰੂਪ ਢਾਈ ਤੋਂ 3 ਕਰੋੜ ਦੇ ਕਰੀਬ ਗੁਰੂ ਸਾਹਿਬ ਦੇ ਸਿੱਖ ਬਣ ਗਏ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਨੂੰ ਪਾਸੇ ਰੱਖ ਕੇ ਗੁਰਗੱਦੀ ਦੇ ਯੋਗ ਸਿੱਖ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ੀ। ਇਸ ਤਰ੍ਹਾਂ ਸਿੱਖਾਂ ਦੇ ਛੇਵੇਂ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੂੰ ਗੁਰਬਾਣੀ ਦੇ ਸ਼ਬਦ ਬਦਲਣ ਤੇ ਤਿਆਗ ਦਿੱਤਾ ਸੀ। ਜਿਸ ਨੇ ਮਿੱਟੀ ਮੁਸਲਮਾਨ ਕੀ ਦੀ ਜਗ੍ਹਾਂ ਮਿੱਟੀ ਬੇਈਮਾਨ ਦੀ ਕਹਿ ਕੇ ਦਿੱਲੀ ਦੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 23 ਜੁਲਾਈ ਸੰਨ 1656 ਨੂੰ ਗੁਰੂ ਹਰਿਰਾਇ ਸਾਹਿਬ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਦੀ ਬਖਸ਼ਿਸ਼ ਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਆਪ ਜੀ ਨੂੰ 20 ਅਕਤੂਬਰ 1661 ਨੂੰ ਸੌਂਪੀ।

ਜਦੋਂ ਇਸ ਗੱਲ ਦਾ ਪਤਾ ਰਾਮ ਰਾਇ ਨੂੰ ਲੱਗਾ ਤਾਂ ਉਹ ਬਹੁਤ ਔਖਾ ਹੋਇਆ। ਉਸ ਨੇ ਆਪਣੇ ਤਾਏ ਧੀਰ ਮੱਲ ਨਾਲ ਸਲਾਹ ਕਰ ਕੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢਿਆ ਤੇ ਉਹਨਾਂ ਰਾਹੀਂ ਆਪਣੇ ਆਪ ਨੂੰ ਗੁਰੂ ਮਸ਼ਹੂਰ ਕਰਨ ਦਾ ਯਤਨ ਕੀਤਾ, ਪਰ ਸਿੱਖਾਂ ਨੂੰ ਗੁਰੂ ਹਰਿਰਾਇ ਸਾਹਿਬ ਜੀ ਦੇ ਫੈਸਲੇ ਦਾ ਪਤਾ ਸੀ, ਇਸ ਕਰਕੇ ਰਾਮ ਰਾਇ ਨੂੰ ਕਿਸੇ ਨੇ ਵੀ ਗੁਰੂ ਨਾ ਮੰਨਿਆ।

ਇਧਰੋਂ ਮੂੰਹ ਦੀ ਖਾ ਕੇ ਉਹ ਸਿੱਧਾ ਔਰੰਗਜ਼ੇਬ ਕੋਲ ਪਹੁੰਚਿਆ ਤੇ ਕਿਹਾ ਕਿ ਮੈਂ ਵੱਡਾ ਪੁੱਤਰ ਹਾਂ, ਗੁਰਿਆਈ ਤੇ ਮੇਰਾ ਹੱਕ ਹੈ। ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਰਾਜਾ ਮਿਰਜ਼ਾ ਜੈ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਾਹਿਬ ਨੂੰ ਦਿੱਲੀ ਸੱਦੋ। ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨੀ ਤੇ ਬੜੇ ਆਦਰ ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਕੀਰਤਪੁਰ ਦੇ ਆਲੇ ਦੁਆਲੇ ਜਦ ਸੰਗਤਾਂ ਨੇ ਸੁਣਿਆ ਕਿ ਗੁਰੂ ਜੀ ਦਿੱਲੀ ਜਾ ਰਹੇ ਹਨ, ਤਾਂ ਗੁਰੂ ਸਾਹਿਬ ਕੋਲ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਹੌਂਸਲਾ ਦਿੱਤਾ, ਤਾਂ ਸੈਂਕੜੇ ਸਿੱਖ ਨਾਲ ਹੋ ਤੁਰੇ। ਕੀਰਤਪੁਰ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਆਪ ਜੀ ਨੇ ਆਪਣੇ ਦਾਦਾ ਬਾਬਾ ਗੁਰਦਿੱਤਾ ਜੀ ਦੇ ਛੋਟੇ ਵੀਰ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਪਟਨੇ ਤੋਂ ਦਿੱਲੀ ਬੁਲਾਵਾ ਭੇਜਿਆ।

ਜਦੋਂ ਆਪ ਜੀ ਅੰਬਾਲੇ ਜ਼ਿਲ੍ਹੇ ਦੇ ਇਲਾਕੇ ਪੰਜੋਖਰੇ ਪਹੁੰਚੇ ਤਾਂ ਉਥੇ ਦਾ ਰਹਿਣ ਵਾਲਾ ਇਕ ਪੰਡਿਤ ਲਾਲ ਚੰਦ ਸੀ। ਉਹ ਬਾਲ ਗੁਰੂ ਨੂੰ ਦੇਖ ਕੇ ਬਹੁਤ ਖਿਝਿਆ ਹੋਇਆ, ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਕਿ ਸਿੱਖ ਗੁਰੂ ਜੀ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਖਦੇ ਹਨ, ਜੇ ਇਹਨਾਂ ਵਿਚ ਸੱਚਮੁਚ ਕੋਈ ਆਤਮਕ ਤਾਕਤ ਹੈ ਤਾਂ ਸ਼੍ਰੀ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾਉਣ। ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪੰਡਤ ਲਾਲ ਚੰਦ ਦੀ ਗੁਰੂ ਘਰ ਪ੍ਰਤੀ ਕੁਬੋਲ ਆ ਦੱਸੇ। ਗੁਰੂ ਸਾਹਿਬ ਜੀ ਨੇ ਪੰਡਤ ਜੀ ਨੂੰ ਦਰਬਾਰ ਵਿਚ ਬੁਲਾਇਆ ਤੇ ਪੰਡਿਤ ਜੀ ਨੂੰ ਆਖਿਆ, "ਜੇ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਿਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੈ,ਤਾਂ ਕਿਸੇ ਵੀ ਸਿੱਖ ਨੂੰ ਲੈ ਆਵੋ, ਤੁਹਾਡੀ ਤਸੱਲੀ ਗੁਰੂ ਮਿਹਰ ਸਦਕਾ ਹੋ ਜਾਵੇਗੀ।" ਇਥੇ ਕਰਾਮਾਤੀ ਸਾਖੀ ਸੁਣਾਉਣ ਵਾਲਿਆਂ ਨੇ ਮਿਲਗੋਭਾ ਕਰ ਦਿੱਤਾ ਕਿ ਪੰਡਿਤ ਲਾਲ ਚੰਦ ਨੇ ਪਿੰਡ ਵਿੱਚ ਰਹਿੰਦੇ ਬੋਲੇ ਗੂੰਗੇ ਛੱਜੂ ਝਿਊਰ ਨੂੰ ਲੈ ਆਇਆ ਅਤੇ ਗੁਰੂ ਸਾਹਿਬ ਜੀ ਨੇ ਛੜੀ ਸਿਰ ਤੇ ਰੱਖੀ ਤੇ ਉਹ ਗੂੰਗਾ ਛੱਜੂ ਅਰਥ ਕਰਨ ਲੱਗ ਪਿਆ। ਪਰ ਗੁਰੂ ਘਰ ਵਿੱਚ ਕਰਾਮਾਤ ਵਿਖਾਉਣਾ ਮਨਾਂ ਹੈ। ਗੁਰੂ ਸਾਹਿਬ ਤੋਂ ਪਹਿਲਾਂ ਜਾਂ ਉਸ ਸਮੇਂ ਉਚ ਜਾਤੀਏ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਧਰਮ ਦੀ ਸਿੱਖਿਆ ਲੈਣ ਜਾਂ ਸਿੱਖਿਆ ਦੇਣ ਦੀ ਇਜਾਜ਼ਤ ਨਹੀਂ ਸੀ ਜੋ ਮਨੁੱਖ ਨਾ ਕੋਈ ਸਿਖਿਆ ਸੁਣ ਸਕੇ ਅਤੇ ਨਾ ਹੀ ਕਿਸੇ ਨੂੰ ਸੁਣਾ ਸਕੇ ਉਹ ਬੋਲਾ ਅਤੇ ਗੂੰਗਾ ਹੀ ਹੋ ਗਿਆ ਪਰ ਗੁਰੂ ਸਾਹਿਬ ਨੇ ਸਭ ਨੂੰ ਇੱਕ ਸਮਾਨ ਕਰ ਦਿੱਤਾ। ਪਰ ਸਾਖੀ ਦਾ ਅਸਲ ਸੱਚ ਇਹ ਹੈ ਭਾਈ ਛੱਜੂ (ਝਿਊਰ) ਜੋ ਦੇਖਣ ਨੂੰ ਬਹੁਤ ਸਾਧਾਰਨ ਸਿੱਖ ਸੀ, ਪਰ ਜਗਨਨਾਥ ਪੁਰੀ (ਉੜੀਸਾ) ਦਾ ਮੁਖੀ ਪ੍ਰਚਾਰਕ ਸੀ, ਜਿਸ ਨੂੰ ਪੰਡਤ ਲਾਲ ਚੰਦ ਲੈ



ਗੁਰਦੁਆਰਾ ਬੰਗਲਾ ਸਾਹਿਬ (ਨਵੀਂ ਦਿੱਲੀ)

ਆਇਆ। ਇਹ ਸਿੱਖ ਲੰਗਰ ਵਿਚ ਪਾਣੀ ਦੀ ਸੇਵਾ ਕਰ ਰਿਹਾ ਸੀ। ਭਾਈ ਛੱਜੂ ਜੀ ਇਕ ਉਘੇ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਣਾਉਣ ਲੱਗੇ। ਪੰਡਿਤ ਜੀ ਬੜੇ ਸ਼ਰਮਸਾਰ ਹੋਏ ਤੇ ਹੈਰਾਨ ਵੀ ਹੋਏ ਕਿ ਇਕ ਮਾਸ਼ਕੀ, ਜੇ ਇੰਨਾ ਵਿਦਵਾਨ ਹੈ ਤਾਂ ਬਾਕੀ ਸੰਗਤ ਦੀ ਕੀ ਅਵਸਥਾ ਹੋਵੇਗੀ, ਪ੍ਰਭਾਵਿਤ ਹੋ ਕੇ ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ। ਪੰਜੋਖਰੇ ਤੋਂ ਗੁਰੂ ਜੀ ਨੇ ਉਘੇ ਸਿੱਖਾਂ ਤੋਂ ਬਿਨਾਂ, ਬਾਕੀ ਸਭ ਨੂੰ ਵਾਪਸ ਮੋੜ ਦਿੱਤਾ ਤੇ ਆਪ ਦਿੱਲੀ ਵੱਲ ਚੱਲ ਪਏ।

ਜਦੋਂ ਸੰਗਤ ਸਮੇਤ ਗੁਰੂ ਜੀ ਦਿੱਲੀ ਪੁੱਜੇ ਤਾਂ ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਉਤਾਰਾ ਕਰਵਾਇਆ। ਉਸ ਥਾਂ ਹੁਣ ਬੰਗਲਾ ਸਾਹਿਬ ਗੁਰਦੁਆਰਾ ਹੈ। ਦਿੱਲੀ ਦੀ ਸੰਗਤ ਰੋਜ਼ ਰਾਜਾ ਜੈ ਸਿੰਘ ਦੇ ਬੰਗਲੇ ਪਹੁੰਚਦੀ, ਸਤਿਸੰਗ ਹੁੰਦਾ ਤੇ ਸੰਗਤਾਂ ਦਰਸ਼ਨ ਕਰਦੀਆਂ।

ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦੇ ਮੁਅੱਜ਼ਮ ਨੂੰ ਭੇਜਿਆ। ਉਸ ਨੂੰ ਗੁਰੂ ਜੀ ਨੇ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਰਾਮਰਾਇ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ। ਰਾਮ ਰਾਇ ਜੀ ਨੇ ਗੁਰਬਾਣੀ ਦੀ ਤੁਕ ਉਲਟਾਈ ਤੇ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ। ਇਸ ਵਿਚ ਕੋਈ ਵਧੀਕੀ ਨਹੀਂ ਤੇ ਨਾ ਹੀ ਕਿਸੇ ਨਾਲ ਬੇਇਨਸਾਫੀ ਹੈ। ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ, ਰਾਮ ਰਾਇ ਜੀ ਨਾਲ ਕੋਈ ਵਧੀਕੀ ਨਹੀਂ ਹੋਈ।

ਗੁਰੂ ਜੀ ਅਜੇ ਦਿੱਲੀ ਵਿਚ ਹੀ ਸਨ ਕਿ ਸੰਨ 1664 ਵਿਚ ਚੇਚਕ ਦੀ ਬੀਮਾਰੀ ਫੈਲ ਗਈ। ਗੁਰੂ ਜੀ ਨੇ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਦਸਵੰਧ ਦੀ ਭੇਟਾ ਨੂੰ ਇਸ ਸੇਵਾ ਲਈ ਵਰਤਿਆ ਗਿਆ। ਜਿਥੇ ਵੀ ਚੇਚਕ ਤੇ ਹੋਰ ਬੀਮਾਰੀਆਂ ਦਾ ਜ਼ੋਰ ਸੀ, ਗੁਰੂ ਜੀ ਉਹਨਾਂ ਇਲਾਕਿਆਂ ਵਿਚ ਆਪ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਉਹੋ ਦਵਾਖਾਨਾ ਨਾਲ ਲਿਆਏ ਸਨ,ਜੋ ਗੁਰੂ ਅਮਰਦਾਸ ਸਾਹਿਬ ਜੀ ਵੇਲੇ ਤੋਂ ਗੁਰੂ ਘਰ ਵਿੱਚ ਸ਼ੁਰੂ ਹੋ ਚੁੱਕਾ ਸੀ ਅਤੇ ਪੂਰਨ ਤੌਰ ਤੇ ਪੰਜਵੇਂ ਪਾਤਸ਼ਾਹ ਦੇ ਵੇਲੇ ਸਥਾਪਿਤ ਹੋ ਗਿਆ ਸੀ। ਇਸ ਦਾ ਬਹੁਤ ਵੱਡਾ ਵਿਸਥਾਰ ਗੁਰੂ ਹਰਿਰਾਇ ਜੀ ਨੇ ਕੀਤਾ ਸੀ। ਗੁਰੂ ਦਰਸ਼ਨ ਨੂੰ ਆ ਰਹੀਆਂ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ। ਹਜ਼ਾਰਾਂ ਦੀ ਗਿਣਤੀ ਵਿਚ ਜਗਿਆਸੂ ਆਉਣ ਲੱਗ ਪਏ ਅਤੇ ਉਹਨਾਂ ਸਿੱਖੀ ਧਾਰਨ ਕਰ ਲਈ। ਸੰਗਤੀ ਰੂਪ ਵਿਚ ਸਭ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾ ਕੇ ਸਿੱਖ ਸਜਾਇਆ।

ਚੇਚਕ ਦੀ ਮਹਾਂਮਾਰੀ ਤਾਂ ਸ਼ਹਿਰ ਵਿਚ ਫੈਲੀ ਹੋਈ ਸੀ। ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਵੀ ਬੜੇ ਜ਼ੋਰ ਦਾ ਬੁਖਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉੱਤੇ ਚੇਚਕ ਦੇ ਲੱਛਣ ਦਿਸਣ ਲੱਗ ਪਏ। ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ 7 ਅਪ੍ਰੈਲ 1664 ਨੂੰ ਦਿੱਲੀ ਪੁੱਜੇ। ਸਤਿਗੁਰੂ ਜੀ ਨੇ ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 8 ਅਪ੍ਰੈਲ 1664 ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸਮਝਾ ਕੇ ਬਕਾਲੇ ਜਾਣ ਦੀ ਆਗਿਆ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 16 ਅਪ੍ਰੈਲ ਸੰਨ 1664 ਨੂੰ "ਬਾਬਾ ਬਸੈ ਗਰਾਮ ਬਕਾਲੇ" ਕਹਿ ਕੇ ਜੋਤੀ ਜੋਤ ਸਮਾ ਗਏ। ਜਿਸ ਦਾ ਭਾਵ ਇਹ ਸੀ ਕਿ ਗੁਰਗੱਦੀ ਦਾ ਵਾਰਸ ਬਾਬਾ ਬਕਾਲੇ ਵਿਚ ਹੈ। ਜਿੱਥੇ ਜਮਨਾ ਦੇ ਕੰਢੇ ਆਪ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਸ ਥਾਂ ਤੇ ਹੁਣ ਗੁਰਦੁਆਰਾ ਬਾਲਾ ਸਾਹਿਬ ਹੈ।

-0-

**ਸ਼ਬਦ ਵਿਚਾਰ** **ਸਫਾ 7 ਦਾ ਬਾਕੀ**

ਜੇ ਸੁੱਖ ਖੁਸਣ ਲੱਗਣ ਤਾਂ ਬੰਦਾ ਹਥਿਆਰ ਹੀ ਸੁੱਟ ਦਿੰਦਾ ਹੈ। ਸਰੀਰਕ ਸੁੱਖਾਂ ਦੀ ਪ੍ਰਾਪਤੀ ਲਈ ਲੋਭ, ਮੋਹ ਅਧੀਨ ਹੋ ਕੇ ਸਰਕਾਰਾਂ ਨਾਲ ਗੈਰ-ਕੁਦਰਤੀ ਸਮਝਾਉਤੇ ਕਰ ਲੈਂਦਾ ਹੈ। ਗੁਰਦੇਵ ਪਿਤਾ ਜੀ ਸਮਝਾ ਰਹੇ ਹਨ ਕਿ ਦੁੱਖ, ਸੁੱਖ, ਲੋਭ, ਮੋਹ ਤੇ ਹੰਕਾਰ ਦੀ ਅਸਲੀਅਤ ਨੂੰ ਸਮਝਿਆਂ ਹੀ ਰੱਬ ਵਰਗੇ ਬਣ ਸਕਦੇ ਹਾਂ।

ਆਮ ਕਰਕੇ ਲੋਕ ਦੁੱਖਾਂ ਦੀ ਨਿਵਰਤੀ ਤੇ ਸੁੱਖਾਂ ਦੀ ਪ੍ਰਾਪਤੀ ਲਈ ਡੇਰਿਆਂ, ਬਾਬਿਆਂ ਤੇ ਧਾਰਮਿਕ ਆਗੂਆਂ ਦਾ ਸਹਾਰਾ ਲੈਂਦੇ ਹਨ। ਧਰਮ ਦੀ ਅਜਿਹੀ ਪ੍ਰਕਿਰਿਆ ਵਿੱਚ ਪੁਜਾਰੀ ਦੇ ਦੋਹੀਂ ਹੱਥੀਂ ਲੱਡੂ ਹਨ। ਉਹ ਕਹਿੰਦਾ ਹੈ, ਦੁੱਖਾਂ ਦੇ ਨਿਪਟਾਰੇ ਲਈ ਮੇਰੇ ਕੋਲ ਸ਼ਕਤੀ ਹੈ ਤੇ ਸੁੱਖ ਸਦਾ ਬਣੇ ਰਹਿਣ ਇਸ ਦੇ ਉਪਾਅ ਵੀ ਮੇਰੇ ਕੋਲ ਹੀ ਹਨ। ਭੋਲ਼ੇ ਲੋਕ ਸੁੱਖ ਲੱਭਦੇ ਲਭੱਦੇ ਹੱਥਲਾ ਜੀਵਨ ਵੀ ਔਖਾ ਕਰ ਲੈਂਦੇ ਹਨ—

*ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥*

*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥ (੧੨੮੭)*

ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦਪੁਰ ਹਨ, ਤਾਂ ਸੁਖੀ ਜ਼ਿੰਦਗੀ ਹੈ ਜੇ ਦਿੱਲੀ ਸੀਸ ਗੰਜ ਵਿੱਚ ਸੀਸ ਦੇ ਰਹੇ ਹਨ ਤਾਂ ਦੁੱਖ ਨੂੰ ਮਹਿਸੂਸ ਨਹੀਂ ਕਰ ਰਹੇ। ਗੁਰੂ ਜੀ ਸੁੱਖ ਤੇ ਦੁੱਖ ਦੀ ਅਸਲੀਅਤ ਨੂੰ ਸਮਝੇ ਹੋਏ ਹਨ। ਸੁੱਖ ਤੇ ਦੁੱਖ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ ਹੈ— *"ਸੁਖੁ ਦੁਖੁ ਜਿਹ ਪਰਸੈ ਨਹੀ"*

ਦੂਸਰਾ ਪੱਖ ਜੋ ਸੁੱਖ ਦੁੱਖ ਦੀ ਅਸਲੀਅਤ ਨੂੰ ਸਮਝ ਸਕਦਾ ਹੈ ਉਹ ਲੋਭ ਮੋਹ ਤੇ ਅਭਿਮਾਨ ਵਿੱਚ ਕਦੇ ਵੀ ਨਹੀਂ ਫਸੇਗਾ। "ਲੋਭੁ ਮੋਹੁ ਅਭਿਮਾਨ" ਔਰੰਗਜ਼ੇਬ ਦੀ ਸਰਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਇਆਲਾ ਜੀ 'ਤੇ ਜਗੋਂ ਤੇਰ੍ਹਵਾਂ ਜ਼ੁਲਮ ਕੀਤਾ ਹੈ। ਉਹ ਮਹਾਨ ਸਿੱਖ ਸਰਕਾਰ ਨਾਲ ਸਮਝੌਤਾ ਕਰਕੇ ਦੁੱਖਾਂ ਤੋਂ ਬਚ ਸਕਦੇ ਸਨ ਤੇ ਸੁੱਖਾਂ ਦੀ ਪ੍ਰਾਪਤੀ ਕਰ ਸਕਦੇ ਸਨ। ਪਰ ਨਹੀਂ, ਜਿਸ ਰਸਤੇ ਤੇ ਉਹ ਚੱਲ ਰਹੇ ਸਨ, ਉਸ ਰਸਤੇ ਲੋਭ, ਮੋਹ ਤੇ ਅਹੰਕਾਰ ਦਾ ਕੋਈ ਥਾਂ ਨਹੀਂ ਹੈ-- ਇਹ ਤਾਂ ਹੀ ਹੋ ਸਕਦਾ ਹੈ, ਜਦੋਂ ਸੁੱਖਾਂ ਦੀ ਲਾਲਸਾ ਨਹੀਂ ਰਹਿੰਦੀ। ਸੁੱਖ, ਦੁੱਖ, ਲੋਭ, ਮੋਹ ਦੇ ਅਹੰਕਾਰ ਵਰਗੀਆਂ ਹਕੀਕਤਾਂ ਨੂੰ ਸਮਝ ਲੈਂਦਾ ਹੈ। ਮਨੁੱਖ ਦੀ ਮਾਨਸਕਤਾ ਵਿੱਚ ਹਕੀਕਤ ਵੱਸਦੀ ਹੈ। *"ਕਹੁ ਨਾਨਕ ਸੁਨੁ ਰੇ ਮਨਾ"* ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ, ਕਿ ਮੇਰੇ ਮਨ ਧਿਆਨ ਨਾਲ ਸੁਣ—ਗੁਣਾਂ ਅਵਗੁਣਾਂ ਨੂੰ ਸਮਝਣ ਵਾਲਾ ਰੱਬ ਦਾ ਰੂਪ ਹੈ *"ਸੋ ਮੂਰਤਿ ਭਗਵਾਨ"*॥

*ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥ (੫੦)*

1. ਜਿਉਂਦੇ ਜੀਅ ਹੀ ਭਗਵਾਨ ਦਾ ਰੂਪ ਬਣਨਾ ਹੈ।

2. ਸੁੱਖ, ਦੁੱਖ, ਲੋਭ, ਮੋਹ ਤੇ ਹੰਕਾਰ ਦੀ ਅਸਲੀਅਤ ਨੂੰ ਸਮਝਣਾ ਹੀ ਰੱਬੀ ਮਿਲਾਪ ਹੈ।

3. ਜਿਹੜੇ ਲੋਕ ਬੱਚਿਆਂ ਨੂੰ ਬਹੁਤ ਸੋਹਲ ਰੱਖਦੇ ਹਨ, ਏ.ਸੀ. ਕਮਰਿਆਂ ਵਿੱਚ ਰੱਖਦੇ ਹਨ, ਉਨ੍ਹਾਂ ਨੂੰ ਧੁੱਪ ਵਿੱਚ ਤੁਰਨਾ ਔਖਾ ਹੁੰਦਾ ਹੈ।

4. ਗੁਰੂ ਵਾਲੀ ਸਮਝ ਹੀ ਔਗੁਣਾਂ ਤੋਂ ਬਚਾ ਸਕਦੀ ਹੈ।

*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*

*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥ (੨੧੯)*

1 ਅਕਤੂਬਰ ਸਥਾਪਨਾ ਦਿਵਸ 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ ਦੀ ਸਥਾਪਨਾ

-ਗਿ: ਗੁਰਦਿੱਤ ਸਿੰਘ

**(ਗਿ. ਗੁਰਦਿੱਤ ਸਿੰਘ ਦਾ ਸ਼ੁਮਾਰ ਪੰਥ ਦੇ ਪ੍ਰਸਿੱਧ ਵਿਦਵਾਨਾਂ ਵਿੱਚ ਹੁੰਦਾ ਹੈ। ਪੰਥਕ ਵਿਦਵਾਨ, ਖੋਜੀਆਂ ਤੋਂ ਇਲਾਵਾ ਉਹ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ 'ਚੋਂ ਗਿਣੇ ਜਾਂਦੇ ਹਨ। ਉਨ੍ਹਾਂ ਦੀ ਸਾਹਿਤਕ ਰਚਨਾ 'ਮੇਰਾ ਪਿੰਡ' ਦੀ ਖਿੱਚ ਪਾਠਕਾਂ ਲਈ ਕਦੇ ਮੱਠੀ ਨਹੀਂ ਪਈ! ਪੰਜਾਬੀ ਆਲੋਚਕ 'ਮੇਰਾ ਪਿੰਡ' ਨੂੰ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਸਤਾਨ' ਤੋਂ ਉਪਰ ਦੀ ਰਚਨਾ ਦੱਸਦੇ ਹਨ। ਇਹਨਾਂ ਸਾਰੇ ਸਾਹਿਤਕ ਗੁਣਾਂ ਦੇ ਨਾਲ -ਨਾਲ ਗਿ. ਗੁਰਦਿੱਤ ਸਿੰਘ ਵਿੱਚ ਸਿਰੇ ਦੀ ਜਥੇਬਦੰਕ ਅਤੇ ਅਗਵਾਈ ਦੇਣ ਦੀ ਯੋਗਤਾ ਸੀ। ਅੱਜ ਚੰਡੀਗੜ੍ਹ ਦੇ ਸੈਕਟਰ 28 ਏ ਵਿਚ ਕੇਂਦਰੀ ਸ੍ਰੀ ਸਿੰਘ ਸਭਾ ਦੀ ਬਹੁਮੰਤਵੀ ਅਤੇ ਬਹੁਮੰਜ਼ਲੀ ਇਮਾਰਤ ਉਹਨਾਂ ਦੀ ਦੂਰ ਅੰਦੇਸ਼ੀ ਦਾ ਹੀ ਫਲ਼ ਹੈ। ਜਦ 1973 ਵਿੱਚ ਸਿੰਘ ਸਭਾ ਲਹਿਰ ਦੀ ਸੌ ਸਾਲਾ ਸ਼ਤਾਬਦੀ ਮਨਾਈ ਗਈ ਤਾਂ ਗਿ. ਗੁਰਦਿੱਤ ਸਿੰਘ ਸ਼ਤਾਬਦੀ ਦੇ ਕਮੇਟੀ ਦੇ ਜਨਰਲ ਸਕੱਤਰ ਸਨ। ਉਸ ਸਮੇਂ ਉਹਨਾਂ ਦੀ ਅਗਵਾਈ ਵਿੱਚ ਲਮਿਸਾਲ ਇਤਿਹਾਸਕ ਕੰਮ ਹੋਏ ਹਨ, ਜਿਨ੍ਹਾਂ ਦਾ ਭਰਵਾਂ ਜਿਕਰ ਇੱਥੇ ਨਹੀਂ ਹੋ ਸਕਦਾ। ਇਹ ਲੇਖ ਸਿੰਘ ਸਭਾ ਲਹਿਰ ਦੇ ਸ਼ਤਾਬਦੀ ਸਮਾਗਮਾਂ ਦੀ ਲੜੀ ਦੌਰਾਨ ਬੰਬਈ ਹੋਏ ਸੈਮੀਨਾਰ ਵਿਚ 2 ਮਾਰਚ, 1974 ਨੂੰ ਪੜ੍ਹਿਆ ਗਿਆ ਸੀ, ਪਰ ਇਸ ਦੀ ਅਹਿਮੀਅਤ ਅਤੇ ਪ੍ਰਸੰਗਤਾ ਅੱਜ ਵੀ ਬਰਕਰਾਰ ਹੈ। ਇਸ ਲੇਖ ਨੂੰ ਦੁਬਾਰਾ ਛਾਪਣ ਦੀ ਖੁਸ਼ੀ ਲੈ ਰਹੇ ਹਾਂ। (ਸੰਪਾਦਕ)**

**ਸਿੰਘ** ਸਭਾ ਲਹਿਰ ਕੀ ਸੀ? ਗੁਰੂ ਨਾਨਕ ਦੇਵ ਜੀ ਦੇ ਮੌਲਿਕ ਤੇ ਸੁਤੰਤਰ ਧਰਮ-ਮਾਰਗ ਦੀ ਭਾਲ ਤੇ ਉਸ ਨੂੰ ਪ੍ਰਚਾਲਣ ਦਾ ਇਕ ਬਹੁ-ਪੱਖੀ ਯਤਨ। ਇਸ ਲਹਿਰ ਨੇ ਉਸ ਵੇਲੇ ਮੰਜ਼ਲ ਤੋਂ ਭਟਕੀ ਹੋਈ ਸਿੱਖ-ਲੁਕਾਈ ਦਾ ਮਾਰਗ-ਦਰਸ਼ਨ ਕੀਤਾ ਤੇ ਨਾਨਕ-ਪੰਥੀ ਧਰਮ ਦੀ ਧਰੋਹਰ ਲੈ ਕੇ ਅੱਗੇ ਚੱਲਣ ਦੀ ਪ੍ਰੇਰਨਾ ਉਦੋਂ ਦਿੱਤੀ, ਜਦੋਂ ਸਿੱਖ-ਲੁਕਾਈ ਔਝੜ ਵਿੱਚ ਪਈ ਹੋਈ ਸੀ। ਜਿਨ੍ਹਾਂ ਸੋਝੀਵਾਨ ਸੇਵਕਾਂ ਨੇ ਇਹ ਕਾਰਜ਼ ਆਪਣੇ ਜ਼ਿੰਮੇ ਲਿਆ ਤੇ ਨਿਭਾਇਆ, ਉਨ੍ਹਾਂ ਨੇ ਕੇਵਲ ਸੁਧਾਰ ਦੀ ਭਾਵਨਾ ਹੀ ਸਾਕਾਰ ਨਹੀਂ ਕੀਤੀ, ਦੂਜੇ ਖੇਤਰਾਂ ਵਿਚ ਨਰੋਆ ਹੰਭਲਾ ਮਾਰਦਿਆਂ ਜ਼ਮਾਨੇ ਦੀ ਰਫ਼ਤਾਰ ਨਾਲ ਤੁਰਨ ਦੀ ਚੇਤਨਤਾ 'ਤੇ ਉੱਦਮ ਵੀ ਵਰਤਿਆ ਸੀ, ਸਿੱਖ-ਧਰਮ ਦੇ ਮੂਲ ਤੱਤਾਂ ਨੂੰ ਵਿਗਿਆਨਕ ਢੰਗਾਂ ਨਾਲ ਪ੍ਰਚਾਰਨ ਦਾ ਉੱਦਮ ਕਰ ਕੇ, ਇਸ ਲਹਿਰ ਨੇ ਇਤਿਹਾਸ ਦਾ ਇਕ ਨਵਾਂ ਮੋੜ ਕੱਟਣ ਵਾਲੀ ਵਰਨਣਯੋਗ ਸੇਵਾ ਕੀਤੀ ਸੀ। ਸਿੰਘ ਸਭਾ ਲਹਿਰ ਦੇ ਵਿਆਪਕ ਕਾਰਜ਼ਾਂ ਨੂੰ ਸੰਖੇਪ ਤੌਰ 'ਤੇ ਇਨ੍ਹਾਂ ਪੰਜ ਨੁਕਤਿਆਂ ਵਿੱਚ ਵੰਡਿਆ ਜਾ ਸਕਦਾ ਹੈ:

1. ਸਿੱਖ ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਰੂਪ ਦੀ ਪਛਾਣ।

2. ਗੁਰਬਾਣੀ ਦੀ ਕਸਵੱਟੀ ਨਾਲ ਸਿੱਖ ਸਾਹਿਤ ਦੀ ਪਰਖ।

3. ਰਹੁ-ਰੀਤਾਂ ਤੇ ਮਰਯਾਦਾਂ ਦੇ ਅਡੰਬਰੀ ਰੂਪ ਤੋਂ ਬਚਾਉ।

4. ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਹਿਮਣੀ-ਧਰਮ ਤੋਂ ਛੁਟਕਾਰਾ।

5. ਸਿੱਖ ਧਰਮ ਦੇ ਮਨੋਰਥਾਂ ਤੇ ਆਸ਼ਿਆਂ ਨੂੰ ਨਵੀਨ ਚੇਤਨਤਾ ਤੇ ਵਿਗਿਆਨਕ ਢੰਗ ਨਾਲ ਵਿਚਾਰਨਾ ਤੇ ਪ੍ਰਚਾਰਨਾ।

**(1) ਸਿੱਖ ਧਰਮ ਦਾ ਸੁਤੰਤਰ ਵਜੂਦ ਤੇ ਮੌਲਿਕ ਸਰੂਪ:-**

ਸਿੱਖ-ਧਰਮ ਦੇ ਮੌਲਿਕ ਤੇ ਸੁਤੰਤਰ ਵਜੂਦ ਦੀ ਸੋਚ, ਕੇਵਲ ਸਿੰਘ-ਸਭੀਆਂ ਦੀ ਦੇਣ ਨਹੀਂ, ਜਿਵੇਂ ਆਮ ਤੌਰ 'ਤੇ ਕਈ ਵਾਰ ਕਹਿ ਦਿੱਤਾ ਜਾਂਦਾ ਹੈ, ਅਜਿਹੇ ਵਿਚਾਰ ਤੱਤ, ਤਾਂ ਮੂਲ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਪਹਿਲਾਂ ਦੇ ਪ੍ਰਮਾਣਿਤ ਹਨ। ਜਦੋਂ ਅਸੀਂ ਫਰੋਲਵੀਂ ਝਾਤ ਮਾਰੀਏ ਤਾਂ ਇਨ੍ਹਾਂ ਨਵੇਂ ਵਿਚਾਰ-ਕਣਾਂ ਦੇ ਮੁੱਢਲੇ ਅਧਾਰ, ਗੁਰੂ ਨਾਨਕ ਦੇਵ ਜੀ ਦੇ ਅਨੁਭਵੀ ਸੋਚਾਂ ਵਿੱਚੋਂ ਹੀ ਪ੍ਰਗਟ ਹੋਏ ਦ੍ਰਿਸ਼ਟਮਾਨ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਨਿਰਸੰਦੇਹ ਸਿੱਖ ਧਰਮ ਦੇ ਸਰੂਪ ਨੂੰ ਸੰਪੂਰਨਤਾ ਦਿੱਤੀ, ਪਰ ਉਨ੍ਹਾਂ ਦਾ ਸਥਾਨ ਸਿੱਖ-ਧਰਮ ਦੇ ਮੌਲਿਕ ਜਨਮ-ਦਾਤਾ ਵਾਲਾ ਨਹੀਂ, ਸੰਪੂਰਨਤਾ ਦੇਣ ਵਾਲੇ ਨਿਰਮਾਤਾ ਦਾ ਹੈ। ਦਸਮੇਸ਼ ਜੀ ਦਾ ਜੀਵਨ-ਕਾਰਜ, ਆਦਿ ਗੁਰੂ ਨਾਨਕ ਜੀ ਤੋਂ ਸਥਾਪਿਤ ਕੀਤੇ ਧਰਮ-ਪੰਥ ਦੇ ਪ੍ਰਚਾਰ ਅਤੇ ਸੁਧਾਰ ਦਾ ਸੀ, ਜਿਸ ਲਈ ਦਸਮੇਸ਼ ਜੀ ਨੇ ਕਈ ਪਹਿਲੀਆਂ ਧਾਰਨਾਂ ਵਿੱਚ ਵਾਧੇ ਤੇ ਸੋਧਾਂ ਕਰ ਕੇ, ਅੱਗੇ ਨੂੰ ਸਥਾਈ ਰਹਿਣ ਵਾਲੇ ਖਾਲਸਾ-ਪੰਥ ਦੇ ਸਰੂਪ ਨੂੰ ਪੱਕੀ ਨੁਹਾਰ ਦਿੱਤੀ, ਪਰ ਇਹ ਅਸੀਂ ਸਭੋ ਹੀ ਜਾਣਦੇ ਹਾਂ, ਗੁਰੂ ਨਾਨਕ ਜੀ ਨੇ ਹੀ ਸਿੱਖ ਧਰਮ-ਪੰਥ ਦੀ ਨੀਂਹ ਰੱਖੀ, ਨਵੀਂ ਜੋਤੀ ਜਗਾਈ ਅਤੇ ਮਾਨਵਤਾ ਵਿੱਚ ਗੱਡੀ ਰਾਹ ਤੁਰਨ ਦੀ ਅਜ਼ਲੀ ਪ੍ਰੇਰਨਾ ਭਰੀ ਹੈ।

ਇਹ ਸਮਝਣ ਲਈ ਸ਼ਾਇਦ ਕੁਝ ਆਪਣੇ ਆਪ ਨੂੰ ਝੰਜੋੜਨਾ ਪਵੇ, ਕੀ ਗੁਰੂ ਨਾਨਕ ਜੀ ਇਸ ਸੁਤੰਤਰ ਤੇ ਮੌਲਿਕ 'ਲੋਕ-ਧਰਮ' ਦੇ ਸੰਚਾਲਕ ਸਨ ? ਆਮ ਤੌਰ 'ਤੇ ਜੋ ਲੋਕ ਦਸਮੇਸ਼ ਦੀ ਦੱਸੀ ਰਹਿਤ-ਮਰਯਾਦਾ ਵਲ ਬੇਪ੍ਰਵਾਹੀ ਅਤੇ ਸਿੱਖ ਧਰਮ ਬਾਰੇ ਘੁਸਮੁਸੇ ਜਿਹੇ ਵਿਚਾਰ



ਰੱਖਦੇ ਹਨ, ਉਹ ਆਪਣੇ ਆਪ ਨੂੰ 'ਨਾਨਕ-ਪੰਥੀ' ਇਸ ਲਈ ਆਖ ਲੈਂਦੇ ਹਨ ਕਿ, ਇੰਝ ਉਹ ਜਿਵੇਂ ਚਾਹੁਣ ਆਪਣਾ ਰੰਗ-ਰੂਪ ਬਦਲ ਲੈਣ ਦੀਆਂ ਖੁੱਲ੍ਹਾਂ ਮਾਣ ਸਕਦੇ ਹਨ। ਗੁਰੂ ਨਾਨਕ ਜੀ ਦੀ ਬਾਣੀ ਉਨ੍ਹਾਂ ਦੇ ਸਥਾਪਤ ਕੀਤੇ ਧਰਮ ਨੂੰ ਜਾਨਣ ਲਈ ਇਕ ਮਾਤਰ ਸਾਡੇ ਲਈ ਪ੍ਰਮਾਣਿਕ ਪੱਥ-ਪ੍ਰਦਰਸ਼ਨ ਵਸਤੂ ਹੈ, ਜਿਸ ਤੋਂ ਅਸੀਂ ਉਨ੍ਹਾਂ ਦੇ ਵਿਚਾਰਾਂ ਅਤੇ ਧਰਮ-ਧਾਰਨਾਂ ਬਾਰੇ ਸਭ ਤੋਂ ਠੀਕ ਜਾਣ ਸਕਦੇ ਹਾਂ-ਸੱਚ ਤਾਂ ਇਹ ਹੈ ਕਿ ਗੁਰੂ ਨਾਨਕ ਜੀ ਹੀ ਇਕ ਨਵੇਂ ਤੇ ਮੌਲਿਕ ਲੋਕ-ਧਰਮ ਜਨਮ-ਦਾਤਾ ਸਨ, ਨਾ ਕਿ ਕਿਸੇ ਪੂਰਵ ਧਰਮ ਦੇ ਸਮਰੱਥਕ। ਇਹ ਵਿਸ਼ਾ ਬੜਾ ਵਿਆਪਕ ਵਿਸ਼ਾਲ ਹੈ, ਸੰਖੇਪ ਰੂਪ ਵਿਚ ਅਸੀਂ ਇੰਝ ਸਮਝ ਸਕਦੇ ਹਾਂ ਕਿ ਗੁਰੂ ਨਾਨਕ ਜੀ ਨੇ ਉਨ੍ਹਾਂ ਤੋਂ ਪਹਿਲੇ ਕਿਸੇ ਵੈਦਿਕ, ਹਿੰਦੂ, ਵੈਸਣਵ, ਯੋਗ, ਨਾਥ, ਸੂਫੀ ਆਦਿ ਕਿਸੇ 'ਧਰਮ-ਮਤ' ਦੀ ਉੱਚਤਾ ਜਾਂ ਇਸਲਾਮ ਦੇ ਕਿਸੇ ਫਿਰਕੇ ਦੇ ਕਿਸੇ ਵੀ ਵਿਅੱਕਤੀ 'ਸ਼ੇਖ' ਆਦਿਕ ਨੂੰ ਆਪਣਾ ਗੁਰੂਅਚਾਰਯ ਦੇ ਤੌਰ 'ਤੇ ਸਵੀਕਾਰ ਨਹੀਂ ਕੀਤਾ, ਉਨ੍ਹਾਂ ਆਪਣਾ ਗੁਰੂ, ਅਪਰੰਪਰ ਪਾਰਬ੍ਰਹਮ ਦੱਸਿਆ ਹੈ :

**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥**

ਜਿਸ ਦੀ ਪ੍ਰਾਪਤੀ ਤੇ ਸਰੂਪ ਬਾਰੇ ਸਿੱਧਾਂ ਦੇ ਸਵਾਲ ਵਿਚ ਆਪ ਨੇ ਉੱਤਰ ਦਿੱਤਾ ਸੀ : ਤੇਰਾ ਕਵਣ ਗੁਰੂ ਕਿਸ ਕਾ ਤੂੰ ਚੇਲਾ?

ਸਬਦ ਗੁਰੂ ਸੁਰਤ ਧੁਨਿ ਚੇਲਾ। (ਸਿੱਧ ਗੋਸਟ)

ਇਸ ਵਿਸ਼ੇ 'ਤੇ ਸੰਖੇਪ ਵਿਚ ਇੱਥੇ ਏਨਾ ਹੀ ਕਹਿੰਦਿਆਂ ਹੋਇਆਂ ਦੂਜੀ ਗੱਲ ਧਿਆਨ ਲਿਆਉਣੀ ਜ਼ਰੂਰੀ ਹੈ ਕਿ, ਉਨ੍ਹਾਂ ਨੇ ਕਿਸੇ ਪਹਿਲੇ, ਧਰਮ-ਮਤ ਦੇ ਸਮਰਥਨ ਦੀ ਥਾਂ ਉਹ ਸੁਧਾਈ ਦਾ ਸੁਰ ਵਧੇਰੇ ਉੱਚਾ ਰੱਖਿਆ ਹੈ ਅਤੇ ਕਈ ਵਾਰੀ ਪੂਰਵ-ਸਥਾਪਿਤ ਧਰਮ-ਅਵਲੰਬੀਆ ਦੇ ਅਡੰਬਰੀ ਰੂਪ ਦੇਖ ਕੇ, ਜੇ ਕਰੜੀ ਅਲੋਚਨਾ ਵੀ ਕਰਨੀ ਪਈ ਤਾਂ ਉਹ ਵੀ ਨਿਸੰਗਤਾ ਕੀਤੀ ਹੈ :

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥**

ਅਵਤਾਰ-ਵਾਦੀ, ਵੈਸਣਵਾਂ, ਇਸਲਾਮ ਦੇ ਸੇਖਾਂ, ਮਸਾਇਕਾਂ, ਪੀਰਾਂ ਪੈਗੰਬਰਾਂ ਬਾਰੇ ਨਾਨਕ ਬਾਣੀ ਜੋ ਆਖਦੀ ਹੈ, ਉਸ ਦੇ ਚਾਨਣੇ ਵਿਚ, ਗੁਰੂ ਨਾਨਕ ਜੀ ਦਾ ਕਿਸੇ ਸੂਫੀ-ਮਤ ਜਾਂ ਕਿਸੇ ਤੋਂ ਪ੍ਰਭਾਵਤ ਹੋਣ ਦੀਆਂ ਗੱਲਾਂ ਇਕ ਦਮ ਨਿਰਅਧਾਰ ਹੀ ਨਹੀਂ ਹੋ ਜਾਂਦੀਆਂ ਬਲਕਿ ਨਿਰਸੰਦੇਹ ਆਖ ਸਕਦੇ ਹਾਂ ਕਿ ਉਨ੍ਹਾਂ ਦਾ ਧਰਮ-ਮਤ ਤੇ ਆਸੇ ਤੋਂ ਬਾਣੀ ਤੋਂ ਅਨਜਾਣ ਲੋਕ ਹੀ ਅਜਿਹਾ ਕੂੜ ਆਖ ਸਕਦੇ ਹਨ, ਨਾਨਕ-ਬਾਣੀ, ਸਿੱਖ-ਧਰਮ ਪੰਥ ਦੇ ਉਨ੍ਹਾਂ ਸਭਨਾਂ ਅਧਾਰਾਂ ਦਾ ਮੂਲ ਹੈ, ਜੋ ਇਕ ਵੱਖਰੇ ਮੌਲਿਕ ਤੇ ਸੁਤੰਤਰ ਧਰਮ ਦੇ ਰੂਪ ਵਿਚ ਪਿੱਛੋਂ ਹੋਏ ਗੁਰੂ ਸਾਹਿਬਾਨ ਨੇ ਪ੍ਰਚਾਰੇ ਸਨ। ਇਨ੍ਹਾਂ ਵਿਚਾਰਾਂ ਦਾ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਪਾਸ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਜੀ ਦਾ ਵਾਕ ਹੈ।

**ਹੋਰੁ ਫਕੜੁ ਹਿੰਦੂ ਮੁਸਲਮਾਣੈ ॥ (ਰਾਮਕਲੀ ਵਾਰ, ਮਹਲਾ 1)**

ਗੁਰੂ ਅਰਜਨ ਜੀ ਦਾ ਹੁਕਮ ਹੈ

**ਨਾ ਹਮ ਹਿੰਦੂ ਨਾ ਮੁਸਲਮਾਨ (ਭੈਰਉ ਮਹਲਾ 5)**

ਕੀ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਦਾ ਇਹ ਵਾਕ 'ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ।' ਉਪਰੋਕਤ ਵਾਕਾਂ ਦੀ ਹੀ ਵਿਆਖਿਆ ਨਹੀਂ?

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਇਸ ਸਿਧਾਂਤ ਦੀ ਵਿਆਖਿਆ ਜੇ, 'ਹਮ ਹਿੰਦੂ ਨਹੀਂ' ਦਾ ਨਾਹਰਾ ਲਗਾ ਕੇ ਕੀਤੀ, ਇਹ ਕੋਈ ਨਵੀਂ ਗੱਲ ਨਹੀਂ ਸੀ, ਜਿਵੇਂ ਕਈ ਲੋਕ ਆਖਦੇ ਹਨ ਇਹ ਨਾਹਰਾ ਅੰਗਰੇਜ਼ਾਂ ਨੇ ਸਿੱਖਾਂ ਨੂੰ ਦਿੱਤਾ ਜਾਂ ਸਿੰਘ-ਸਭੀਆਂ ਨੇ ਇਹ ਨਵੀਂ ਨਿਖੇੜੂ ਰੁਚੀ ਵਰਤਣੀ ਅਰੰਭੀ, ਸਿੰਘ ਸਭਾ ਦੇ ਸੇਵਕਾਂ ਦੀ ਭਾਵਨਾ ਖਾਲਸਾ-ਪੰਥ ਦੇ ਉਸੇ ਵੱਖਰੇ ਵਜੂਦ ਦੇ ਪ੍ਰਚਾਰ ਵਾਲੀ ਸੀ, ਜਿਸ ਦੀ ਨੀਂਹ ਸਿੱਖੀ ਦੇ ਆਦਿ-ਕਾਲ ਤੋਂ ਪੈ ਚੁੱਕੀ ਸੀ । ਇਸ ਸਿਧਾਂਤ ਉੱਤੇ ਅਰੰਭਕ ਅਮਲ - ਦਸਮੇਸ਼ ਜੀ ਦੇ ਸਮੇਂ ਤਕ ਨਿਸ਼ਚਿਤ ਰੂਪ ਵਿੱਚ ਹੋ ਚੁੱਕਿਆ ਸੀ, ਜਿਨ੍ਹਾਂ ਦਾ ਬਚਨ ਹੈ 'ਦੋਹੂੰ ਪੰਥ ਮੈਂ ਕਪਟ ਵਿੱਦਿਆ ਚਲਾਨੀ । ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ।'

ਜਿਸ ਬਾਰੇ ਦੂਜੇ ਭਾਈ ਗੁਰਦਾਸ ਜੀ ਦਾ ਵਾਕ ਹੈ-

'ਤੀਸਰ ਪੰਥ ਰਚਾਇਨੁ ਵਡ ਸੂਰ ਗਹੇਲਾ।'

ਜੋ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਵੇਲੇ ਦੀਆਂ ਰਸਮਾਂ-ਰੀਤਾਂ ਤੇ ਉਸ ਤੋਂ ਪਿੱਛੋਂ ਸਿੱਖ ਰਈਸਾਂ ਦੇ ਅਚਾਰ-ਵਿਵਹਾਰ ਨੂੰ ਸਿੱਖੀ ਦਾ ਪ੍ਰਮਾਨ ਮੰਨ ਕੇ, ਸਿੱਖੀ ਦੇ ਫਿਰ ਮੁੜ ਸੋਧੇ ਹੋਏ ਰੂਪ ਦੀ ਸੇਵਾ ਦੇ ਕਾਰਜਾਂ ਨੂੰ ਸਿੰਘ ਸਭੀਆਂ ਦੀ ਨਵੀਂ ਕਾਢ, ਜਾਂ ਅੰਗਰੇਜ਼ਾਂ ਦੀ ਦੇਣ ਤੇ ਸਿੰਘ ਸਭੀਆਂ ਦਾ ਨਵੀਂ ਕਿਸਮ ਦਾ ਪ੍ਰਚਾਰ ਆਖਦੇ ਹਨ, ਉਹ ਸਿੱਖੀ ਦੇ ਆਦਿ-ਕਾਲ ਤੋਂ ਚੱਲੀ ਹੋਈ ਵਿਚਾਰ-ਧਾਰਾ ਜਾਨਣ ਦਾ ਯਤਨ ਕਰਨ। ਸਿੱਖ-ਧਰਮ, ਇਕ ਸੁਤੰਤਰ ਮੌਲਿਕ ਧਰਮ ਹੋਣ ਕਾਰਨ, ਸਭ ਸ਼੍ਰੇਣੀ-ਧਰਮਾਂ ਨਾਲੋਂ, ਇਸ ਕਾਰਨ ਜ਼ਰੂਰ ਵਿਲੱਖਣ ਹੈ ਕਿ, ਇਹ ਆਪਣੀ ਹੋਂਦ ਰੱਖਦਿਆਂ ਹੋਇਆਂ ਆਪਣੇ ਸਾਰੇ ਸਾਧਨਾਂ ਨਾਲ ਸਭਨਾਂ ਦਾ ਭਲਾ ਮਨਾਉਣ ਵਾਲਾ ਧਰਮ-ਪੰਥ ਹੁੰਦਿਆਂ, ਇਸ ਦਾ ਆਸਾ ਤੇ ਸਿੱਖਿਆ ਸਰਬੱਤ ਦੇ ਭਲੇ ਵਾਲੀ ਹੈ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

ਪਰ ਇਹ ਕੁਝ ਸਿੱਖੀ ਤੱਦ ਹੀ ਕਰ ਸਕਦੀ ਹੈ, ਜੇ ਉਸ ਦਾ ਸ਼ੁੱਧ ਤੇ ਤੀਖਣ ਸਵਰੂਪ ਕਾਇਮ ਦਾਇਮ ਰਹੇ, ਨਾ ਕਿ ਆਪਣੀ ਹੋਂਦ ਖਤਮ ਕਰ ਕੇ, ਅਤੇ ਸਰੂਪ ਨੂੰ ਘਸਮੈਲਾ, ਖੁੰਡਾ ਤੇ ਮਿੱਟੀ-ਘੱਟੇ ਰੋਲ ਕੇ ਵੀ ਕਿਸੇ ਚੀਜ਼ ਦਾ ਉਹ ਵਜੂਦ ਰਹਿ ਜਾਂਦਾ ਹੈ ਜਿਸ ਨਾਲ ਕੁਝ ਸਾਰਥਕ ਕਾਰਜ ਕੀਤਾ ਜਾ ਸਕਦਾ ਹੋਵੇ ? ਕਿਸੇ ਜਿਰਾਹ (ਸਰਜਨ) ਦੇ ਔਜਾਰ ਤੱਦ ਹੀ ਸੁਖਦਾਈ ਅਪਰੇਸ਼ਨ ਕਰਦੇ ਹਨ, ਜੇ ਉਹ ਤੀਖਣ ਤੇ ਸ਼ੁੱਧ ਰਹਿਣ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਤਕ ਦੇ ਸਮੇਂ ਦੇ ਪ੍ਰਭਾਵਾਂ ਦੀ ਸਿੱਖੀ ਉਤੇ ਛਾਈ ਧੂੜ-ਅੱਟੀ ਦਸ਼ਾ ਅਤੇ ਜੀਵਨ-ਰਸ ਚੂਸ ਰਹੀ, ਬ੍ਰਹਿਮਣੀ ਅਮਰਵੇਲ ਨੂੰ ਧੂਹ-ਧੂਹ ਕੇ ਗਲੋਂ ਲਾਹਿਆ ਅਤੇ ਹੇਠਾਂ ਤੋਂ ਸਿੱਖੀ ਦੇ ਬ੍ਰਿਛ ਦੇ ਮੂਲ ਰੂਪ ਵਿਚ ਮੁੜ ਲਗਰਾਂ ਉਗਾਉਣ ਦਾ ਵਾਯੂ ਮੰਡਲ ਰਚਿਆ। ਇਸ ਤੋਂ ਪਹਿਲਾਂ, 'ਬਾਰਾਂ ਮਿਸਲਾਂ' ਦੇ ਸਮੇਂ ਤੋਂ ਲੈ ਕੇ, ਜਦੋਂ ਖਾਲਸਾ ਜੀ ਦਾ ਬਹੁਤ ਸਮਾਂ ਆਪਣੀ ਰਹਿਤ-ਮਰਯਾਦਾ, ਤੇ ਸੱਭਯ ਸਰੂਪ ਦੇ ਵਿਕਾਸ ਦੀ ਥਾਂ, ਆਪਣੇ ਵਜ਼ੂਦ ਦੇ ਫਿਕਰ ਵਿਚ ਹੀ ਗੁਜ਼ਰਦਾ ਸੀ-ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਪਿੱਛੋਂ ਅੱਧੀ ਸਦੀ ਦਾ ਸਮਾਂ ਸਿੱਖੀ ਸਿਧਾਂਤਾਂ ਉੱਤੇ ਬ੍ਰਾਹਮਣੀ ਪ੍ਰਭਾਵਾਂ ਦੀ ਬੋਹੜ ਦੀ ਛਾਂ ਹੇਠਾਂ ਪੀਲੇ ਤੇ ਮਾਂਦਾ ਪਏ ਬੂਟੇ ਦੇ ਰੂਪ ਵਾਲਾ ਹੈ । ਦੇਖਣ ਨੂੰ ਭਾਵੇਂ ਉਹ 'ਕਾਲ' ਸਿੱਖਾਂ ਪਾਸ ਰਾਜ-ਸ਼ਕਤੀ ਹੋਣ ਕਾਰਨ ਐਸਵਰਜ ਦੀ ਸਿਖਰ ਹੀ ਲਗਦਾ ਹੈ, ਪਰ ਉਦੋਂ ਗੁਰਮਤਿ ਪ੍ਰਭਾਵੀ ਸਿੱਖ ਸੰਗਤਾਂ ਦੇ ਵਿਕਾਸ, ਪੰਥਕ ਸੰਗਠਨ ਤੇ ਕੇਂਦਰੀ ਜਥੇਬੰਦੀ ਦਾ ਅਭਾਵ ਹੀ ਨਜ਼ਰ ਪੈਂਦਾ ਹੈ । ਪੰਥਕ ਗੁਰਮਤੇ ਦੀ ਵਿਚਾਰਧਾਰਾਂ ਦੇ ਵੀ ਉਦੋਂ ਪੈਰ ਨਾ ਲੱਗ ਸਕੇ ।

ਸਿੱਖ ਰਾਜ-ਸੱਤਾ ਦੇ ਖੇਰੂੰ-ਖੇਰੂੰ ਹੋ ਜਾਣ ਦਾ ਕਾਰਨ ਕੀ ਸੀ? ਆਪਣੇ ਮੂਲ ਨਾਲੋਂ ਟੁੱਟ ਕੇ ਡਾਲੀ ਲੱਗਣਾ? ਦਾਤੇ ਨਾਲੋਂ; ਦਾਤ ਨੂੰ ਉੱਤਮ ਜਾਨਣਾ, ਇਸੇ ਕਾਰਨ ਮਹਾਰਾਜਾ ਰਣਜੀਤ ਸਿੰਘ 'ਖਾਲਸਾ ਦਰਬਾਰ' ਦਾ ਮਹਿਲ ਇੱਟ-ਇੱਟ ਹੋਇਆ। ਇਹ ਤੱਥ ਹੀ ਹੈ ਸਿੱਖ ਜਦੋਂ ਵੀ ਮੂਲ ਛੱਡ ਕੇ ਡਾਲੀ ਲੱਗਦੇ ਰਹੇ ਹਨ, ਓਦੋਂ ਹੀ ਅਧੋਗਤੀ ਦਾ ਵਰਤਾਰਾ ਵਰਤਦਾ ਰਿਹਾ ਹੈ :

**ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥**

ਜੇ ਉਸ ਵੇਲੇ ਪੰਥਕ ਜਥੇਬੰਦੀ ਤੇ ਸੰਗਤਾਂ ਹੁੰਦੀਆਂ ਤਾਂ ਉਹ ਅਧੋਗਤੀ ਕਦੇ ਤੇ ਕਿਵੇਂ ਵੀ ਨਾ ਵਰਤਦੀ ਜਿਸ ਕਾਰਨ ਸਿੱਖੀ ਕਈ ਦਹਾਕੇ ਸੰਭਲ ਨਾ ਸਕੀ । ਪਰ ਅਸੀਂ ਸੰਗਠਨ ਤੇ ਪੰਥਕ ਜਥੇਬੰਦੀ ਸੰਗਤਾਂ ਦੇ ਮਹੱਤਵ ਨੂੰ ਹਾਲਾਂ ਕੁਝ ਨਹੀਂ ਸਮਝਿਆ, ਜਦੋਂ ਸ਼ਕਤੀ ਆਉਂਦੀ ਹੈ ਉਸ ਪਿੱਛੇ ਸਭੋ ਕੁਝ ਛੱਡ ਕੇ ਦੌੜ ਪੈਂਦੇ ਹਾਂ, ਤੇ ਇਸ ਤਰ੍ਹਾਂ ਮੂਲ ਅਧਾਰ ਛੱਡ ਕੇ ਅੱਗੇ ਦੌੜਨ ਵਾਲਿਆਂ ਦਾ ਪਿੱਛਾ ਚੌੜ ਹੋ ਕੇ ਹੀ ਰਹਿੰਦਾ ਆਇਆ ਹੈ।

ਵਿਚਾਰਵਾਨਾਂ ਨੇ ਬੁੱਧ ਅਤੇ ਮਹਾਂਵੀਰ ਦੇ ਕਾਰਜਾਂ ਵਿਚ ਇਕ ਭੇਦ ਦੱਸਿਆ ਹੈ ਕਿ, ਮਹਾਂਵੀਰ ਜੋ ਜੈਨਾਂ ਦੇ ਚੌਵੀਵੇਂ ਤੀਰਥੰਕਰ ਸਨ, ਇਕ ਪਹਿਲਾਂ ਸਥਾਪਿਤ ਹੋਏ ਧਰਮ ਦੇ ਸੋਧਕ ਤੇ ਵਿਆਖਿਆਕਾਰ ਸਨ, ਜਦੋਂ ਕਿ ਬੁੱਧ ਜੀ, ਇਕ ਨਵੇਂ ਮੌਲਿਕ-ਧਰਮ ਦੇ ਜਨਮ-ਦਾਤਾ, ਜਿਵੇਂ ਗੁਰੂ ਨਾਨਕ ਜੀ ਸਿੱਖ-ਧਰਮ ਦੇ ਜਨਮ-ਦਾਤਾ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਸਿੱਖ-ਧਰਮ ਸੋਧਕ ਤੇ ਵਿਆਖਿਆਕਾਰ ਜਾਂ ਨਵ-ਨਿਰਮਾਤਾ। ਬੁੱਧ ਜੀ ਬਾਰੇ ਕਿਹਾ ਜਾਂਦਾ ਹੈ ਕਿ, ਉਨ੍ਹਾਂ ਪਹਿਲੇ ਧਰਮਾਂ ਦੀ ਸਖਤ ਅਲੋਚਨਾਂ ਕਰ ਕੇ ਆਪਣੇ ਧਰਮ ਦੀ ਨੀਂਹ ਧਰੀ ਸੀ।

ਗੁਰੂ ਨਾਨਕ ਜੀ ਦਾ ਸਥਾਨ ਬੇਸ਼ਕ, ਬੁੱਧ ਜੀ ਵਾਂਗ ਇਕ ਸੁਤੰਤਰ ਲੋਕ-ਧਰਮ ਦੇ ਸਥਾਪਿਤ ਵਾਲਾ ਹੈ, ਪਰ ਉਨ੍ਹਾਂ ਦੀ ਅਲੋਚਨਾ ਬੁੱਧ ਜੀ ਨਾਲੋਂ ਵੱਖਰੀ ਕਿਸਮ ਦੀ ਰਚਨਾਤਮਿਕ ਹੈ, ਗੁਰੂ ਨਾਨਕ ਜੀ ਨੇ ਪੂਰਵ ਸਥਾਪਿਤ ਧਰਮ-ਪੰਥਾਂ ਦਾ ਵਿਸ਼ਲੇਸ਼ਣ ਕਰ ਕੇ, ਉਨ੍ਹਾਂ ਦੀ ਸਾਰ-ਵਸਤੂ ਨੂੰ ਸਤਿਕਾਰਿਆ ਅਤੇ ਪ੍ਰਪੰਚੀ ਰੂਪ ਨੂੰ ਛੱਟ ਫੰਡ ਕੇ ਛਿਲਕੇ ਵਾਂਗ ਵੱਖ ਨਿਖੇੜਿਆ ਹੈ। ਇਕ ਵੱਧਿਓਂ ਕਿਸੇ ਧਰਮ-ਪੰਥ ਨੂੰ ਨਿਰਦੈਤਾ ਨਾਲ ਰੱਦ ਨਹੀਂ ਕੀਤਾ, ਮਸਲਨ ਗੁਰੂ ਨਾਨਕ-ਮਤ, ਵੇਦ-ਵਿਰੋਧੀ, ਪਰ ਜਿੰਨੀ ਕੁ ਸਾਰ-ਵਸਤੂ ਵੇਦਾਂ ਵਿੱਚ ਹੈ, ਉਹ ਅਣਸੁਣੀ ਹੀ ਛੱਡੀ ਜਾਣੀ ਠੀਕ ਨਹੀਂ ਸਮਝੀ, ਜਿਤਨੀ ਕੁ ਵਾਹਿਗੁਰੂ ਦੇ ਸਰੂਪ (ਨਾਮ) ਦੀ ਉੱਤਮ ਭਾਂਤ ਦੀ ਜਾਣਕਾਰੀ ਅਰੰਭਕ ਉਡਾਨਾਂ ਦੇ ਰੂਪ ਵਿਚ ਵੇਦਾ ਅੰਦਰ ਹੈ, ਉਹ ਵਿਚਾਰਨ ਵਾਲੀ ਵਸਤੂ ਕਰਾਰ ਦਿੱਤੀ ਹੈ :

**(1) ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥**
**ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥**

**(ਸੋਰਠ ਮ. 1)**

**(2) ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥**
**ਬਿਖਿਆ ਮੈਲੁ ਬਿਖਿਆ ਵਾਪਾਰੁ ॥ (ਮਲਾਰ ਮ. 3)**

**(3) ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥ (ਸੂਹੀ ਮ. 5)**

**( 4) ਵੇਦਾ ਮਹਿ ਨਾਮੁ ਉਤਮੁ ਸੋ**
**ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਇਹ ਦ੍ਰਿਸ਼ਟੀ ਦੂਜੇ ਧਰਮ-ਪੰਥਾਂ ਬਾਰੇ ਹੈ, ਜਿਸ ਵਿਚ ਉਨ੍ਹਾਂ ਦੇ ਧਾਰਨੀਆਂ ਨੂੰ ਆਪੋ ਆਪਣੇ ਤੇ ਧਰਮ-ਪੰਥਾਂ ਦੇ ਸਿਧਾਂਤਾਂ ਵਿੱਚ ਵੀ ਸਾਰ-ਵਸਤੂ ਪਛਾਣਣ ਦੀ ਪ੍ਰੇਰਨਾ ਦਿੱਤੀ ਗਈ ਹੈ :

**(1) ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥**

**(2) ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥**
**ਆਪਿ ਤਰੈ ਸਗਲੇ ਕੁਲ ਤਾਰੈ॥**

**(3) ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥**

**(4) ਦਇਆ ਦਿਗੰਬਰੁ ਦੇਹ ਬੀਚਾਰੀ॥**
**ਆਪਿ ਮਰੈ ਅਵਰਾ ਨਹ ਮਾਰੀ ॥**

**(5) ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥**

**(6) ਮੁਸਲਮਾਣੁ ਕਹਾਵਣੁ ਮੁਸਕਲੁ**
**ਜਾ ਹੋਇ ਤਾ ਮੁਸਲਮਾਣੁ ਕਹਾਵੈ॥**

ਇਹ ਰਚਨਾਤਮਕ ਦ੍ਰਿਸ਼ਟੀ ਗੁਰੂ ਨਾਨਕ ਜੀ ਨੇ ਸਭਨਾਂ ਧਰਮ-ਪੰਥਾਂ ਬਾਰੇ ਵਰਤੀ ਅਤੇ ਚੰਗੀ ਚੀਜ਼ ਨੂੰ ਚੰਗੀ, ਮੰਦੀ ਨੂੰ ਮੰਦੀ ਮੰਨ ਕੇ ਟੁਰਨ ਵਾਲੇ ਧਰਮ-ਪੰਥ ਦੀ ਉੱਚੀ ਕਦਰ ਕੀਮਤ ਵਾਲੀ ਸੋਚ ਆਪਣਿਆਂ ਅਨੁਯਾਈਆਂ ਵਿੱਚ ਭਰੀ, ਜਿਸ ਦੇ ਫਲ ਸਰੂਪ ਦਸਮੇਸ਼ ਜੀ ਨੇ ਦੇਹੁਰਾ ਮਸੀਤ ਦੇ ਭੇਦਾਂ ਤੋਂ ਉੱਪਰ ਉੱਠ ਕੇ ਪਰ ਆਪਣਾ ਮਾਰਗ ਸ਼ੁੱਧ ਰਖਦਿਆਂ ਹੋਇਆਂ ਸਮੁੱਚੇ ਨੂੰ ਸਮਝ ਕੇ ਚੱਲਣ ਦਾ ਉਪਦੇਸ਼ ਦਿੱਤਾ :

**ਬੇਦ ਕਤੇਬ ਕੇ ਭੇਦ ਸਬੈ ਤਜਿ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ ॥**

**(2) ਗੁਰਬਾਣੀ ਦੀ ਕਸਵੱਟੀ ਨਾਲ ਸਿੱਖ-ਸਾਹਿਤ ਦੀ ਪਰਖ:-**

ਮੱਧ-ਕਾਲੀਨ ਸਿੱਖ-ਸਾਹਿਤ ਨੂੰ ਗੁਰਬਾਣੀ ਦੀ ਰੌਸ਼ਨੀ ਤੇ ਉਸ ਦੀ ਕਸਵੱਟੀ ਉਤੇ ਪਰਖਣ ਨਿਰਖਣ ਦੀ ਸੋਝੀ, ਸਿੰਘ ਸਭਾ ਲਹਿਰ ਦੇ ਸੇਵਕਾਂ ਤੇ ਵਿਦਵਾਨਾਂ ਦੀ ਵਿਸ਼ੇਸ਼ ਦੇਣ ਹੈ। ਸਿੱਖ ਸਾਹਿਤ, ਜਨਮ-ਸਾਖੀਆਂ, ਸਾਖੀ ਪੁਸਤਕਾਂ ਤੇ ਬੰਸਾਵਲੀ-ਨਾਮਿਆਂ ਤੋਂ, ਗੁਰ-ਬਿਲਾਸ ਨਾਨਕ-ਪ੍ਰਕਾਸ਼, ਨਾਨਕ-ਵਿਜੈ, ਗੁਰੂ ਨਾਨਕ ਚੰਦ੍ਰਦਯ, ਗੁਰ-ਪ੍ਰਤਾਪ ਸੂਰਜ ਆਦਿ ਵੱਡ-ਅਕਾਰੀ ਗ੍ਰੰਥਾਂ ਦਾ ਰੂਪ ਧਾਰਨ ਕਰ ਕੇ ਪ੍ਰਕਾਸ਼ਤ ਹੋਇਆ, ਤਾਂ ਇਨ੍ਹਾਂ ਗ੍ਰੰਥਾਂ-ਲੇਖਕਾਂ ਦਾ ਦ੍ਰਿਸ਼ਟੀਕੋਣ, ਉਸ ਸਮੇਂ ਦੇ ਬ੍ਰਹਮਣੀ ਸਮਾਜ ਦੇ ਪ੍ਰਭਾਵ ਕਬੂਲਣ ਕਰ ਕੇ ਪੌਰਾਣਕ ਬਣ ਚੁਕਿਆ ਸੀ। ਗ੍ਰੰਥਾਂ ਲੇਖਕ ਦੀ ਫੀ ਜ਼ਮਾਨਾ ਇਹ ਦ੍ਰਿਸ਼ਟੀ ਤਾਂ ਸਮਝ ਆ ਸਕਦੀ ਹੈ, ਪਰ ਸਿੱਖ ਗੁਰੂਆਂ ਦੇ ਜੀਵਨ ਦੇ ਨਾਲ-ਨਾਲ ਇਤਿਹਾਸਕ ਗ੍ਰੰਥਾਂ ਵਿਚ ਪੌਰਾਣਕ ਕਥਾਵਾਂ ਦੀ ਭਰਮਾਰ ਅਤੇ ਉਨ੍ਹਾਂ ਜਿਹੀਆਂ ਪੌਰਾਣਕ ਵਾਰਤਾਵਾਂ ਕਲਪ ਕੇ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰਾਂ ਨੂੰ ਅੰਕਤ ਕਰਨਾ ਬਿਲਕੁਲ ਹੀ ਹੈਰਾਨ ਕਰਨ ਵਾਲੀ ਦਸ਼ਾ ਹੈ, ਕਈ ਥਾਵਾਂ 'ਤੇ ਇੰਝ ਲਗਦਾ ਹੈ, ਜਿਵੇਂ ਸਿੱਖੀ ਦੇ ਸਿਧਾਂਤ ਤੇ ਗੁਰ-ਵਾਕ ਏਨਾ ਮਹਾਨ ਵਿਦਵਾਨ ਲੇਖਕਾਂ ਨੇ ਪੜ੍ਹੇ ਵਿਚਾਰੇ ਹੀ ਨਹੀਂ ਹੁੰਦੇ।

ਇਨ੍ਹਾਂ ਇਤਿਹਾਸਕ ਗ੍ਰੰਥਾਂ ਨੇ ਸਿੱਖ-ਗੁਰੂਆਂ ਦੀ ਵਿਥਿਆ ਪੌਰਾਣਕ ਢੰਗਾਂ ਨਾਲ ਨਿਰੂਪਣ ਕਰਕੇ ਜਿੱਥੇ ਇਤਿਹਾਸਕ ਤੱਥਾਂ ਦਾ ਘੋਲੂਆ ਜਿਹਾ ਬਣਾ ਧਰਿਆ ਸੀ, ਉੱਥੇ ਸਿੱਖ ਧਰਮ ਦੇ ਵਿਲੱਖਣ ਵਜੂਦ, ਸੁਤੰਤਰ ਅਤੇ ਮੌਲਿਕ ਧਰਮ ਦੀ ਮਹੱਤਤਾ ਦੇ ਆਧਾਰ ਵੀ ਸੰਦੇਹ-ਜਨਕ ਬਣਾ ਦਿੱਤੇ ਸਨ । ਇਨ੍ਹਾਂ ਗ੍ਰੰਥਾਂ ਦੀ ਸੰਤਾਂ-ਸਾਧੂਆਂ ਵਲੋਂ ਸਵੇਰੇ-ਸ਼ਾਮ ਕਥਾ-ਵਾਰਤਾ, ਭਾਵੇਂ ਸਾਧਾਰਨ ਤੌਰ 'ਤੇ ਜਨਤਾ ਲਈ ਲਾਭਵੰਦੀ ਸੀ, ਪਰ ਹੰਸ-ਚੋਗ-ਬ੍ਰਿਤੀ ਦੀ ਵਰਤੋਂ ਨਾ ਹੋਣ ਕਾਰਨ ਇਹ ਪ੍ਰਥਾ ਨਾਲੋ ਨਾਲ ਸਿੱਖੀ ਉੱਤੇ ਮਾਰੂ ਅਸਰ ਕਰਨ ਵਾਲੀ ਸੀ। ਗੁਰੂ ਸਾਹਿਬਾਨ ਜੀ ਦੇ ਵਿਆਹਾਂ-ਸ਼ਾਦੀਆਂ ਸਮੇਂ ਕਥਿਤ ਰਾਜਸੀ ਅਡੰਬਰ ਤੇ ਠਾਠ, ਬ੍ਰਾਹਮਣੀ ਰੀਤਾਂ-ਰਿਵਾਜ਼ਾਂ ਅਨੁਸਾਰ ਗੁਰੂ ਪ੍ਰਵਾਰਾਂ ਦੇ ਸੰਸਕਾਰ ਲਈ ਭਾਂਤ-ਸੁ-ਭਾਂਤੀਆਂ ਅਤਿ-ਕਥਨੀਆਂ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਦੁਰਗਾ-ਪੂਜਣ ਪ੍ਰਸੰਗ' ਇੰਨਾ ਵਧਾ ਚੜ੍ਹਾ ਕੇ ਲਿਖਿਆ ਮਿਲਦਾ ਹੈ, ਜਿਵੇਂ ਦਸਮੇਸ਼ ਜੀ ਆਪਣੇ ਵਡੇਰਿਆਂ ਤੇ ਪੈਣ ਕਰ ਕੇ ਉਹ ਵੀ ਬ੍ਰਿਜ-ਭਾਸ਼ਾ ਦੀ ਗੂੜ੍ਹ ਕਾਵਯ-ਸ਼ੈਲੀ ਨੂੰ ਛੱਡ ਕੇ ਸਪਸ਼ਟ ਤੇ ਸਰਲ ਵਾਰਤਕ 'ਨਾਨਕ-ਪੰਥ' ਦੇ

ਸਮਰੱਥਕ ਹੋਣ ਦੀ ਥਾਂ ਕਿਸੇ ਹੋਰ, ਉਹ ਵੀ ਸਾਕਤ ਮਤ ਦੇ ਹੀ ਧਾਰਨੀ ਹੋਣ। ਇਤਿਹਾਸ ਵਿਚ ਦਾਖਲ ਕੀਤੇ ਗਏ ਇਨ੍ਹਾਂ ਭਰਮ-ਭੁਲੇਖੇ ਭਰੇ ਇਤਿਹਾਸਕ ਪ੍ਰਸੰਗਾਂ ਨੂੰ ਮੁੱਖ ਰੱਖ ਕੇ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਭਾਸ਼ਨਾਂ, ਲੇਖਾਂ ਤੇ ਪੁਸਤਕਾਂ ਰਾਹੀਂ ਸ਼ੰਕੇ ਦੂਰ ਕਰਨ ਦਾ ਕਾਰਜ ਆਰੰਭਿਆ ਜਿਨ੍ਹਾਂ ਵਿੱਚੋਂ ਅਨੇਕਾਂ ਲੇਖਾਂ ਤੇ ਭਾਸ਼ਨਾਂ ਤੋਂ ਇਲਾਵਾ, ਭਾਈ ਦਿੱਤ ਸਿੰਘ ਜੀ ਦਾ 'ਦੁਰਗਾ ਪ੍ਰਬੋਧ -ਗ੍ਰੰਥ' ਜੋ ਖਾਸ ਕਰ ਕੇ ਮਹੱਤਤਾ ਭਰਿਆ ਹੈ, ਇਸ ਪ੍ਰਥਾ ਨੂੰ ਪਿੱਛੋਂ ਜਾ ਕੇ ਭਾਈ ਵੀਰ ਸਿੰਘ ਜੀ ਨੇ 'ਦੇਵੀ-ਪੂਜਣ-ਪੜਤਾਲ' ਪੁਸਤਕ ਰਚ ਕੇ ਅੱਗੇ ਵਧਾਇਆ, ''ਗੁਰ-ਪ੍ਰਤਾਪ-ਸੂਰਜ'' ਸਮੇਂ ਵੀ ਉਨ੍ਹਾਂ ਜੋ ਸੋਧਾਂ ਭਰੇ ਅਨੇਕਾਂ ਫੁਟ-ਨੋਟ ਦਿੱਤੇ ਹਨ, ਇਹ ਸਿੰਘ ਸਭਾ ਲਹਿਰ ਦੀ ਦ੍ਰਿਸ਼ਟੀ ਦਾ ਹੀ ਪ੍ਰਤੀਕਰਮ ਹਨ ।

ਇਤਿਹਾਸਕ-ਪੱਖ ਤੋਂ ਪ੍ਰੋ. ਗੁਰਮੁੱਖ ਸਿੰਘ ਜੀ ਨੇ 'ਹਾਫਜ਼ਾਬਾਦੀ ਜਨਮ-ਸਾਖੀ', ਜੋ ਹਰ ਪੁਰਾਤਨ ਜਨਮ-ਸਾਖੀ ਕਰ ਕੇ ਜਾਣੀ ਜਾਂਦੀ ਹੈ, ਦੇ ਛਾਪਣ ਦੇ ਪਹਿਲੇ ਯਤਨਾਂ ਤੋਂ ਹੱਥ-ਲਿਖ ਪੁਸਤਕਾਂ ਛਾਪਣ ਤੇ ਸੰਪਾਦਨ ਕਰਨ ਦੀ ਲੜੀ ਟੁਰਦੀ ਹੈ ਤੇ ਸ. ਕਰਮ ਸਿੰਘ ਦੀਆਂ ਖੋਜਾਂ ਨਾਲ ਇਹ ਕਾਰਜ ਸਿੱਖਰਾਂ ਉੱਤੇ ਪੁੱਜਦਾ ਹੈ, ਜਿਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਣ ਲਈ (ਸੰਨ 1931) ਵਿਚ ਖਾਲਸਾ ਕਾਲਜ ਵਿਚ ਇਤਿਹਾਸ-ਵਿਭਾਗ ਕਾਇਮ ਕੀਤਾ ਗਿਆ ਸੀ ਇਸ ਮਹਿਕਮੇ ਦੀ ਸਥਾਪਨਾ ਸਿੰਘ ਸਭਾ ਲਹਿਰ ਦੇ ਖੋਜੀ ਪ੍ਰਭਾਵਾਂ ਦਾ ਹੀ ਫਲ ਸੀ।

ਆਪਣੇ ਪੁਰਾਣੇ ਇਤਿਹਾਸਕ ਤਥਾਂ ਨੂੰ ਸੋਧਣ-ਪ੍ਰਬੋਧਣ ਦੇ ਨਾਲ-ਨਾਲ ਹੋਰਨਾਂ ਧਰਮਾਂ ਬਾਰੇ ਜਾਣਕਾਰੀ, ਖਾਸ ਕਰ ਅਨ-ਮਤੀਆਂ ਦੇ ਸਿੱਖ ਧਰਮ ਉੱਪਰ ਕੀਤੇ ਜਾ ਰਹੇ ਹਮਲਿਆਂ ਦੇ ਉੱਤਰ ਵਿੱਚ ਲਿਖੇ ਗ੍ਰੰਥ, ਇਸ ਕਾਲ ਦੇ ਡੂੰਘੇ ਤੇ ਤੀਖਣ ਭਾਂਤ ਦੇ ਤੁਲਨਾਤਮਿਕ ਅਧਿਐਨ ਹਨ, ਜਿਨ੍ਹਾਂ ਜਿਹੇ ਸਿੱਖੀ ਹਿਤੈਸ਼ੀ ਭਾਵਨਾ ਵਾਲੇ ਯਤਨ ਅਸੀਂ ਅੱਜ ਕਿੱਧਰੋਂ ਢੂੰਡਿਆਂ ਵੀ ਨਹੀਂ ਲੱਭ ਸਕਦੇ। ਗ੍ਰੰਥਾਂ ਤੋਂ ਇਲਾਵਾ, ਛੋਟੇ ਛੋਟੇ ਪੈਂਫਲਿਟ ਇਸ ਸਮੇਂ ਭਾਰੀ ਗਿਣਤੀ ਵਿਚ ਲਿਖੇ ਤੇ ਛਾਪੇ ਗਏ, ਇਹ ਯਤਨ ਗ੍ਰੰਥਾਂ ਤੇ ਟਰੈਕਟਾਂ ਤੋਂ ਤਾਂ ਭਾਵੇਂ ਛੋਟੇ ਹੀ ਸਨ, ਪਰ ਹੈ ਸਨ ਗਿਆਨ ਦੇ ਵੱਡੇ ਵੱਡੇ ਵਿਸ਼ਿਆਂ ਦੇ ਨਿਚੋੜ। ਅਜਿਹੇ ਟਰੈਕਟਾਂ ਦੇ ਛਾਪਣ ਵਿਚ ਖਾਲਸਾ-ਟਰੈਕਟ-ਸੋਸਾਇਟੀ, ਅੰਮ੍ਰਿਤਸਰ ਦੀ ਸਥਾਪਨਾ ਅਤੇ ਉਸ ਦਾ ਯੋਗਦਾਨ ਵੀ ਮਹਾਨ ਹੈ। ਪੰਚ-ਖਾਲਸਾ-ਦੀਵਾਨ ਭਸੌੜ ਨੇ ਵੀ ਇਸ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਭਾਈ ਮੋਹਨ ਸਿੰਘ ਵੈਦ ਦੀ ਸੇਵਾ ਵੀ ਵਰਨਣਯੋਗ ਹੈ। ਸਿੱਖੀ ਦੇ ਵੱਖੋ ਵੱਖਰੇ ਪਹਿਲੂਆਂ ਨੂੰ ਨਿਖਾਰਨ ਅਤੇ ਪ੍ਰਚਾਰਨ ਵਾਲੀਆਂ ਸਿਧਾਂਤਕ ਪੁਸਤਕਾਂ ਵਿਚ ਭਾਈ ਕਾਨ੍ਹ ਸਿੰਘ ਜੀ ਲਿਖਤ 'ਗੁਰਮਤਿ-ਸੁਧਾਖਰ' ਤੇ 'ਗੁਰਮਤਿ ਪ੍ਰਭਾਕਰ' ਦਾ ਬੁਨਿਆਦੀ ਅਸਥਾਨ ਹੈ, ਉਨ੍ਹਾਂ ਦੀ ਲਿਖੀ 'ਹਮ-ਹਿੰਦੂ-ਨਹੀਂ' ਪੁਸਤਕ ਇਸ ਰੌਲੇ-ਘਚੋਲੇ ਵਿਚੋਂ ਸਿੱਖੀ ਨੂੰ ਕੱਢਣ ਦਾ ਇਕ ਚਾਨਣ-ਮੁਨਾਰਾ ਮੰਨੀ ਜਾਂਦੀ ਰਹੀ ਹੈ, ਜਿਸ ਦੀ ਪਰੋੜ੍ਹਤਾ ਵਿਚ ਛਾਪੇ ਗਏ ਤਖਤਾਂ ਦੇ ਹੁਕਮਨਾਮਿਆਂ, ਪੰਥਕ ਸੰਸਥਾਵਾਂ ਦੇ ਫੈਸਲਿਆਂ ਨੇ ਸੋਨੇ ਉਤੇ ਸੁਹਾਗੇ ਵਾਲਾ ਕੰਮ ਕੀਤਾ।

ਗਿਆਨੀ ਗਿਆਨ ਸਿੰਘ ਜੀ ਨੇ ਜਿਤਨੇ ਗ੍ਰੰਥਾਂ ਦੀ ਰਚਨਾ ਕੀਤੀ ਉਨ੍ਹਾਂ ਵਿੱਚੋਂ ਕੁਝ ਜਿਵੇਂ ਕਿ ਅਸੀਂ ਦੇਖਦੇ ਸਿੰਘ ਸਭਾ ਲਹਿਰ ਦੇ ਉੱਠਣ ਦੇ ਹਨ, ਕੁਝ ਆਰੰਭ ਕਾਲ ਦੇ, ਉਨ੍ਹਾਂ ਦੀ ਲਿਖਣ ਸ਼ੈਲੀ 'ਤੇ ਇਕ ਦਮ ਸਿੰਘ ਸਭਾ ਵਾਲੇ ਸੁਧਾਰਕ ਵਿਚਾਰਾਂ ਦਾ ਪ੍ਰਬਲ ਪ੍ਰਭਾਵ ਪੈਣ ਕਰਕੇ ਉਹ ਵੀ ਬ੍ਰਿਜ-ਭਾਸ਼ਾ ਦੀ ਗੂੜ੍ਹ ਕਾਵਯ ਸ਼ੈਲੀ ਨੂੰ ਛੱਡ ਕੇ ਸਪਸ਼ਟ ਤੇ ਤਰਲ ਵਾਰਤਕ ਵਿਚ ਲਿਖਣ ਲੱਗ ਪਏ ਸਨ। ਤਵਾਰੀਖੀ ਨੁਕਤਾ-ਨਿਗਾਹ ਮੁੱਖ ਰੱਖਣ ਤੋਂ ਇਲਾਵਾ, ਉਨ੍ਹਾਂ ਦਾ ਪੌਰਾਣਕ ਵਾਰਤਾਵਾਂ ਤੋਂ ਬਚਣ ਦੇ ਯਤਨ ਅਤੇ ਚੇਤਨਾ ਪ੍ਰਬਲ ਤੌਰ 'ਤੇ ਕੰਮ ਕਰਦੀ ਕਈ ਥਾਂ ਪ੍ਰਤੱਖ ਦਿੱਸਦੀ ਹੈ। ਆਪ ਜੀ ਦੇ ਗ੍ਰੰਥਾਂ ਦੀਆਂ ਜਦੋਂ ਦੂਜੀਆਂ ਐਡੀਸ਼ਨਾਂ ਛਾਪੀਆਂ ਗਈਆਂ ਤਾਂ ਉਨ੍ਹਾਂ ਜੋ ਵਾਧੇ ਤੇ ਫੁੱਟ ਨੋਟ ਦਿੱਤੇ ਅਤੇ ਸੋਧਾਂ ਦਿੱਤੀਆਂ, ਉਹ ਸੱਭ ਉੱਠ ਰਹੀ ਸਿੰਘ ਸਭਾ ਲਹਿਰ ਦੇ ਪ੍ਰਭਾਵਾਂ ਦਾ ਹੀ ਫਲ਼ ਸੀ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਕੁਝ ਕਿਤਾਬਾਂ ਦੀ ਰਚਨਾ ਤਾਂ ਹੋਈ ਹੀ ਸਿੰਘ ਸਭਾ ਦੇ ਪ੍ਰਭਾਵਾਂ ਹੇਠਾਂ ਸੀ, ਜਿਨ੍ਹਾਂ ਵਿੱਚੋਂ '' ਖ਼ਾਲਸਾ ਪਤਿਤ ਪਾਵਨ', 'ਰਿਪਦਮਨ ਪ੍ਰਕਾਸ਼', 'ਗੁਰਧਾਮ ਦਰਸ਼ਨ', 'ਭੁਪਿੰਦਰ-ਆਨੰਦ ਪ੍ਰਕਾਸ਼' ਆਦਿਕ ਗ੍ਰੰਥ ਵਰਨਣਯੋਗ ਹਨ।

ਮਨਮਤੀ ਪ੍ਰਭਾਵ ਪਾਉਣ ਵਾਲੀਆਂ ਸਿੱਖ ਇਤਿਹਾਸਕ ਰਚਨਾਵਾਂ, ਗੁਰਬਾਣੀ ''ਗੁਰੂ'' ਨੂੰ ਕਸਵਟੀ ਬਣਾ ਕੇ ਪ੍ਰਖਣ ਨਿਰੱਖਣ ਦੀ ਬੋਲੀ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜਾਗਰਿਤ ਕੀਤੀ ਅਤੇ ਪਾਰਖੂ ਬਿਰਤੀ ਨਾਲ ਦੁੱਧ ਤੇ ਪਾਣੀ ਨਿਖੇੜ ਕੇ ਕੱਚ ਦਾ ਤਿਆਗ ਅਤੇ ਸੱਚ ਵਿਹਾਂਝਣ ਦੀ ਰੁਚੀ ਨੂੰ ਤੀਖਣ ਕੀਤਾ, ਜਿਸ ਨਾਲ ਪਿਛਲਾ ਸਾਰਾ ਕੁਝ ਅੰਵੇ-ਅੰਵ ਕਰ ਕੇ ਨਿਖੇੜਿਆ ਅਤੇ ਨਵੀਂ ਸਾਹਿਤ ਰਚਨਾ ਇਸ ਪੱਖ ਤੋਂ ਚੇਤਨ ਹੋ ਕੇ ਕੀਤੀ ਜਾਣ ਲੱਗੀ, ਜਿਸ ਦੇ ਫਲਸਰੂਪ ਪ੍ਰਾਚੀਨ ਪੁਸਤਕਾਂ ਛਪਣੀਆਂ ਸ਼ੁਰੂ ਹੋਈਆਂ, ਨਾਲ ਹੀ ਪੁਰਾਣੇ ਸਾਹਿਤ ਨੂੰ ਸੰਪਾਦਨ ਕਰ ਕੇ ਪ੍ਰਕਾਸ਼ਨ ਦੀ ਪ੍ਰਥਾ ਜਾਰੀ ਹੋਈ।

**(3) ਰਹੁ ਰੀਤਾਂ ਤੇ ਮਰਿਯਾਦਾ ਦੇ ਅਡੰਬਰੀ ਰੂਪ ਤੋਂ ਬਚਾਓ:-**

ਰਹੁ-ਰੀਤਾਂ ਤੇ ਮਰਿਯਾਦਾ ਕਿਸੇ ਵੀ ਧਰਮ ਦੀ ਅੰਦਰਲੀ ਰੂਹ ਦਾ ਬਾਹਰਮੁਖੀ ਪ੍ਰਗਟਾਉ ਹੁੰਦੀਆਂ ਹਨ। ਸਿੱਖ-ਗੁਰੂ-ਸਾਹਿਬਾਨ ਨੇ ਕਰਮ ਕਾਂਡੀ ਅਡੰਬਰ ਅਤੇ ਵਾਧੂ ਦੇ ਝੰਜਟਾਂ ਤੋਂ ਰਹਿਤ ਜੋ ਗੁਰਮੁਖਤਾ ਦਾ ਗਾਡੀ ਰਾਹ ਚਲਾਇਆ ਸੀ, ਉਸ ਦੇ ਪ੍ਰਮਾਣੀਕ ਤੇ ਸਿਧਾਂਤਕ ਅਧਾਰ ਅਤੇ ਰਹਿਤ ਮਰਯਾਦਾ ਦੇ ਸੰਕੇਤ ਗੁਰੂ-ਵਾਕ ਹਨ ਅਤੇ ਉਨ੍ਹਾਂ ਦੀ ਵਿਆਖਿਆ ਸਿੱਖ-ਸਾਹਿਤ ਤੇ ਸਿਧਾਂਤਕ ਗ੍ਰੰਥਾਂ, ਰਹਿਤਨਾਮਿਆਂ ਤੇ ਇਤਿਹਾਸਕ ਗਰੰਥਾਂ ਦੇ ਪ੍ਰਸੰਗਾਂ ਅਤੇ ਸਾਖੀਆਂ ਦੇ ਰੂਪ ਵਿੱਚ ਮਿਲਦੀ ਹੈ।

ਛੇਵੇਂ ਪਾਤਸ਼ਾਹ ਦੀ ਸਮਕਾਲੀ ਪੁਸਤਕ 'ਦਬਿਸਤਾਨ ਮਜ਼ਾਹਬ' ਦਾ ਲੇਖਕ ਲਿਖਦਾ ਹੈ 'ਨਾਨਕ-ਪੰਥੀ ਸਿੱਖ ਹਿੰਦੂਆਂ ਦੇ ਤੀਰਥਾਂ ਤੇ ਦੇਵੀ ਦੇਵਤਿਆਂ ਨੂੰ ਨਹੀਂ, ਸਿੱਖ ਸੰਸਕ੍ਰਿਤ ਨੂੰ ਦੇਵ-ਭਾਸ਼ਾ ਵੀ ਨਹੀਂ ਮੰਨਦੇ।

ਪਰ ਅਸੀਂ ਵੇਖਦੇ ਹਾਂ ਨਾਨਕ-ਪੰਥੀਆਂ ਦੀ ਇਸ ਧਾਰਨਾ ਅਤੇ ਵਿਰੋਧ ਦੇ ਬਾਵਜੂਦ, ਗੁਰੂ ਗੋਬਿੰਦ ਸਿੰਘ ਜੀ ਦੇ ਯੁੱਗ-ਪਲਟਾਊ ਕਾਰਨਾਮਿਆਂ ਅਤੇ ਬਾਣੀ ਦੇ ਅਮੋਘ ਬਾਣਾਂ ਦੇ ਹੁੰਦਿਆਂ ਹੋਇਆਂ ਜਿਉਂ ਹੀ ਸਿੱਖਾਂ ਵਿਚ ਬਾਰਾਂ ਮਿਸਲਾਂ ਤੋਂ ਪਿਛੋਂ ਰਾਜ-ਕਾਜ ਤੇ ਐਸਵਰਯ ਨੇ ਪੈਰ ਪਸਾਰੇ, ਬ੍ਰਹਮਣੀ ਧਰਮ, ਹੜ੍ਹ ਦੇ ਪਾਣੀ ਵਾਂਗ ਸਿੱਖੀ ਦੀ ਵਾੜੀ ਉੱਤੇ ਛਾ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ-ਕਾਲ ਵਿਚ ਬ੍ਰਹਿਮਣੀ-ਧਰਮ ਨੂੰ ਡੋਗਰ-ਸਾਹੀ ਨਾਲੋਂ ਵੀ ਵੱਧ ਮਹੱਤਵ ਮਿਲਿਆ, ਸਿੱਖੀ ਦੀਆਂ ਰਸਮਾਂ-ਰੀਤਾਂ ਤੇ ਮਰਯਾਦਾਂ ਹੌਲੀ-ਹੌਲੀ ਬ੍ਰਹਿਮਣੀ-ਧਰਮ ਦੀ ਨਕਲ ਬਣਦੀਆਂ ਹੋਈਆਂ ਹੌਲੀ-ਹੌਲੀ ਉਸ ਦੇ ਅਸਲੀ ਰੂਪ ਦੀਆਂ ਧਾਰਨੀ ਹੀ ਬਣ ਗਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਤੇ ਪਰਿਵਾਰ ਦੇ ਜਿੰਨੇ ਵੀ ਵਿਆਹ ਕੀਤੇ, ਉਹ ਵੈਦਿਕ ਰੀਤੀ ਅਨੁਸਾਰ ਬ੍ਰਹਿਮਣਾਂ ਜਾਂ ਰਾਜ ਪੰਡਤਾਂ ਵੱਲੋਂ ਸਭ ਫੇਰਿਆ ਦੇ ਰੂਪ ਵਿੱਚ ਹੀ ਕੀਤੇ ਜਾਂਦੇ ਰਹੇ। ਮਹਾਰਾਜਾ ਸਾਹਿਬ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ 'ਸਿੱਖ ਦਰਬਾਰ' ਐਸਵਰਯ ਦੀ ਸਿਖਰ ਉੱਤੇ ਸੀ, ਇਸ ਸ਼ਾਦੀ ਦੇ ਸਾਹੀ ਠਾਠ-ਬਾਠ ਵਾਗੂੰ ਹਾਲਾਤ ਲਿਖਦਿਆਂ ਇਤਿਹਾਸਕਾਰਾਂ ਨੇ ਬੜੇ ਵੱਡੇ ਗੌਰਵ ਨਾਲ

ਲਿਖਿਆ ਹੈ, ਪਹਿਲੀ ਅੱਧੀ ਰਾਤ ਪਿੱਛੋਂ ਇੱਕ ਵਜੇ ਫੇਰੇ ਹੋਏ।* ਯਾਦ ਰਹੇ ਇਹ ਵਿਆਹ ਅਟਾਰੀ ਵਾਲੇ ਸਿੱਖ ਸਰਦਾਰਾਂ ਦੀ ਧੀ ਨਾਲ ਹੋਇਆ ਸੀ, ਕਿਸੇ ਹਿੰਦੂ ਰਾਜਪੂਤ ਦੀ ਧੀ ਨਾਲ ਨਹੀਂ ਸੀ ਕਿ, ਧੀ ਵਾਲਿਆਂ ਦੀ ਮਰਜ਼ੀ ਵਿੱਚ ਮਹਾਰਾਜਾ ਸਾਹਿਬ ਨੇ ਦਖਲ ਦੇਣਾ ਠੀਕ ਨਾ ਸਮਝਿਆ ਹੋਵੇ।

ਅਨੰਦ-ਕਾਰਜ ਦੀ ਰਸਮ, ਜਿਸ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਪਿੰਡ ਝਬਾਲ ਵਿਚ ਆਪਣੇ ਧੀ ਬੀਬੀ ਵੀਰੋ ਦੇ ਅਨੰਦ ਕਾਰਜ ਕਰਨ ਦੇ ਪ੍ਰਮਾਣ ਇਤਿਹਾਸ ਤੋਂ ਮਿਲਦੇ ਹਨ, ਸਿੰਘ ਸਭਾ ਲਹਿਰ ਤੋਂ ਪਹਿਲਾਂ ਦੇ ਸਮੇਂ ਇਹ ਇਕਦਮ ਅਨੋਖੀ ਗੱਲ ਹੋ ਗਈ ਸੀ।

ਰਾਵਲਪਿੰਡੀ ਦੀ ਸਹਿਜਧਾਰੀ ਸਿੱਖਾਂ ਦੀ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਦਿਆਲ ਤੇ ਰੱਬ ਜੀ ਨੇ ਆਪਣੇ ਸਿੱਖਾਂ ਸੇਵਕਾਂ ਵਿੱਚ ਅਨੰਦ-ਵਿਵਾਹ ਦੀ ਲਹਿਰ ਮੁੜ ਜਾਰੀ ਕੀਤੀ, ਤਾਂ ਉਨ੍ਹਾਂ ਨੂੰ ਸਿੱਖਾਂ ਦਾ ਹੀ ਕਰੜਾ ਵਿਰੋਧ ਝੱਲਣਾ ਪਿਆ। ਬਾਬਾ ਰਾਮ ਸਿੰਘ ਜੀ (ਨਾਮਧਾਰੀ) ਨੇ ਇਸ ਰੀਤ ਨੂੰ ਅੱਗੇ ਵਧਾਇਆ ਤਾਂ ਕੁਝ ਹਿੰਦੂ ਢੰਗ ਨਾਲ ਬੇਦੀ ਗੱਡ ਕੇ ਮੰਤਰਾਂ ਦੀ ਥਾਂ, ਗੁਰੂ ਗ੍ਰੰਥ ਸਾਹਿਬ ਵਿੱਚੋਂ ਲਾਵਾਂ ਪੜ੍ਹੀਆਂ ਜਾਣ ਲੱਗੀਆਂ, ਇਸ ਸੰਧੀ-ਕਾਲ ਇਹ ਯਾਦ, ਨਾਮਧਾਰੀਏ ਹੁਣ ਤਕ ਅਰਧ ਵੈਦਿਕ ਫੇਰਿਆਂ ਦੇ ਰੂਪ ਵਿਚ ਚਲਾਈ ਆ ਰਹੇ ਹਨ ।

ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਨੰਦ-ਕਾਰਜ ਕਰਨ ਦੀ ਰੀਤ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਫੇਰਿਆਂ ਦੀ ਥਾਂ ਪਰਿਕਰਮਾਂ ਕਰ ਕੇ ਵਿਸ਼ੇਸ਼ ਤੌਰ 'ਤੇ ਚਲਾਈ ਤਾਂ, ਬ੍ਰਹਿਮਣਾਂ ਵਲੋਂ ਕਰੜਾ ਵਿਰੋਧ ਵੀ ਕੀਤਾ ਗਿਆ ਤੇ ਕਈ ਤਰ੍ਹਾਂ ਦੇ ਮਖੌਲ ਤੇ ਢੰਗੇ ਵੀ ਅਨੰਦਾਂ ਵਿਰੁੱਧ ਜੋੜ ਕੇ ਪ੍ਰਚਾਰੇ ਗਏ। ਅਖੇ! ਇਸ ਤਰ੍ਹਾਂ ਤਾਂ ਸਿੱਖ ਕੁੜੀ ਦਾ ਵਿਆਹ, 'ਮਹਾਰਾਜ, ਗੁਰੂ-ਗ੍ਰੰਥ ਸਾਹਿਬ, ਜਾਂ ਤਾਬੇ ਬੈਠੇ ਗ੍ਰੰਥੀ ਨਾਲ ਹੀ ਕਰ ਦਿੰਦੇ ਹਨ।' ਅਦਾਲਤਾਂ ਵਿੱਚ ਮੁਕੱਦਮੇ ਖੜ੍ਹੇ ਕਰ ਕੇ ਕਈ ਅਨੰਦ ਵਿਆਹਾਂ ਨੂੰ ਹਿੰਦੂ-ਰੀਤੀ ਤੇ ਵਿਧਾਨ ਦੇ ਵਿਰੁੱਧ ਹੋਣ ਦੇ ਫਤਵੇ ਲਾਏ ਗਏ, ਇੱਥੋਂ ਤਕ ਕਿ ਭਾਈ ਜਵਾਹਰ ਸਿੰਘ ਜੀ ਦੇ ਅਨੰਦ-ਵਿਆਹ ਤੋਂ ਪੈਦਾ ਹੋਏ ਲੜਕੇ ਨੂੰ ਅਦਾਲਤ ਵਿੱਚੋਂ 'ਹਰਾਮੀ' ਹੋਣ ਦਾ ਫਤਵਾ ਦਿਵਾਇਆ ਗਿਆ, ਕਿ ਉਹ ਲੜਕਾ ਆਪਣੇ ਬਾਪ ਦੀ ਜਾਇਦਾਦ ਦਾ ਹੱਕਦਾਰ ਨਹੀਂ ਮੰਨਿਆਂ ਜਾ ਸਕਦਾ, ਜਿਸ ਕਾਰਨ ਸਿੱਖਾਂ ਲਈ 'ਅਨੰਦ-ਮੈਰਿਜ-ਐਕਟ' ਅਮਲ ਵਿਚ ਲਿਆਉਣਾ ਜ਼ਰੂਰੀ ਹੋ ਗਿਆ। ਜਿਸ ਦੇ ਪਾਸ ਹੋਣ ਨਾਲ ਹਿੰਦੂ ਵਿਰਾਸਤ ਐਕਟ ਨਾਲੋਂ ਸਿੱਖਾਂ ਦਾ ਸੰਬੰਧ ਤਾਂ ਉਸੇ ਵੇਲੇ ਹੀ ਖਤਮ ਹੋ ਗਿਆ ਸੀ, ਪਰ ਹੁਣ ਆਜ਼ਾਦੀ ਪਿੱਛੋਂ ਪਤਾ ਨਹੀਂ ਫਿਰ ਕਿਵੇਂ ਜੁੜ ਗਿਆ ਹੈ?

ਹਿੰਦੂ ਵਿਰਾਸਤ ਐਕਟ ਮੁੜ ਗੱਲ ਆ ਪਿਆ ਹੈ।

ਇਹ ਐਕਟ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਪਹਿਲਾਂ ਮਹਾਰਾਜਾ ਰਿਪਦਮਨ ਸਿੰਘ, ਨਾਭਾ ਨੇ ਪੇਸ਼ ਕੀਤਾ, ਤੇ ਪਿੱਛੋਂ ਜਾ ਕੇ ਇਸੇ ਕੌਂਸਲ ਦੀ ਉਪ੍ਰੋਕਤ ਪੁਜ਼ੀਸ਼ਨ ਉੱਤੇ ਬਿਰਾਜ ਕੇ, ਸ. ਸੁੰਦਰ ਸਿੰਘ ਜੀ ਮਜੀਠਾ ਨੇ (22 ਅਕਤੂਬਰ 1909 ਨੂੰ) ਪਾਸ ਕਰਵਾਇਆ। ਭਾਵੇਂ ਕਾਨੂੰਨੀ ਤੌਰ 'ਤੇ 'ਅਨੰਦ-ਮੈਰਿਜ-ਐਕਟ' ਪਿੱਛੋਂ ਅਦਾਲਤੀ ਔਕੜਾਂ ਘੱਟ ਗਈਆਂ ਸਨ, ਸਿੱਖ ਵਿਰਾਸਤ ਤੇ ਰੀਤਾਂ, ਹਿੰਦੂਆਂ ਵਲੋਂ ਵੱਖ ਹੋ ਗਈਆਂ ਸਨ, ਪਰ ਸਮਾਜਕ ਤੌਰ 'ਤੇ ਬ੍ਰਹਿਮਣਾਂ ਵਲੋਂ ਜੋ-ਜੋ ਵਿਰੋਧ ਹੋਇਆ, ਅਨੰਦ-ਕਾਰਜ ਦੀ ਰੀਤੀ ਪ੍ਰਚੱਲਤ ਹੋਣ ਦੇ ਰਾਹ ਵਿਚ ਹਰ ਥਾਂ ਅੜਿੱਕੇ ਖੜ੍ਹੇ ਕੀਤੇ ਗਏ, ਉਹ ਮੁਸ਼ਕਲਾਂ ਅਸੀਂ ਅੱਜ ਕੱਲ੍ਹ ਅਨੁਭਵ ਵੀ ਨਹੀਂ ਕਰ ਸਕਦੇ, ਜਦੋਂ ਕਿ ਇਸ ਰੀਤੀ ਦੇ ਲੋਕ-ਪ੍ਰਿਯ ਹੋਣ ਕਾਰਨ ਹੁਣ ਪੰਜਾਬ ਦੇ ਬ੍ਰਹਿਮਣਾਂ ਦੇ ਘਰਾਂ ਤੋਂ ਲੈ ਕੇ ਕਮਿਊਨਿਸਟਾਂ ਤੱਕ ਦੇ ਪਰਿਵਾਰਾਂ ਵਿਚ ਵੀ ਆਮ ਤੌਰ 'ਤੇ ਅਨੰਦ-ਕਾਰਜ ਕੀਤਾ ਤੇ ਕਰਾਇਆ ਜਾਂਦਾ ਹੈ।

ਇਸ ਰੀਤ ਨੂੰ ਮੁੜ ਅਰੰਭ ਕੇ ਇਸ ਲੋਕ-ਪ੍ਰਿਯ ਪੁਜ਼ੀਸ਼ਨ ਵਿਚ ਪਹੁੰਚਾਉਣਾ ਸਿੰਘ ਸਭਾ ਲਹਿਰ ਦੇ ਪੰਥਕ ਸੇਵਕਾਂ ਦੀ ਨਿਰੰਤਰ ਘਾਲਣਾ ਦਾ ਫਲ ਹੈ।

ਇਸਤ੍ਰੀ ਦਾ ਦਰਜਾ ਤੇ ਸਤੀ ਪ੍ਰਥਾ

ਸਿੱਖ ਗੁਰੂ ਸਾਹਿਬਾਨ ਨੇ ਇਸਤ੍ਰੀ ਦਾ ਦਰਜਾ ਉੱਚਾ ਚੁੱਕਣ ਵਾਸਤੇ ਸਤੀ ਦੀ ਰਸਮ ਦਾ ਕਰੜਾ ਵਿਰੋਧ ਕੀਤਾ ਸੀ:

**ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥**

**ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥**

ਪਰ ਅਸੀਂ ਆਪਣੇ ਇਤਿਹਾਸ ਵਿਚ 'ਖਾਲਸਾ-ਦਰਬਾਰ' ਦੇ ਮਹਾਰਾਜਾ ਰਣਜੀਤ ਸਿੰਘ 'ਸ਼ੇਰੇ ਪੰਜਾਬ' ਦੇ ਚਲਾਣੇ, ਉਨ੍ਹਾਂ ਦੇ ਸਪੁਤਰ ਮਹਾਰਾਜਾ ਖੜਕ ਸਿੰਘ ਜੀ ਦੀ ਚੰਦਨ ਦੀ ਚਿਖਾ ਵਿੱਚ ਸਤੀ ਹੋਣ ਵਾਲੀਆਂ ਮਹਾਰਾਣੀਆਂ ਦੀ ਇਕ ਲੰਮੀ ਲਿਸਟ ਪੜ੍ਹਦੇ ਹਾਂ। ਮ੍ਰਿਤਕ ਰਸਮਾਂ, ਪਿੱਤਰ-ਪੂਜਾ, ਪਿੰਡ ਭਰਾਉਣੇ, ਪਹੋਏ ਜਾਂ ਗਯਾ ਜਾ ਕੇ ਗਤੀ ਕਰਾਉਣੀ, ਗੰਗਾ ਫੁਲ ਪਾਉਣੇ, ਇਹ ਰੀਤਾਂ ਸਿੱਖਾਂ ਵਿੱਚ ਪੂਰੀ ਤਰ੍ਹਾਂ ਘਰ ਕਰ ਚੁੱਕੀਆਂ ਸਨ, ਇਨ੍ਹਾਂ ਰੀਤਾਂ ਵਿਰੁੱਧ ਜਦੋਂ ਬਾਬਾ ਦਿਆਲ ਤੇ ਰੱਤਾ ਜੀ ਨੇ ਰਾਵਲਪਿੰਡੀ ਜਹਾਦ ਕੀਤਾ, ਤੇ ਮਰਨੇ ਪਿੱਛੋਂ ਰੋਣਾ ਪਿੱਟਣਾ, ਕਿਰਿਆ ਕਰਮ ਬੰਦ ਕਰਨ ਦੀ ਗੁਰਮਿਤ ਸਮਝਾਈ, ਤਾਂ ਉਨ੍ਹਾਂ ਨੂੰ ਭਾਈਚਾਰੇ ਨੇ ਛੇਕ ਦਿੱਤਾ, ਅਖੇ! ਕਿਹੋ ਜਿਹੇ ਮਾਣਸ (ਸਿੱਖ) ਹੋਏ, ਜੋ ਮਰਿਆਂ ਪਿੱਛੋਂ ਵੀ ਕੜਾਹ ਖਾਂਦੇ ਹਨ?

ਕੁੜੀ ਮਾਰਨ ਦਾ ਉਸ ਵੇਲੇ ਆਮ ਰਿਵਾਜ ਸੀ, ਇਹ ਰੋਗ ਸਿੱਖਾਂ ਵਿੱਚ ਵਧੇਰੇ ਹੀ ਘਰ ਕਰ ਗਿਆ ਸੀ, ਪੰਜਾਬ ਵਿਚ ਅਖਾਣ ਮਸ਼ਹੂਰ ਸੀ ਕਿ ਸਰਦੇ-ਪੁਜਦੇ ਘਰਾਣੇ ਜੰਮਦੀ ਕੁੜੀ ਨੂੰ ਘੜੇ ਵਿਚ ਗੁੜ ਤੇ ਰੂੰ ਦੀਆਂ ਪੂਣੀਆਂ ਪਾ ਕੇ, ਇਸ 'ਲੋਕ-ਮੰਤਰ ਦਾ ਜਾਪ ਕਰ ਕੇ ਦੱਬ ਦਿੰਦੇ ਸਨ :

'ਗੁੜ ਖਾਈਂ ਪੂਣੀ ਕੱਤੀ। ਆਪ ਨਾ ਆਈਂ ਵੀਰ ਨੂੰ ਘੱਤੀ'

ਅਜਿਹੀ ਪੁਜੀਸ਼ਨ ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਜੀ ਨੂੰ 'ਭੂਮੀ-ਸਮਾਧੀ' ਦਿੱਤੀ ਜਾ ਚੁੱਕੀ ਸੀ, ਬਡਰੁਖਿਆਂ ਸਰਦਾਰਾਂ ਦੇ ਪਿੰਡ ਅੱਗੋਂ ਦੀ ਬਾਗੜੀਆਂ ਕੁਲ ਦੇ ਮਹਾਂ-ਪੁਰਖ ਬਾਬਾ ਗੁਦੜ ਸਿੰਘ ਜੀ ਲੰਘੇ, ਤਾਂ ਉਨ੍ਹਾਂ ਨੇ ਆਪਣੇ ਪੁਰਾਣੇ ਸੇਵਕ ਘਰਾਣੇ ਦਾ ਜਲ-ਪਾਣੀ ਛਕਣ ਤੋਂ ਇਨਕਾਰ ਕਰ ਦਿੱਤਾ, ਪੁੱਛਣ 'ਤੇ ਕਿਹਾ-ਅਸੀਂ ਕੁੜੀ ਮਾਰਾਂ ਦਾ ਨਹੀਂ ਖਾਂਦੇ ਤੇ ਤੁਸੀਂ ਕੁੜੀ ਮਾਰੀ ਹੈ, ਨਾਲ ਹੀ ਉਨ੍ਹਾਂ ਨੇ ਆਪਣੀ ਦਿੱਬ-ਦ੍ਰਿਸ਼ਟੀ ਨਾਲ ਦੱਸਿਆ ਕਿ, ਬੱਚੀ ਹਾਲਾਂ ਜਿਉਂਦੀ ਹੈ ਕੱਢ ਲਿਆਵੋ, ਇਸ ਤੋਂ ਪੰਜਾਬ ਦਾ ਬੜਾ ਬਲੀ ਪੁਰਖ ਜੰਮੇਗਾ। ਜਿਸ ਦੇ ਫਲ-ਸਰੂਪ ਦੱਬੀ ਹੋਈ ਬੱਚੀ ਕੱਢੀ ਗਈ, ਜੋ ਵੱਡੀ ਹੋਈ ਸ. ਮਹਾਂ ਸਿੰਘ ਨਾਲ ਵਿਆਹੀ ਗਈ ਅਤੇ ਫਿਰ ਓਹੀ ਬੱਚੀ ਮਹਾਰਾਜਾ ਰਣਜੀਤ ਸਿੰਘ ਜੀ 'ਸ਼ੇਰੇ-ਪੰਜਾਬ' ਦੀ ਜਣਨੀ ਬਣੀ।

ਇਹ ਕੁੜੀ ਮਾਰਨ ਦੀ ਰੀਤ ਸਿੰਘ ਸਭਾ ਦੇ ਜ਼ਮਾਨੇ ਤਕ ਕਿਤਨੀ ਵਿਰਤ ਸੀ, ਪ੍ਰਮਾਣ ਇਕ ਉਸ ਸਮੇਂ ਦੀ ਲਿਖੀ-'ਪੰਜਾਬ ਦੀ ਸੈਰ' ਪੁਸਤਕ ਵਿੱਚ ਮਿਲਦਾ ਹੈ। ਅੰਗਰੇਜੀ ਸਰਕਾਰ ਨੇ, ਜਦੋਂ ਕੁੜੀ ਮਾਰਨ ਵਾਲਿਆਂ ਨੂੰ ਸਜ਼ਾ ਦੇ ਭਾਗੀ ਬਣਾਉਣ ਦੀ ਤਜਵੀਜ਼ ਸਾਰੇ ਮਜ਼ਬਾਂ ਦੇ ਮੁੱਖੀਆਂ ਤੇ ਰਈਸਾਂ ਦੇ ਇਕੱਠ ਵਿਚ ਰੱਖੀ ਤਾਂ ਇਸ ਵਿੱਚ ਸਭ ਤੋਂ ਵੱਧ ਬੇਦਰਦੀ ਵਰਤਣ ਵਾਲੇ ਗੁਰੂ ਕੁਲ ਦੇ ਸਹਿਜ਼ਾਦੇ ਹੀ ਉੱਭਰ ਕੇ ਸਾਹਮਣੇ ਆਏ। ਜਿਨ੍ਹਾਂ ਨੇ ਪਿੱਛੋਂ ਕਾਨੂੰਨੀ ਡੰਡੇ ਦੇ ਡਰ ਤੋਂ ਸਤੀ ਦੀ ਪ੍ਰਥਾ ਤੇ ਕੁੜੀਆਂ ਮਾਰਨ ਦੀ ਕੁਢੱਬੀ ਰੀਤ ਤੋਂ ਪਰਹੇਜੀ ਬਣਨਾ ਸਵੀਕਾਰ ਕੀਤਾ ਸੀ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਇਨ੍ਹਾਂ ਰੀਤਾਂ ਵਿਰੁੱਧ ਗੁਰੂ ਬਚਨਾਂ ਨੂੰ ਪ੍ਰਮਾਣ ਮੰਨ ਕੇ **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** ਇਸਤ੍ਰੀ ਦੇ ਦਰਜੇ ਨੂੰ ਪੁਰਖ ਦੇ ਬਰਾਬਰ ਦਾ ਜਾਣ ਕਿ ਇਹ ਸਿਧਾਂਤ ਅਮਲੀ ਯਤਨਾਂ ਨਾਲ ਪ੍ਰਚਾਰਿਆ ਅਤੇ ਹਰ ਖੇਤਰ ਵਿਚ ਇਸਤ੍ਰੀ ਨੂੰ ਮਨੁੱਖੀ ਬਰਾਬਰੀ ਦੇ ਦਰਜੇ ਉੱਤੇ ਖੜ੍ਹਾ ਕੀਤਾ। ਉਸ ਵੇਲੇ ਇਸਤ੍ਰੀ ਨੂੰ ਅੰਮ੍ਰਿਤ ਛੱਕਣ ਦਾ ਅਧਿਕਾਰ ਨਹੀਂ ਮੰਨਿਆ ਜਾਂਦਾ ਸੀ, ਜੇ ਕੋਈ ਬਹੁਤੀ ਹੀ ਰਿਹਾੜ ਕਰੇ, ਜਿਵੇਂ ਕਈ ਸਿੱਖ ਸੰਪ੍ਰਦਾਵਾਂ ਤੇ ਵਡੇ ਗੁਰਧਾਮਾਂ ਹਜ਼ੂਰ ਸਾਹਿਬ ਆਦਿਕ ਵਿੱਚ ਇਸ ਵੇਲੇ ਵੀ ਕੀਤਾ ਜਾਂਦਾ ਹੈ, ਤਾਂ ਇਕ ਸਿੰਘ ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਪੜ੍ਹ ਕੇ, ਅੱਖੀਂ ਛੱਟੇ ਮਾਰ ਕੇ ਰਸਮ ਪੂਰੀ ਕਰ ਦਿੰਦਾ ਸੀ, ਬਾਬਾ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਉਣਾ ਆਰੰਭਿਆ ਤਾਂ ਉਨ੍ਹਾਂ ਨੂੰ 'ਤੀਵੀਆਂ ਦੇ ਕੱਛਾਂ ਪੁਆਉਣ ਵਾਲਾ' ਕਹਿ ਕੇ ਅਕਾਲ ਬੁੰਗੇ ਦੇ ਪੁਜਾਰੀਆਂ ਵੱਲੋਂ ਮਖੌਲ ਉਡਾਏ ਗਏ। ਬੜੀ ਲੰਮੀ ਖੋਜ ਵਿਚਾਰ ਤੇ ਬਹਿਸ ਪਿੱਛੋਂ, ਸਿੰਘ ਸਭਾ ਦੇ ਸੇਵਕਾਂ ਨੇ ਇਹ ਭਰਮ ਜਾਲ ਕੱਟ ਕੇ ਰਾਹ ਪੱਧਰਾ ਕੀਤਾ। ਪਿੱਛੋਂ ਸੰਤ ਗੁਰਬਖਸ਼ ਸਿੰਘ ਜੀ ਪਟਿਆਲੇ ਵਾਲਿਆਂ ਦੀ ਇਕ ਯੁਕਤੀ ਦੇ ਬਲ ਨੇ ਇਸਤ੍ਰੀ ਨੂੰ ਅੰਮ੍ਰਿਤਧਾਰੀ ਹੋਣ ਦੀ ਰੀਤ ਨਿਸਚੇ ਕਰਾਈ ਸੀ। ਯੁਕਤੀ ਇਹ ਸੀ, ਹਰ ਪ੍ਰਾਣੀ ਦਾ ਆਪੋ ਆਪਣੀ ਕਰਨੀ ਉੱਤੇ ਨਿਬੇੜਾ ਹੈ, ਸਿੱਖੀ ਵਿਚ ਨਾਮ ਦਾ ਜਪੁ ਹੀ ਮੁਕਤੀ ਦਾ ਸਾਧਨ ਹੈ, ਨਾਮ ਦੀ ਪ੍ਰਾਪਤੀ ਪੰਜ ਪਿਆਰਿਆਂ ਤੋਂ ਹੁੰਦੀ ਹੈ, ਜੋ ਅੰਮ੍ਰਿਤ ਛਕਣ ਦੀ ਰੀਤੀ ਨਾਲ ਸਬੰਧਤ ਹੈ, ਇਸ ਲਈ ਇਸਤ੍ਰੀ ਨੂੰ ਮਨੁੱਖ ਵਾਂਗ ਹੀ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰ ਕੇ ਮੁਕਤੀ ਹਾਸਲ ਕਰਨ ਦਾ ਅਧਿਕਾਰ ਹੈ। ਜੋ ਇਸਤ੍ਰੀ ਅੰਮ੍ਰਿਤ ਨਹੀਂ ਛਕਦੀ ਉਹ ਨਾਮ ਕਿਵੇਂ ਤੇ ਕਿਵੇਂ ਪ੍ਰਾਪਤ ਕਰੇਗੀ? ਇਸ ਅਧਿਕਾਰ ਨੂੰ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜ਼ੋਰ ਨਾਲ ਪ੍ਰਚੱਲਤ ਕੀਤਾ। ਇੱਥੋਂ ਤੱਕ ਕਿ ਪੰਚ ਖਾਲਸਾ ਦੀਵਾਨ ਭਸੌੜ ਨੇ ਬੀਬੀਆਂ ਦੇ ਸਿਰਾਂ ਉੱਤੇ ਦਸਤਾਰਾਂ ਸਜਾਣੀਆਂ ਵੀ ਜ਼ਰੂਰੀ ਕਰਾਰ ਦੇ ਦਿੱਤੀਆਂ ਜੋ ਸੈਂਟਰਲ ਮਾਝਾ ਦੀਵਾਨ ਸੁਤੰਤਰ ਜਥਾ ਗੁਰਦਾਸਪੁਰ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ ਇਸ ਰੀਤ ਨੂੰ ਹੁਣ ਤਕ ਨਿਭਾਅ ਰਹੇ ਹਨ ।

ਗੁਰੂ ਨਾਨਕ ਜੀ ਨੇ 'ਯਗੋਯ ਪਵੀਤ' ਜਾਂ ਜਨੇਊ ਦਾ ਕਰੜਾ ਵਿਰੋਧ ਕੀਤਾ ਸੀ, ਜਿਵੇਂ ਅਸੀਂ ਨਿੱਤ ਪੜ੍ਹਦੇ ਹਾਂ

**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਆਸਾ ਦੀ ਵਾਰ)**

ਪਰ ਕੀ ਇਹ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਸੇ ਬੇਦੀ ਕੁਲ ਦੇ ਰਤਨ, ਸਿੱਖੀ ਦਾ ਪ੍ਰਚਾਰ ਕਰਨ ਵਾਲੇ, ਪਹਿਲੀ ਸਿੰਘ ਸਭਾ ਦੇ ਮੁੱਖੀਏ, ਸਰ ਬਾਬਾ ਖੇਮ ਸਿੰਘ ਜੀ, ਜਨੇਊ ਦੇ ਧਾਰਨੀ ਸਨ, ਜਿਸ ਕਾਰਨ ਉਨ੍ਹਾਂ ਨੂੰ ਹਿੰਦੂਆਂ ਦੇ ਮੁੱਖੀ ਸਮਝ ਕੇ ਹਿੰਦੂਆਂ ਦੀਆਂ ਕਾਨਫਰੰਸਾਂ ਦੀ ਪ੍ਰਧਾਨਗੀ ਦਾ ਫਰਜ਼ ਵੀ ਪੂਰਾ ਕਰਨਾ ਪੈਂਦਾ ਸੀ ਅਤੇ ਸਿੱਖਾਂ ਦੇ ਵਿਰੋਧ ਦੀ ਉੱਕਾ ਹੀ ਪ੍ਰਵਾਹ ਨਹੀਂ ਸੀ।

ਸਿੱਖੀ ਵਿਚ ਵਿਅਕਤੀ ਪੂਜਾ, ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਕਿਸੇ ਵਿਅਕਤੀ ਦਾ 11ਵਾਂ ਗੁਰੂ ਕਹਾਉਣਾ ਤੇ ਮੰਨਣਾ ਵਿਵਰਜਤ ਕਰ ਦਿੱਤਾ ਸੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਖੁੱਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ, ਖਾਲਸਾ ਪੰਥ ਨੂੰ ਸ਼ਬਦ ਦੀ ਤਾਬਿਆ ਕਰ ਗਏ ਸਨ। ਪਰ ਸਿੰਘ ਸਭਾ ਲਹਿਰ ਉੱਠਣ ਵੇਲੇ ਇਕ ਨਹੀਂ ਕਈ ਬਾਰ੍ਹਵੇਂ ਗੁਰੂ ਬਣੇ ਹੋਏ ਸਨ । ਸੋਢੀ, ਬੇਦੀ ਤਾਂ ਜੰਮਦੇ ਹੀ ਬਾਬੇ ਸਾਹਿਬ ਹੋ ਜਾਂਦੇ ਤੇ ਗੁਰੂ ਕਹੇ ਜਾਂਦੇ ਸੀ, ਵਿਸ਼ੇਸ਼ ਕਰਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ, ਉਨ੍ਹਾਂ ਦੀ ਵੰਸ਼, ਖਾਸ ਕਰ ਬਾਬਾ ਖੇਮ ਸਿੰਘ ਜੀ ਨੂੰ ਗਿਆਰਵਾਂ ਗੁਰੂ ਕਹਿ ਕੇ ਪ੍ਰਚਾਰਦੇ ਅਤੇ ਆਪ ਵੀ ਅੱਗੋਂ ਗੁਰੂ ਬਣ ਕੇ ਚੌਰ ਝੁਲਾਉਂਦੇ ਅਤੇ ਪੂਜਾ ਕਰਾਉਂਦੇ ਤੇ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਥਾਂ ਚਰਨ ਪਹੁਲ ਦਿੰਦੇ ਸਨ।

ਬਾਬਾ ਰਾਮ ਸਿੰਘ ਜੀ, ਜੋ ਸਿੰਘ ਸਭਾ ਲਹਿਰ ਦੇ ਬਣਨ ਸਮੇਂ ਨਜ਼ਰਬੰਦ ਕੀਤੇ ਜਾ ਚੁੱਕੇ ਸਨ, ਉਨ੍ਹਾਂ ਦੇ ਸੇਵਕ ਵੀ ਉਨ੍ਹਾਂ ਨੂੰ ਗਿਆਰਵਾਂ ਗੁਰੂ ਪ੍ਰਸਿੱਧ ਕਰਕੇ ਉਨ੍ਹਾਂ ਦੀ ਅੱਗੇ ਚੱਲ ਰਹੀ ਗੁਰਿਆਈ ਦਾ ਪ੍ਰਚਾਰ ਕਰ ਰਹੇ ਸਨ । ਇਸ ਤਰ੍ਹਾਂ ਬੰਦਈ ਸਿੱਖਾਂ ਨੇ ਬਾਬਾ ਬੰਦਾ ਜੀ ਨੂੰ, ਅਜੀਤ ਮੱਲੀਏ ਬਾਬਾ ਅਜੀਤ ਸਿੰਘ ਅਤੇ ਹਠੀ ਸਿੰਘ ਬੁਰਹਾਨਪੁਰਾ ਵਾਲਿਆਂ ਨੂੰ ਗੁਰੂ ਕਰਕੇ ਪ੍ਰਚਾਰਦੇ ਤੇ ਪੂਜਦੇ ਸਨ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ 'ਗੁਰੂ-ਗ੍ਰੰਥ-ਪੰਥ' ਬਿਨਾਂ ਬਾਕੀ ਗੁਰੂਆਂ ਨੂੰ ਦੰਭੀ ਠਹਿਰਾਇਆ ਅਤੇ ਗੁਰ-ਸ਼ਬਦ ਨਾਲ ਸਿੱਖੀ ਦਾ ਸਿੱਧਾ ਰਿਸਤਾ ਜੋੜਿਆ। ਭਾਵੇਂ ਇਸ ਸਿਲਸਿਲੇ ਵਿਚ ਬਾਬਾ ਖੇਮ ਸਿੰਘ ਜੀ ਜੈਸੇ ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਉਨ੍ਹਾਂ ਕਾਰਨ ਸਰਕਾਰ ਦਾ ਗੁੱਸਾ ਵੀ ਝੱਲਣਾ ਪਿਆ। ਬਾਬਾ ਖੇਮ ਸਿੰਘ ਜੀ ਦੀ ਗੱਦੀ ਦਾ ਗਦੇਲਾ; ਕਿਵੇਂ ਪ੍ਰੋ: ਗੁਰਮੁਖ ਸਿੰਘ ਜੀ ਹੁਰਾਂ ਨੇ ਅਕਾਲ ਤਖਤ ਤੋਂ ਸਰੋਵਰ ਵਿਚ ਵਗਾਹ ਮਾਰਿਆ ਤੇ ਗੱਲ ਮੁਕੱਦਮਿਆਂ ਤੱਕ ਪੁੱਜੀ, ਇਹ ਲੰਮੀ ਵਾਰਤਾ ਹੈ। ਸਿੱਟੇ ਦੀ ਗੱਲ ਇਹ ਹੈ ਕਿ ਸਿੰਘ ਸਭਾ ਲਹਿਰ ਨੇ ਦੰਭੀ ਤੇ ਦੇਹਧਾਰੀ ਗੁਰੂਆਂ ਦਾ ਕਰੜਾ ਵਿਰੋਧ ਕੀਤਾ ਤੇ ਸਿੱਖਾਂ ਨੂੰ ਇੰਞ ਕਰਨ ਲਈ ਨਰੋਈ ਅਗਵਾਈ ਦਿੱਤੀ।

**ਸਿੱਖੀ ਅਤੇ ਸਰਾਧ :**

ਸਰਾਧਾਂ ਦੀ ਸਿੱਖੀ ਵਿਚ ਮਨਾਹੀ ਹੈ **ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥** ਪਰ ਸਿੰਘ ਸਭਾ ਲਹਿਰ ਤੋਂ ਪਹਿਲਾਂ ਹੋਰਨਾਂ ਦੀ ਤਾਂ ਗੱਲ ਹੀ ਛੱਡੋ, ਖੁਦ ਗੁਰੂ ਸਾਹਿਬਾਨ ਖਾਸ ਕਰ ਗੁਰੂ ਨਾਨਕ ਜੀ ਦੇ ਸਰਾਧ ਕਰਨੇ ਇਕ ਪਵਿੱਤਰ ਤੇ ਆਮ ਪ੍ਰਚਲਤ ਰਸਮ ਬਣ ਗਈ ਸੀ। ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਸਰਾਧਾਂ ਦੀ ਬਿਮਾਰੀ ਨੂੰ ਸਿੱਖਾਂ ਵਿੱਚੋਂ ਦੂਰ ਕੀਤਾ, ਭਾਵੇਂ ਇਹ ਰੀਤੀ ਕਈ ਥਾਵਾਂ 'ਤੇ ਅੰਮ੍ਰਿਤਸਰ, ਡੇਰਾ ਬਾਬਾ ਨਾਨਕ ਆਦਿਕ ਥਾਵਾਂ ਉਤੇ ਗੁਰੂ ਨਾਨਕ ਜੀ ਦਾ ਸਰਾਧ ਕਰਨ ਵਾਲੀ ਰੀਤ ਹੁਣ ਮੁੜ ਚੱਲ ਪਈ ਹੈ ।

ਗੁਰੂ ਨਾਨਕ ਜੀ ਨੇ ਆਰਤੀ ਦਾ ਨਿਖੇਧ- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ** ਸ਼ਬਦ ਉਚਾਰ ਕੇ ਕੀਤਾ ਸੀ, ਪਰ ਸਿੱਖ-ਧਰਮ ਮੰਦਰਾਂ ਵਿਚ ਇਸ ਸ਼ਬਦ ਨੂੰ ਹੀ ਉਲਟ, ਆਰਤੀ ਕਰਨ ਦਾ ਪ੍ਰਮਾਣ ਮੰਨ ਕੇ, ਹਿੰਦੂ ਮੰਦਰਾਂ ਵਾਂਗ ਮੂਰਤੀਆਂ ਰੱਖ ਕੇ, ਆਰਤੀਆਂ ਕਰਨੀਆਂ ਪ੍ਰਚਲਤ ਹੋ ਗਈਆਂ ਸਨ, ਭਾਈ ਦਿੱਤ ਸਿੰਘ ਜੀ ਨੇ 'ਆਰਤੀ-ਪ੍ਰਬੋਧ' ਪੁਸਤਕ ਲਿਖ ਕੇ ਅਸਲੀਅਤ ਪ੍ਰਗਟਾਈ ਤਾਂ ਉਨ੍ਹਾਂ ਸਿੰਘ ਪੁਜਾਰੀਆਂ ਵੱਲੋਂ 'ਰਵਿਦਾਸੀਏ ਦਿੱਤ ਸਿੰਘ ਦੀ ਨਵੀਂ ਕਾਢ' ਕਹਿ ਕੇ ਭੰਡਿਆ ਗਿਆ। ਇਹ ਧਿਆਨ-ਗੋਚਰੀ ਬਾਤ ਹੈ ਕਿ ਕਈ ਸਿੱਖ ਧਾਮਾਂ 'ਤੇ ਇਹ ਰੀਤ ਹੁਣ ਵੀ ਪ੍ਰਚੱਲਤ ਹੈ।

ਪੁਜਾਰੀਆਂ ਦੇ ਦ੍ਰਿਸ਼ਟੀ-ਕੋਣ ਬਾਰੇ ਇਕ ਸਵਾਦੀ ਗੱਲ ਵਰਨਣ ਯੋਗ ਹੈ 'ਅਨੰਦ ਮੈਰਜ-ਐਕਟ' ਦੀ ਜਦੋ-ਜਹਿਦ ਸਮੇਂ ਟਿੱਕਾ ਰਿਪਦਮਨ ਸਿੰਘ, ਨਾਭਾ ਨੇ ਤਖਤਾਂ ਤੋਂ ਰਾਵਾਂ ਪ੍ਰਾਪਤ ਕਰਨ ਲਈ ਆਪਣੇ ਅਹਿਲਕਾਰ ਭੇਜੇ, ਸ: ਗੁਰਦਿਆਲ ਸਿੰਘ ਜੀ ਨਾਭਾ, ਪਟਨੇ ਸਾਹਿਬ ਗਏ ਤੇ ਕੜਾਹ-ਪ੍ਰਸ਼ਾਦ ਲੈ ਕੇ ਅਰਦਾਸ ਲਈ ਹਾਜ਼ਰ ਹੋਏ। ਪੁਜਾਰੀ ਪੁੱਛਿਆ-ਸਰਦਾਰ ਸਾਹਿਬ, ਤੁਸੀਂ ਰਹਿਰਾਸ ਦੱਸੋ ਕਿਹੜੀ ਪੜ੍ਹਦੇ ਹੋ? ਸਿੰਘ ਸਭੀਆਂ ਵਾਲੀ ਕਿ ਸਨਾਤਨੀ ਸਿੱਖਾਂ ਵਾਲੀ? ਸਰਦਾਰ ਜੀ ਨੇ ਕਿਹਾ ''ਕੋਈ ਵੀ ਨਹੀਂ।'' ਉਨ੍ਹਾਂ ਆਪਣੇ ਵਲੋਂ ਸੱਚ ਹੀ ਕਿਹਾ ਸੀ, ਜੇ ਪੁਜਾਰੀ ਠੀਕ ਗੱਲ ਕਰਦਾ ਤਾਂ ਸ: ਗੁਰਦਿਆਲ ਸਿੰਘ ਨੂੰ ਆਖ ਸਕਦਾ ਸੀ ਕਿ ਤੇਰੀ ਅਰਦਾਸ ਬਿਲਕੁਲ ਨਹੀਂ ਹੋ ਸਕਦੀ, ਪਰ ਅਗੋਂ

ਪੁਜਾਰੀ ਸਾਹਿਬ ਨੇ ਸੰਪੂਰਨ ਪ੍ਰਸੰਨਤਾ ਨਾਲ ਕਿਹਾ ''ਤਦ ਤੁਹਾਡੀ ਅਰਦਾਸ ਇੱਥੇ ਹੋ ਸਕਦੀ ਹੈ। ਮਤਲਬ ਸਿੰਘ ਸਭੀਏ ਦੀ ਅਰਦਾਸ ਇੱਥੇ ਨਹੀਂ ਹੋ ਸਕਣੀ ਸੀ ਅਤੇ ਜੋ ਵਿਅਕਤੀ ਕੁਝ ਵੀ ਨਾ ਪੜ੍ਹੇ ਉਨ੍ਹਾਂ ਨੂੰ ਸਿੰਘ ਸਭੀਆਂ ਨਾਲੋਂ ਵੀ ਉੱਤਮ ਸਮਝਿਆ ਜਾਂਦਾ ਸੀ।

ਸਿੰਘ ਸਭੀਆਂ ਨੂੰ ਉਸ ਵੇਲੇ ਪੁਜਾਰੀ ਲੋਕ, ਹਰਿਮੰਦਰ ਸਾਹਿਬ ਵਿਚ ਵੀ ਵੜਨ ਨਹੀਂ ਦਿੰਦੇ ਸਨ, ਬਾਬੂ ਤੇਜਾ ਸਿੰਘ, ਭਾਈ ਰਣਧੀਰ ਸਿੰਘ, ਹੈੱਡਮਾਸਟਰ ਨਰੈਣ ਸਿੰਘ ਜੀ ਨੂੰ-''ਤੁਸੀਂ ਤਾਂ ਚੂਹੜ ਸਭੀਏ ਹੋ, ਤੁਹਾਡੀ ਅਰਦਾਸ ਨਹੀਂ ਹੋ ਸਕਦੀ।'' ਇਸ ਬੋਲੇ ਨਾਲ ਹਰਿਮੰਦਰ ਸਾਹਿਬ ਤੋਂ ਧੱਕ ਕੇ ਬਾਹਰ ਕੱਢ ਦਿੱਤਾ ਗਿਆ ਸੀ । ਇਹ ਵਾਕਾ ਉਸ ਵੇਲੇ ਦੇ ਅਖਬਾਰਾਂ ਵਿਚ ਵੀ ਛਪਿਆ ਮਿਲਦਾ ਹੈ : “ਭਾਈ ਤੇਜਾ ਸਿੰਘ ਜੀ.ਓ.ਸੀ. ਪਟਿਆਲਾ ਤੇ ਸਕੱਤਰ ਪੰਚ ਖੰਡ ਅਤੇ ਸ: ਨਰੈਣ ਸਿੰਘ ਬੀ.ਏ. ਹੈੱਡਮਾਸਟਰ ਖਾਲਸਾ ਹਾਈ ਸਕੂਲ ਲੁਧਿਆਣਾ, ਭਾਈ ਰਣਧੀਰ ਸਿੰਘ ਜੀ ਤੇ ਹੋਰ ਸੱਜਣ 28 ਤਰੀਕ ਤ੍ਰੈ ਵਜੇ ਦੁਪਹਿਰੇ ਦਰਬਾਰ ਸਾਹਿਬ ਜੀ ਗਏ, ਉਨ੍ਹਾਂ ਨੂੰ ਮਜ਼੍ਹਬੀ ਆਖ ਕੇ ਅੰਦਰੋਂ ਕੱਢਿਆ ਗਿਆ। ਪਰ ਇਹ ਸ਼ਰੀਫ ਸਿੰਘ ਸ਼ਾਂਤੀ ਪੂਰਬਕ ਬਾਹਰ ਬਿਰਾਜੇ ਰਹੇ । ਸ਼ਾਮ ਨੂੰ ਸਿੰਘ ਜੀ ਸਰਬਰਾਹ ਸਾਹਿਬ ਨੂੰ ਮਿਲ ਕੇ ਡਿਪਟੀ ਕਮਿਸ਼ਨਰ ਪਾਸ ਚਲੇ ਸਨ ਕਿ ਦਰਬਾਰ ਸਾਹਿਬ ਦੇ ਇਕ ਮੁਨਸ਼ੀ ਸਾਹਿਬ ਜੀ ਸਤਕਾਰ ਪੂਰਬਕ ਉਨ੍ਹਾਂ ਨੂੰ ਵਾਪਸ ਅੰਦਰ ਲੈ ਗਏ ਤੇ ਅਰਦਾਸਾ ਕਰਵਾ ਦਿੱਤਾ।'' (ਖਾਲਸਾ ਸਮਾਚਾਰ, 2 ਦਸੰਬਰ 1910)

ਸਿੰਘ ਸਭਾ ਨੇ ਸਿੱਖੀ ਦੀ ਇਸ ਪਹਿਲੂ ਤੋਂ ਕਿੰਨੀ ਕੁ ਸੇਵਾ ਕੀਤੀ ਅਤੇ ਕੌਮ ਦੀ ਨੁਹਾਰ ਕਿਸ-ਕਿਸ ਖੇਤਰ ਵਿਚ ਕਿੰਨੀ ਬਦਲੀ ? ਇਸ ਦਾ ਪੂਰਾ ਵਿਸਥਾਰ ਵੱਡ-ਅਕਾਰੀ ਹੈ। ਪਰ ਕੁਝ ਪਹਿਲੂ ਅਣਛੋਹੇ ਹੀ ਛੱਡ ਜਾਣੇ ਵੀ ਵਾਜਬ ਨਹੀਂ। ਜਾਤ-ਪਾਤ ਛੂਤ-ਛਾਤ ਦੇ ਵਿਰੋਧ ਵਿਚ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਉਸ ਵੇਲੇ ਜਿਵੇਂ ਜਾਨ ਹੀਲ ਕੇ ਭਾਰੀ ਕੁਰਬਾਨੀ ਨਾਲ ਸੇਵਾ ਅਰੰਭੀ ਸੀ, ਉਸ ਦਾ ਅਛੂਤਾਂ ਦੇ ਸੁਧਾਰ ਅਤੇ ਦੂਜੇ ਧਰਮਾਂ ਵਿੱਚੋਂ ਸਿੱਖ ਸੱਜਣ ਵਾਲਿਆਂ ਨਾਲ ਵਰਤ-ਵਰਤਾਉ ਇਕ ਵੱਡੀ ਮੰਜ਼ਲ ਸੀ, ਜੋ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਕਸ਼ਟਾਂ ਨਾਲ ਪੂਰੀ ਕੀਤੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ (1903 ਵਿਚ) ਮੌਲਵੀ ਕਰੀਮ ਬਖਸ ਨਾਲ ਅੰਮ੍ਰਿਤ ਛਕਣਾ, ਜੋ ਪਿੱਛੋਂ ਸੰਤ ਲਖਬੀਰ ਸਿੰਘ ਜੀ ਪ੍ਰਸਿਧ ਹੋਏ, ਇਕ ਇਤਿਹਾਸਕ ਘਟਨਾ ਹੈ। ਅਜਿਹੇ ਸਿੰਘਾਂ ਦੇ ਨਾਂ ਵੀ ਹਨ, ਇਹ ਸਿੰਘ ਵਧੇਰੇ ਪੰਚ ਖਾਲਸਾ ਦੀਵਾਨ ਦੇ ਮੈਂਬਰਾਂ ਵਿੱਚੋਂ ਸਨ, ਜਿਨ੍ਹਾਂ ਆਪਣੀਆਂ ਧੀਆਂ-ਭੈਣਾਂ ਦੇ ਰਿਸ਼ਤੇ ਗੈਰ-ਜਾਤੀ ਦੇ ਲੋਕਾਂ ਨਾਲ ਐਲਾਨੀਆਂ ਕਰਨੇ ਅਰੰਭ ਦਿੱਤੇ ਸਨ। ਇਹ ਕਾਰਨਾਮੇ ਕਿਸੇ ਇਨਕਲਾਬੀ ਕਦਮ ਤੋਂ ਘੱਟ ਨਹੀਂ ਸਨ, ਇਨ੍ਹਾਂ ਵਿਚ ਕਈ ਉੱਚ-ਜਾਤੀ ਦੇ ਸਿੰਘਾਂ ਦੀਆਂ ਬੀਬੀਆਂ, ਅਛੂਤਾਂ, ਜੁਲਾਹਿਆਂ ਆਦਿ ਸ਼੍ਰੇਣੀਆਂ ਵਿੱਚੋਂ ਸਜੇ ਸਿੰਘਾਂ ਨਾਲ ਵੀ ਵਿਆਹੀਆਂ ਗਈਆਂ ਸਨ।

**ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਹਿਮਣੀ ਧਰਮ ਤੋਂ ਛੁਟਕਾਰਾ :-**

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜਦੋਂ ਸਿੱਖੀ ਦੇ ਵਿਹੜੇ ਵਿਚ ਅਨਮਤਾਂ, ਖਾਸ ਕਰਕੇ ਬ੍ਰਹਿਮਣੀ ਧਰਮ ਦੇ ਖਿਲਾਰੇ ਹੋਏ ਕੂੜੇ ਕਰਕਟ ਨੂੰ ਹੂੰਝਣ ਦਾ ਬੀੜਾ ਉਠਾਇਆ, ਉਦੋਂ ਉਹ ਸਮਾਂ ਆਪਣੇ ਵਿਰੋਧੀਆਂ ਨੂੰ ਸ਼ਸਤ੍ਰਾਂ ਨਾਲ ਨਹੀਂ, ਸ਼ਾਸਤ੍ਰੀ ਢੰਗ ਨਾਲ ਸੋਧਣ ਦਾ ਸੀ। ਇਸ ਵਾਕ-ਯੁੱਧ ਦੇ ਸਮੇਂ ਲੋੜੀਂਦੇ ਹਥਿਆਰ ਸਨ; ਦਲੀਲ, ਵਿਦਿਆ ਤੇ ਯੁਕਤੀ ਅਤੇ ਇਨ੍ਹਾਂ ਔਜਾਰਾਂ ਨੂੰ ਠੀਕ ਤਰ੍ਹਾਂ ਚਲਾਉਣ ਵਾਲੀ ਚੇਤੰਨ ਤੇ ਪ੍ਰਬਲ ਬੁੱਧੀ । ਬੁੱਧੀ ਦੇ ਔਜਾਰ ਨੂੰ ਸਾਣ ਚਾੜ੍ਹਨ ਤੇ ਸਾਫ ਰੱਖਣ ਲਈ ਵੀ ਜ਼ਮਾਨੇ ਜਿੰਨੀ ਵਿੱਦਿਆ ਦੀ ਲੋੜ ਸੀ, ਉਹ ਉਸ ਸਮੇਂ ਦੇ ਸਿੰਘਾਂ ਨੇ ਪੈਦਾ ਕਰ ਲਈ ਸੀ, ਭਾਈ ਦਿੱਤ ਸਿੰਘ ਜੀ ਦੇ ਪੰਡਤ ਦਯਾਨੰਦ ਨਾਲ ਹੋਏ ਸ਼ਾਸਤਾਰਥ 'ਮੇਰਾ ਤੇ ਸਾਧੂ ਦਯਾਨੰਦ ਦਾ ਸੰਵਾਦ' ਪੁਸਤਕ ਜਿਸ ਨੇ ਪੜ੍ਹਿਆ ਅਤੇ ਉਨ੍ਹਾਂ ਦੀ ਦੂਜੀ ਪੁਸਤਕ 'ਦੰਭ ਵਿਦਾਰਨ' ਉੱਪਰ ਜਿਸ ਨੇ ਝਾਤੀ ਮਾਰੀ ਉਹ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਹੈ ਕਿ ਸਿੰਘ ਸਭਾ ਲਹਿਰ ਦਾ ਇਹ 'ਬੌਧਕ-ਸਤੰਭ' ਕਿੰਨਾ ਰੌਸ਼ਨ ਅਤੇ ਕਿਹੋ ਜਿਹੇ ਅਦੁੱਤੀ ਗੁਣਾਂ ਦਾ ਭੰਡਾਰ ਸੀ। ਪੁਰਾਣੇ ਬ੍ਰਾਹਮਣ ਧਰਮੀ ਗ੍ਰੰਥਾਂ ਦੇ ਨਾਲ-ਨਾਲ ਇਨ੍ਹਾਂ ਪੰਥ ਸੇਵਕਾਂ ਨੂੰ ਨਵੇਂ ਪੱਛਮੀ ਗਿਆਨ ਉੱਤੇ ਵੀ ਵਿਸ਼ੇਸ਼ ਅਧਿਕਾਰ ਸੀ ਅਤੇ ਹੋਰਨਾਂ ਧਰਮਾਂ ਬਾਰੇ ਵੀ ਭਰਪੂਰ ਗਿਆਨ, ਉਸ ਕਾਲ ਦੀਆਂ ਰਚਨਾਵਾਂ ਤੋਂ ਇਹ ਸਪੱਸ਼ਟ ਰੂਪ ਵਿਚ ਸਹੀ ਹੁੰਦਾ ਹੈ। ਭਾਈ ਮਈਆ ਸਿੰਘ ਜਿਹੀ ਪੰਜਾਬੀ-ਅੰਗਰੇਜ਼ੀ ਦੀ 'ਡਿਕਸ਼ਨਰੀ' ਇਸ ਵੇਲੇ ਕੋਈ ਇਕ ਵਿਅਕਤੀ ਨਹੀਂ; ਕੋਈ ਮਹਿਕਮਾ ਬੇਸ਼ਕ ਰਚਣ ਦੇ ਸਮਰੱਥ ਹੋਵੇ।

ਪ੍ਰੋ: ਗੁਰਮੁੱਖ ਸਿੰਘ ਜੀ, ਜੋ ਸਿੰਘ ਸਭਾ ਲਹਿਰ ਦੇ ਜਾਨ ਪ੍ਰਾਣ ਸਨ, ਜਿੱਥੇ ਪੂਰਬੀ ਤੇ ਪੱਛਮੀ ਵਿੱਦਿਆ ਦੇ ਉੱਚੇ ਦਰਜੇ ਦੇ ਵਿਦਵਾਨ ਸਨ, ਉੱਥੇ ਉਨ੍ਹਾਂ ਦੀ ਕੰਮ ਕਰਨ ਦੀ ਸ਼ਕਤੀ ਤੇ ਲਗਨ ਵਿਦਵਤਾ ਨਾਲੋਂ ਵੀ ਦੂਣ-ਸਵਾਈ ਸੀ। ਸਿੰਘ ਸਭਾ ਲਹਿਰ ਦੇ ਇਨ੍ਹਾਂ ਅਰੰਭਕ ਸੇਵਕਾਂ ਦੇ ਨਾਲ-ਨਾਲ, ਜਿਨ੍ਹਾਂ ਹੋਰਨਾਂ ਵਿਦਵਾਨਾਂ ਦੀ ਵਿਦਵਤਾ ਉਸ ਵੱਲੋਂ ਸਿੱਖਾਂ ਵਿੱਚ ਵਿਸ਼ੇਸ਼ ਥਾਂ ਰੱਖਦੀ ਸੀ, ਉਨ੍ਹਾਂ ਵਿਦਵਾਨਾਂ ਦੀਆਂ ਤਸਵੀਰਾਂ ਮੈਕਾਲਫ ਸਾਹਿਬ ਨੇ ਆਪਣੇ ਗ੍ਰੰਥ-'ਸਿੱਖ-ਰਿਲੀਜਨ' ਦੇ ਆਰੰਭ ਵਿਚ ਛਾਪ ਕੇ ਉਨ੍ਹਾਂ ਪ੍ਰਤੀ ਪ੍ਰਾਪਤੀ ਲਈ ਵਿਸ਼ੇਸ਼ ਧੰਨਵਾਦ ਕੀਤਾ ਹੈ, ਇਨ੍ਹਾਂ ਵਿਦਵਾਨ ਰਤਨਾਂ ਦੇ ਨਾਮ ਸਿੰਘ ਸਭਾ ਲਹਿਰ ਦੇ ਸੇਵਕਾਂ ਵਿੱਚ ਆ ਜਾਂਦੇ ਹਨ। ਭਾਈ ਦਿੱਤ ਸਿੰਘ ਜੀ, ਗਿਆਨੀ ਹਜ਼ਾਰਾ ਸਿੰਘ, ਗਿਆਨੀ ਸਰਦੂਲ ਸਿੰਘ ਆਦਿਕ ਵਿਦਵਾਨਾਂ ਤੋਂ ਛੁਟ, ਜਿੰਨ੍ਹਾ ਨੂੰ ਮੈਕਾਲਫ ਸਾਹਿਬ ਨੇ ਇਸ ਗ੍ਰੰਥ ਦੇ ਕ੍ਰਿਤਗਤਾ ਵਜੋਂ ਸਦਾ ਲਈ ਹੱਕ ਭੇਟ ਕੀਤੇ, ਉਹ ਸਨ ਭਾਈ ਕਾਨ੍ਹ ਸਿੰਘ ਜੀ 'ਨਾਭਾ', ਜਿੰਨ੍ਹਾਂ ਦੀ ਰਚੀ ਪੁਸਤਕ 'ਮਹਾਨ ਕੋਸ਼', ਉਨ੍ਹਾਂ ਦੀ ਵਿਦਵਤਾ ਤੇ ਸੇਵਾ ਦੀ ਮੂੰਹ ਬੋਲਦੀ ਤਸਵੀਰ ਹੈ, ਸਦਾ ਲਈ ਅਮਰ ਰਚਨਾ ਮੰਨੀ ਜਾਵੇਗੀ

ਭਾਵੇਂ ਸ਼ਾਸਤਾਰਥ ਤੇ ਬਹਿਸਾਂ ਮੁਬਹਿਸਿਆਂ ਦੇ ਇਸ ਸਮੇਂ ਭਾਈ ਦਿੱਤ ਸਿੰਘ ਜੀ ਦਾ ਸਥਾਨ ਸਰਵੋਤਮ ਸੀ, ਪਰ ਦੂਜੇ ਵਿਦਵਾਨਾਂ ਨੇ ਵੀ ਪਿੱਛੋਂ ਆਪੋ ਆਪਣੇ ਖੇਤਰ ਵਿੱਚ ਵਰਨਣਯੋਗ ਸੇਵਾਵਾਂ ਕੀਤੀਆਂ ਸਨ। ਪੰਡਤ ਗੁਰਬਖਸ ਸਿੰਘ ਜੀ ਪਟਿਆਲੇ ਵਾਲਿਆਂ ਨੇ ਭਾਈ ਦਿੱਤ ਸਿੰਘ ਜੀ ਦੀ ਭਾਸ਼ਣ ਸ਼ਕਤੀ ਅਤੇ ਭਾਈ ਵੀਰ ਸਿੰਘ ਜੀ ਨੇ ਲਿਖਣ ਸ਼ਕਤੀ ਦੀ ਘਾਟ ਪੂਰੀ ਕੀਤੀ । ਗਿਆਨੀ ਠਾਕੁਰ ਸਿੰਘ ਜੀ ਨੇ ਕਥਾ ਵਖਿਆਨਾਂ ਰਾਹੀਂ ਸਿੱਖਾਂ ਦੇ ਦੀਵਾਨਾਂ ਤੇ ਸਮਾਗਮਾਂ ਵਿੱਚ ਬੁੱਧੀ ਬਲ ਨੂੰ ਤਕੜੇ ਕਰਕੇ ਜਨ-ਸਮੂੰਹ ਨੂੰ ਪ੍ਰਭਾਵਤ ਕੀਤਾ। ਜਿਵੇਂ ਅੱਜ ਕੱਲ੍ਹ ਸਾਧਾਰਨ ਤੇ ਘੱਟ ਪੜ੍ਹੇ ਹੋਏ ਕਮਿਊਨਿਸਟਾਂ ਵਿਚ ਵੀ ਬਹਿਸ ਵਿਚ ਆਪਣਾ ਪੱਖ ਪ੍ਰਗਟਾਉਣ ਦੀ ਸ਼ਕਤੀ ਅਸੀਂ ਪ੍ਰਬਲ ਦੇਖਦੇ ਹਾਂ, ਉਸ ਵੇਲੇ ਦੇ ਬੁੱਧੀਵਾਨ ਪ੍ਰਚਾਰਕਾਂ ਦੇ ਸਿਰ ਸਦਕਾ, ਸਾਧਾਰਨ ਤੋਂ ਸਾਧਾਰਨ ਸਿੱਖ ਦਲੀਲਬਾਜ਼ ਅਤੇ ਵਿਚਾਰ-ਚਰਚਾ ਲਈ ਆਪਣੇ ਆਪ ਨੂੰ ਤਿਆਰ ਰੱਖਦਾ ਸੀ, ਤਾਂ ਜੋ ਸਿੱਖੀ ਵਿਰੁੱਧ ਕੀਤੇ ਜਾਂਦੇ ਹਮਲਿਆਂ ਦਾ ਤੱਟ-ਫੱਟ ਉੱਤਰ ਦੇ ਕੇ ਆਪਣੇ ਧਰਮ ਦੀ ਗੌਰਵਤਾ ਮਨਵਾ ਸਕੇ। ਪੰਚ-ਖਾਲਸਾ ਦੀਵਾਨ ਦੇ ਮੈਂਬਰ, ਜੋ ਪਿੱਛੋਂ ਜਾ ਕੇ ਕੁਝ ਵਧੇਰੇ ਹੀ ਅੱਗੇ ਲੰਘ ਗਏ ਸਨ। ਇਸ ਖੇਤਰ ਵਿੱਚ ਵਿਸ਼ੇਸ਼ ਤਿੱਖੇ ਤੇ ਜੋਸ਼ੀਲੇ ਸਨ। ਇੰਝ ਵਿਦਵਤਾ ਤੇ ਯੁਕਤੀ ਨਾਲ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਬ੍ਰਹਿਮਣੀ ਧਰਮ ਤੋਂ ਬਚਾਉਣ ਤੇ ਨਿਰਾਲਾ ਸਰੂਪ ਨਿਖਾਰਨ ਦੇ ਸਾਰਥਕ ਅਤੇ ਪ੍ਰਬਲ ਯਤਨ ਤੋੜ ਚੜ੍ਹਾਏ।

**ਸਿੱਖ-ਧਰਮ ਦਾ ਨਵੀਨ ਚੇਤਨਾਂ ਤੇ ਮੌਲਿਕ ਢੰਗ ਨਾਲ ਪ੍ਰਚਾਰ:-**

ਸਿੰਘ ਸਭਾ ਲਹਿਰ ਦਾ ਜ਼ਮਾਨਾ ਪੱਛਮੀ-ਵਿੱਦਿਆ ਦੇ ਪ੍ਰਵੇਸ਼ ਦਾ ਸੀ, ਨਾਲ ਹੀ ਹਿੰਦੂ-ਵੈਦਿਕ ਧਰਮ ਆਰੀਆ ਸਮਾਜ, ਦੇ ਰੂਪ ਵਿੱਚ ਨਵੀਂ ਜਾਗ੍ਰਿਤੀ ਦੀ ਅੰਗੜਾਈ ਲੈ ਕੇ ਉੱਠਿਆ ਸੀ। ਬ੍ਰਹਿਮ ਸਮਾਜੀ, ਆਰੀਆ-ਸਮਾਜੀ, ਲਹਿਰਾਂ ਦੀ ਨੀਂਹ ਪੈ ਚੁੱਕੀ ਸੀ। ਪੱਛਮੀ ਵਿੱਦਿਆ ਦੇ ਸੋਮੇ ਸਕੂਲਾਂ, ਕਾਲਜਾਂ ਦੇ ਰੂਪ ਵਿਚ ਜਾਰੀ ਹੋ ਚੁੱਕੇ ਤੇ ਹੋ ਰਹੇ ਸਨ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਉਸ ਸਮੇਂ ਦੀਆਂ ਸਾਰੀਆਂ ਵਿੱਦਿਆ ਪ੍ਰਾਪਤ ਕਰਨ ਦੀਆਂ ਯੁਕਤਾਂ ਪ੍ਰਗਟ ਕਰ ਲਈਆਂ ਸਨ, ਭਵਿੱਖ ਦੇ ਸਿੱਖੀ ਦੇ ਵਾਰਸਾਂ ਲਈ ਸਕੂਲ ਤੇ ਕਾਲਜ ਵੀ ਖੋਲ੍ਹਣੇ ਅਰੰਭ ਦਿੱਤੇ ਸਨ, ਜਿਨ੍ਹਾਂ ਵਿੱਚੋਂ 'ਖਾਲਸਾ ਕਾਲਜ' ਇਕ ਮਹਾਨ ਸੰਸਥਾ ਹੋਂਦ ਵਿਚ ਆਈ ਅਤੇ ਵਿੱਦਿਅਕ ਕਾਨਫਰੰਸ ਦੇ ਵਜੂਦ ਹੋਂਦ ਵਿੱਚ ਆਉਣ ਤੋਂ ਵਿੱਦਿਆ ਪ੍ਰਚਾਰ ਦੀ ਵੇਲ ਪੁੰਗਰੀ। ਕਈ ਅਖਬਾਰਾਂ; ਅੰਗਰੇਜ਼ੀ, ਉਰਦੂ ਤੇ ਪੰਜਾਬੀ ਵਿੱਚ ਕੱਢੀਆਂ ਜਾਣ ਲੱਗੀਆਂ, ਜਿਨ੍ਹਾਂ ਨਾਲ ਆਪਣੀ ਗੱਲ ਹਰ ਹਫਤੇ ਪਾਠਕਾਂ ਤੱਕ ਪੁੱਜਣ ਦਾ ਵਸੀਲਾ ਉਜਾਗਰ ਹੋਇਆ ਅਤੇ ਸਰੀਰਾਂ ਦੀ ਸੰਗਤ ਨਾਲੋਂ ਗਿਆਨ ਦੇ ਮੇਲ ਦੇ ਸੰਪਰਕ ਵੱਧਣੇ ਅਰੰਭ ਹੋਏ ।

ਪ੍ਰਚਾਰ ਲਈ ਇੰਜ ਵਿਖਿਆਨ ਅਤੇ ਲੇਖ ਪੁਸਤਕਾਂ ਦਾ ਲਿਖਣ ਢੰਗ ਇਕਵੱਢਿਓਂ ਬਦਲ ਦਿੱਤਾ ਗਿਆ। ਪਹਿਲੇ ਬ੍ਰਿਜ-ਭਾਸ਼ਾ ਜਾਂ ਸਾਧ-ਭਾਸ਼ਾ ਵਾਲੇ 'ਆਣ ਕਰ ਕਰ ਕੇ' ਦੀ ਥਾਂ ਸਿਧੀ ਸਪਸ਼ਟ ਗੱਲ ਕਰਕੇ, ਆਪਣੀ ਗੱਲ ਮਿੱਠੇ ਸੁਰੀਲੇ ਤੇ ਵਿਨੋਦੀ ਢੰਗ ਨਾਲ ਕਹੀ ਜਾਣ ਲੱਗੀ, ਜਿਸ ਨਾਲ ਨਵੀਂ ਕਿਸਮ ਦੇ 'ਲੋਕ-ਪ੍ਰਿਯਾ' ਪੰਜਾਬੀ ਸਾਹਿਤ ਦੀ ਨੀਂਹ ਪਈ। ਇਸ ਸਮਾਜਕ ਚੇਤਨਾ ਨੇ ਸੁਧਾਰ ਦੇ ਏਨੇ ਅੰਸ਼ ਵਧਾਏ ਕਿ ਥੋੜ੍ਹੀ ਦੇਰ ਪਿੱਛੋਂ ਹੀ ਸਿੰਘ ਸਭਾ ਲਹਿਰ ਦਾ ਸੁਧਾਰਵਾਦੀ ਤੱਤ 'ਗੁਰਦੁਆਰਾ ਸੁਧਾਰ ਲਹਿਰ' ਦੇ ਰੂਪ ਵਿਚ ਬਦਲ ਗਿਆ, ਜਿਸ ਨੇ ਗੁਰਦੁਆਰਾ ਰਕਾਬ ਗੰਜ ਦੇ ਮਸਲੇ ਤੋਂ ਲੈ ਕੇ, ਨਨਕਾਣੇ ਸਾਹਿਬ, ਪੰਜਾ ਸਾਹਿਬ ਤੇ ਗੁਰੂ ਕੇ ਬਾਗ ਦੀਆਂ ਕੁਰਬਾਨੀਆਂ ਨਾਲ ਸਿੱਖ-ਇਤਿਹਾਸ ਤੇ ਦੁਹਰਾਇਆ ਅਤੇ ਸਿੱਖੀ ਲਈ ਜੀਉਂਦੇ-ਜਾਗਦੇ ਧਰਮ ਹੋਣ ਦਾ ਦੁਨੀਆਂ ਨੂੰ ਅਹਿਸਾਸ ਕਰਾਇਆ।

ਜਿਨ੍ਹਾਂ ਨੁਕਤਿਆਂ ਬਾਰੇ ਮੈਂ ਉੱਪਰ ਚਰਚਾ ਕੀਤੀ ਹੈ, ਕੀ ਹੈਰਾਨੀ ਨਹੀਂ ਕਿ ਜੋ ਸੁਧਾਰ ਸਿੰਘ ਸਭਾ ਲਹਿਰ ਨੇ ਆਰੰਭ ਕੀਤੇ ਸਨ, ਉਹ ਮਸਲੇ ਮੁੜ ਇਸ ਵੇਲੇ ਕਿਸੇ ਨਾ ਕਿਸੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਖੜ੍ਹੇ ਹਨ। ਕਿੱਧਰੇ ਜੈ-ਮਾਲਾ ਪਾਈਆਂ ਜਾ ਰਹੀਆਂ ਹਨ, ਕਿੱਧਰੇ ਆਰਤੀਆਂ ਉਤਾਰੀਆਂ ਜਾ ਰਹੀਆਂ ਹਨ ਤੇ ਅਡੰਬਰੀ ਕਾਰਨਾਮੇ ਤਾਂ ਸਾਰੀ ਥਾਂ ਹੀ ਪੈਰ ਪਸਾਰੀ ਵੱਧਦੇ ਚਲੇ ਜਾ ਰਹੇ ਹਨ। ਸਿੰਘ ਸਭਾ ਦੀ ਸ਼ਤਾਬਦੀ ਮਨਾਉਂਦਿਆਂ ਹੋਇਆਂ ਬ੍ਰਹਿਮਣੀ-ਧਰਮ ਹੜੱਪ ਕਰਨ ਵਾਲੀ ਨੀਤੀ ਤੋਂ ਬਚਣ ਲਈ ਨਾਸਤਕ ਤੇ ਨਵੀਨ ਫੈਸ਼ਨ ਦੀ ਅਧੋਗਤੀ ਤੇ ਔਝੜ ਦੇ ਰਾਹ ਤੋਂ ਗੁਰਮਤਿ-ਮਾਰਗ ਵਲ ਪਰਤਣ ਲਈ, ਅੱਜ ਜਿੰਨੇ ਵੀ ਯਤਨਾਂ ਦੀ ਲੋੜ ਹੈ ਅਤੇ ਜੋ ਕੁਝ ਕਰਨਾ ਚਾਹੀਦਾ ਹੈ, ਉਹ ਕਈ ਨਵੀਆਂ ਸਮੱਸਿਆਵਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਖਾਤਰ ਜੂਝਣ ਲਈ, ਉਨ੍ਹਾਂ ਸਾਰੇ ਢੰਗਾਂ ਤੇ ਸਾਧਨਾਂ ਦੀ ਵੀ ਲੋੜ ਹੈ, ਜੋ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਵਰਤੇ ਸਨ, ਬਲਕਿ ਬਹੁਤ ਸਾਰੀਆਂ ਨਵੀਆਂ ਉੱਠੀਆਂ ਸਮੱਸਿਆਵਾਂ ਲਈ ਉਸ ਤੋਂ ਵੀ ਵੱਧ ਸ਼ਕਤੀ ਤੇ ਸੰਗਠਨ, ਪੰਥਕ ਸੇਵਾ ਤੇ ਬੁੱਧੀਬਲ ਵਧਾਉਣ ਤੇ ਵਰਤਣ ਦੀ ਵੰਗਾਰ ਸਾਨੂੰ ਅੱਜ ਪੁਕਾਰ ਰਹੀ ਹੈ। ਇਹ ਜ਼ਮਾਨਾ ਦੇਖੇਗਾ ਤੇ ਦੱਸੇਗਾ ਕਿ ਅਸੀਂ ਉਸ ਵੰਗਾਰ ਨੂੰ ਕਬੂਲਣ ਲਈ ਕੀ ਕੀਤਾ। ਅਜੇ ਜੋ ਕੁਝ ਸਾਨੂੰ ਸਾਧਨ ਤੇ ਸ਼ਕਤੀ ਦੇ ਹੁੰਦਿਆਂ ਕਰਨਾ ਚਾਹੀਦਾ ਸੀ, ਉਹ ਕਿਉਂ ਨਾ ਕਰ ਸਕੇ? ਪੰਥ ਪ੍ਰਤੀ ਇਕ ਸਿੱਖ ਦੀ ਜੋ ਜ਼ਿੰਮੇਵਾਰੀ ਹੈ, ਕੀ ਅਸੀਂ ਉਹ ਪੂਰੀ ਕਰਦੇ ਹਾਂ, ਆਪਣੇ ਫਰਜ਼ ਪ੍ਰਤੀ ਕੋਈ ਰੁੱਚੀ ਰੱਖਦੇ ਹਾਂ? ਜਾਂ ਕਿ ਪੰਥ ਦੇ ਨਾਂ ਅਤੇ ਸ਼ੋਭਾ ਦੇ ਲਾਭ ਉਠਾਉਣਾ ਹੀ ਆਪਣਾ ਧਰਮ ਸਮਝਿਆ ਹੋਇਆ ਹੈ ?

ਇਹ ਗੱਲ ਇਸ ਵੇਲੇ ਸੋਚਣ, ਵਿਚਾਰਨ ਤੇ ਸਭ ਕੁਝ ਕਰਨ ਨਾਲ ਸੰਬੰਧ ਰਖਦੀ ਹੈ। ਗੱਲ ਸਿੰਘ ਸਭਾ ਲਹਿਰ ਦੀ ਸੌ-ਸਾਲਾ ਯਾਦ ਮਨਾਉਣ ਲਈ ਮੁੱਕਦੀ ਨਹੀਂ, ਸ਼ੁਰੂ ਹੁੰਦੀ ਨਵੀਂ ਮੰਜ਼ਲ ਲਈ ਸੰਗਠਨ, ਸ਼ਕਤੀ, ਸੇਵਾ, ਈਮਾਨ, ਬੁੱਧੀ ਬਲ ਤੇ ਹੋਰ ਸਾਰੇ ਸਾਧਨ ਮੰਗਦੀ ਹੈ। ਆਉ, ਜਿੰਨਾ ਕੁ ਵੀ ਯੋਗਦਾਨ ਪੰਥ ਸੇਵਾ ਦੇ ਕੁੰਭ ਦੀ ਅਹੂਤੀ ਵਿਚ ਪਾ ਸਕਦੇ ਹਾਂ, ਪਾ ਆਪਣੇ ਫਰਜ਼ ਦੀ ਪਾਲਣਾ ਕਰੀਏ ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਸ. ਸਾਮ ਸਿੰਘ ਦਵਾਰਾ ਬਰਾਤ ਦੀ ਅਗਵਾਨੀ ਕੇ ਲੀਏ ਜਨਵਾਸੇ ਸੇ ਹਵੇਲੀ ਤਕ ਐ ਕੀਮਤੀ ਕਲੀਨ ਵਿਛਾਏ ਗਏ ਬੇਮਹਲ ਕੀ ਛਤ ਪਰ ਸੋਨੇ ਚਾਂਦੀ ਕੇ ਤਾਰੇ ਬਣੇ ਚੰਦ' ਵੇ ਮੇਂ ਦੁਲਹਨ ਕੋ ਲਾ ਕਰ ਬਿਠਾਇਆ ਗਿਆ। ਮ. ਰਣਜੀਤ ਸਿੰਘ ਨੇ ਆਪਣੀ ਬਾਂਹ ਵਿਚ ਸੰਸਾਰ ਦਾ ਪ੍ਰਸਿਧ ਕੋਹਨੂਰ ਹੀਰਾ ਧਾਰਨ ਕਰ ਰਖਾ ਥਾ। ਰਾਤ ਕੇ ਏਕ ਬਜੇ ਫੇਰੇ ਹੋਏ। (ਕਾਦੰਬਨੀ ਰਸਾਲਾ ਫਰਵਰੀ 1973, ਸਫਾ 145)

**1853 ਈ. ਵਿਚ ਪੰਜਾਬ ਦੇ ਪ੍ਰਬੰਧਕ ਅਫਸਰਾਂ ਨੂੰ ਪਤਾ ਲੱਗਾ ਕਿ ਇਸ ਦੇਸ਼ ਵਿਚ ਧੀਆਂ ਮਾਰਨ ਦਾ ਚੰਦਰਾ ਰਿਵਾਜ਼ ਪ੍ਰਚੱਲਤ ਹੈ। ਧੀਆਂ ਦੀ ਹੱਤਿਆ ਬਹੁਤ ਕਰ ਕੇ ਬੇਦੀ ਕੌਮ ਜਾਂ ਗੁਰੂ ਨਾਨਕ ਸਾਹਿਬ ਦੀ ਸੰਤਾਨ ਵਿੱਚ ਹੁੰਦੀ ਹੈ, ਜ਼ਿਲ੍ਹਾ ਹੁਸ਼ਿਆਰਪੁਰ ਤੇ ਜਲੰਧਰ ਵਿਚ ਬੇਦੀ ਜਾਤ ਦੇ ਸਭ ਲੋਕ ਤੇ ਕਾਂਗੜੇ ਵਿਚ ਰਾਜਪੂਤਾਂ ਦੀਆਂ ਕੁਝ ਜਾਤਾਂ ਦੇ ਲੋਕ ਧੀਆਂ ਨੂੰ ਮਾਰ ਸੁੱਟਦੇ ਹਨ। ਧੀਆਂ ਦੀ ਹੱਤਿਆ ਕਰਕੇ ਸਾਰੇ ਬੇਦੀ ਇਸ ਪਾਪ ਦੇ ਭਾਗੀ ਹਨ। ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਵਿਚ ਕੁੜੀ ਮਾਰਨ ਦਾ ਰਿਵਾਜ਼ ਕੁਝ ਹੰਕਾਰ ਕਰ ਕੇ ਹੈ ਤੇ ਕੁਝ ਗਰੀਬੀ ਕਰ ਕੇ, ਪਰ ਬੇਦੀਆਂ ਵਿਚ ਇਹ ਲਾਹਨਤ ਕੇਵਲ ਘੁਮੰਡ ਦੇ ਕਾਰਣ ਜ਼ਾਰੀ ਹੋਈ ਹੈ। ਹਿੰਦੂਆਂ ਵਿੱਚ ਇਕ ਖਿਆਲ ਹੈ ਕਿ ਕਿਸੇ ਨੂੰ ਵਿਆਹ ਵਿਚ ਧੀ ਦੇਣ ਦਾ ਮਤਲਬ ਆਪਣੇ ਆਪ ਨੂੰ ਉਸ ਤੋਂ ਘਟੀਆ ਸਮਝਣਾ ਹੈ । ਬੇਦੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਧੀਆਂ ਮਾਰਨ ਦਾ ਹੁਕਮ ਗੁਰੂ ਨਾਨਕ (ਸਾਹਿਬ) ਦੇ ਪੋਤਰੇ ਬਾਬਾ ਧਰਮ ਚੰਦ ਨੇ ਦਿੱਤਾ ਹੈ । ਕਿਹਾ ਜਾਂਦਾ ਹੈ ਕਿ ਧਰਮ ਚੰਦ ਨੇ ਆਪਣੀ ਲੜਕੀ ਦੀ ਸ਼ਾਦੀ ਵਿਚ ਜਾਂਞੀਆਂ ਦੇ ਖਰੂਦ ਤੋਂ ਤੰਗ ਆ ਕੇ ਆਪਣੀ ਸੰਤਾਨ ਨੂੰ ਹੁਕਮ ਦਿੱਤਾ ਕਿ-'ਅਗੋਂ ਤੋਂ ਕੋਈ ਬੇਦੀ ਆਪਣੇ ਲੜਕੀ ਨੂੰ ਜੀਉਂਦੇ ਨਾ ਰਹਿਣ ਦੇਵੇ, ਇਹ ਗੁਨਾਹ ਮੇਰੇ ਜ਼ਿੰਮੇ ਹੈ। ਸੋ ਬੇਦੀ ਤਿੰਨ ਸੌ ਵਰ੍ਹੇ ਇਹ ਪਾਪ ਕਰਦੇ ਰਹੇ । ਬੇਤਰਸ ਮਾਪੇ ਕੁੜੀਆਂ ਨੂੰ ਮਾਰਨ ਦਾ ਪਾਪ ਵੱਖ-ਵੱਖ ਤਰੀਕਿਆਂ ਨਾਲ ਕਰਦੇ ਸਨ। ਕਈ ਵਾਰੀ ਦਾਈ ਆਪਣੇ ਹੱਥ ਨਾਲ ਬੱਚੀ ਦਾ ਸਾਹ ਰੋਕ ਦਿੰਦੀ ਜਾਂ ਗਲ ਘੁੱਟ ਦਿੰਦੀ ਸੀ। ਕਈ ਲੋਕ ਸਰਦੀਆਂ ਵਿਚ ਕੁੜੀਆਂ ਨੂੰ ਠੰਢੇ ਫਰਸ਼ ਉਤੇ, ਤੇ ਗਰਮੀਆਂ ਵਿਚ ਤੱਤੇ ਫਰਸ਼ ਉੱਤੇ ਪਾ ਦਿੰਦੇ ਸਨ, ਜਿਸ ਨਾਲ ਉਹ ਮਰ ਜਾਂਦੀ ਸੀ।

(ਸਫਾ 45, ਸ਼ੇਰਿ-ਇ-ਪੰਜਾਬ, ਲੇਖਕ: ਕਾਲੀ ਰਾਏ, ਛਾਪਕ : ਪੰਜਾਬੀ ਯੂ. ਪਟਿਆਲਾ)

***ਲੇਖਕ ਨੂੰ ਇਸ 'ਵਿਚਾਰ-ਗੋਸ਼ਟੀ' ਦਾ ਸਾਰ ਪੰਡਤ ਕਰਤਾਰ ਸਿੰਘ ਜੀ ਦਾਖਾ ਨੇ ਦੱਸਿਆ ਸੀ, ਇਹ ਗੋਸ਼ਟੀ ਚੀਫ ਖਾਲਸਾ ਦੀਵਾਨ ਦੇ ਸੱਦੇ ਉੱਤੇ ਅੰਮ੍ਰਿਤਸਰ ਵਿੱਚ, ਚੀਫ ਖਾਲਸਾ ਦੀਵਾਨ ਵਲੋਂ ਤਿਆਰ ਕੀਤੀ ਗਈ, 'ਸੰਸਕਾਰ-ਵਿਧੀ' ਬਾਰੇ ਹੋਈ ਸੀ। ਪੰਡਤ ਕਰਤਾਰ ਸਿੰਘ ਦਾਖਾ ਖੁਦ ਵੀ ਇਸ ਵਿਚਾਰ ਗੋਸ਼ਟੀ ਵਿੱਚ ਸ਼ਾਮਿਲ ਹੋਏ ਸਨ। -0-

# ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ



ਮੰਗਤ ਸਿੰਘ ਰਾਹੀ
# 98882-91607

ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖੀ ਜੀਵਨ ਦੀ ਸਫਲਤਾ ਲਈ ਸਾਰੀ ਮਨੁੱਖਤਾ ਨੂੰ ਤਿੰਨ ਸੁਨਹਿਰੀ ਅਸੂਲ ਜੀਵਨ ਵਿੱਚ ਅਪਣਾਉਣ ਲਈ ਕਿਹਾ ਹੈ। ਜੋ ਵੀ ਮਨੁੱਖ ਆਪਣੇ ਜੀਵਨ ਵਿੱਚ ਇਹਨਾਂ ਤਿੰਨ ਸੁਨਹਿਰੇ ਅਸੂਲਾਂ ਤੇ ਚਲਦਾ ਹੈ, ਉਸ ਦੇ ਜੀਵਨ ਵਿੱਚ ਕੋਈ ਕਮੀ, ਕੋਈ ਥੋੜ, ਕੋਈ ਰੁਕਾਵਟ, ਕੋਈ ਅਸਫਲਤਾ ਨਹੀਂ ਆ ਸਕਦੀ।

ਆਓ ਅਸੀਂ ਵਿਸ਼ਲੇਸ਼ਣ ਕਰੀਏ ਕਿ ਮਨੁੱਖਾ ਜੀਵਨ ਵਿੱਚ ਇਹਨਾਂ ਤਿੰਨਾਂ ਨੂੰ ਕਿਵੇਂ ਅਪਣਾਇਆ ਜਾ ਸਕਦਾ ਤਾਂ ਕਿ ਹਰ ਮਨੁੱਖ ਆਪਣੇ ਜੀਵਨ ਵਿੱਚ ਤਰੱਕੀ ਕਰਦਿਆਂ ਆਪਣੀ ਮਨਚਾਹੀ ਮੰਜਿਲ ਕਿਸ ਤਰਾਂ ਪ੍ਰਾਪਤ ਕਰ ਸਕਦਾ ਹੈ?

**ਕਿਰਤ ਕਰਨਾ-**

ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਪਹਿਲਾਂ ਸੁਨਿਹਰੀ ਅਸੂਲ ਦਿੱਤਾ ਕਿ ਹਰ ਵਿਅਕਤੀ ਆਪਣੇ ਜੀਵਨ ਨਿਰਵਾਹ ਲਈ ਕੋਈ ਨਾ ਕੋਈ ਕਿਰਤ ਜਰੂਰ ਕਰੇ, ਜਿਸ ਨਾਲ ਉਹ ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ। ਉਸ ਸਮੇਂ ਦੇ ਧਰਮ ਦੇ ਆਗੂਆਂ ਨੇ ਇਹ ਗੱਲ ਆਮ ਪ੍ਰਚਾਰਿਤ ਕਰ ਰੱਖੀ ਸੀ ਕਿ ਮਾਇਆ ਦਾ ਤਿਆਗ ਕਰੋ, ਮਾਇਆ ਨੂੰ ਛੱਡ ਕੇ ਘਰ ਘਾਟ ਤਿਆਗ ਕੇ, ਜੰਗਲਾਂ ਵਿਚ ਜਾ ਕੇ ਪ੍ਰਭੂ ਦੀ ਭਗਤੀ ਕਰੋ ਤਾਂ ਹੀ ਮੁਕਤੀ ਪ੍ਰਾਪਤ ਹੋਵੇਗੀ। ਗੁਰੂ ਸਾਹਿਬ ਨੇ ਕਿਹਾ ਕਿ ਮਾਇਆ ਛੱਡਣ ਦਾ ਅਰਥ ਇਹ ਨਹੀਂ ਕਿ ਮਨੁੱਖ ਨੇ ਆਪਣੀ ਕਿਰਤ ਹੀ ਛੱਡ ਦੇਣੀ ਹੈ। ਇਸ ਦਾ ਅਰਥ ਹੈ ਕਿ ਆਪਣੀ ਕਿਰਤ ਕਰਦੇ ਹੋਏ ਕਿਸੇ ਦਾ ਹੱਕ ਨਹੀਂ ਖੋਹਣਾ।

ਵਿਕਾਰਾਂ ਨੂੰ ਛੱਡਣਾ ਹੈ। ਦਸਾਂ ਨਹੁੰਆਂ ਦੀ ਕਿਰਤ ਦਾ ਮਤਲਬ ਹੈ ਉਹ ਕਿਰਤ ਜਿਸ ਨਾਲ ਕਿਸੇ ਦਾ ਨੁਕਸਾਨ ਨਾ ਹੋਏ, ਕਿਸੇ ਦਾ ਹੱਕ ਨਾ ਮਾਰਿਆ ਜਾਏ। ਨਹੀਂ ਤਾਂ ਕਿਰਤ ਤਾਂ ਜੇਬ ਕਤਰਾ ਵੀ ਕਰਦਾ ਹੈ, ਚੋਰ ਵੀ ਕਰਦਾ ਹੈ, ਡਾਕੂ ਵੀ ਕਰਦਾ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਗੁਰੂ ਸਾਹਿਬ ਆਪਣੀ ਅਖੀਰਲੀ ਉਮਰ ਵਿੱਚ ਵੀ ਖੇਤੀ ਕਰਦੇ ਸਨ।

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥ (1245)**

ਕਿਰਤ ਦੀ ਉਨ੍ਹਾਂ ਬੜੀ ਵਡਿਆਈ ਕੀਤੀ ਹੈ। ਇਸ ਨਾਲ ਜੀਵਨ ਵਿਚੋਂ ਦਲਿਦਰਤਾ ਦੂਰ ਹੁੰਦੀ ਹੈ ਤੇ ਪਰਿਵਾਰ ਵਿੱਚ ਖੁਸ਼ਹਾਲੀ ਆਉਂਦੀ ਹੈ। ਕਿਰਤੀ ਨੂੰ ਉਹ ਜ਼ਿੰਦਗੀ ਦਾ ਸੁਲਤਾਨ ਆਖਦੇ ਸਨ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਮਨੁੱਖ ਜਿਹੋ ਜਿਹਾ ਵੀ ਸੋਚੇਗਾ, ਉਹ ਉਸੇ ਤਰ੍ਹਾਂ ਦਾ ਹੀ ਬਣ ਜਾਵੇਗਾ। ਮਨੁੱਖ ਨੇ ਖੋਜ ਦੇ ਕਾਰਜ ਕਰਕੇ ਅਤੇ ਕਿਰਤ ਕਰਕੇ ਦੁਨੀਆਂ ਵਿੱਚ ਵੱਡੀਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।

ਗੁਰੂ ਸਾਹਿਬ ਜੀ ਚਾਹੁੰਦੇ ਸਨ ਕਿ ਇਨਸਾਨ ਦਾ ਕੋਈ ਨਾ ਕੋਈ ਟੀਚਾ ਹੋਵੇ ਤੇ ਉਸ ਟੀਚੇ ਦੀ ਪ੍ਰਾਪਤੀ ਲਈ ਉਸਨੂੰ ਆਪਣੇ ਦਿਮਾਗ ਦੀ ਪੂਰੀ ਸ਼ਕਤੀ ਲਗਾ ਲੈਣੀ ਚਾਹੀਦੀ ਹੈ। ਹਰ ਇਨਸਾਨ ਦੀਆਂ ਅੱਖਾਂ ਵਿੱਚੋਂ ਸੁਚੱਜੇ ਜੀਵਨ ਪ੍ਰਤੀ ਲਗਨ ਲਿਸ਼ਕਾਂ ਮਾਰਦੀ ਹੋਣੀ ਚਾਹੀਦੀ ਹੈ, ਪਰ ਗੁਰੂ ਸਾਹਿਬ ਜੀ ਇਸ ਬਾਰੇ ਵੀ ਸਪਸ਼ਟ ਸਨ ਕਿ ਜੀਵਨ ਵਿੱਚ ਨਿਰਵਾਹ ਲਈ ਕਸਬੀ ਵਿਦਿਆ ਬਹੁਤ ਹੀ ਜਰੂਰੀ ਹੈ।

ਅਸਲੀ ਵਿਦਵਾਨ ਵੀ ਉਹੀ ਹੈ ਜਿਹੜਾ ਆਪਣੇ ਜੀਵਨ ਦਾ ਨਿਰਬਾਹ ਆਪਣੀਆਂ ਲੋੜਾਂ ਖੁਦ ਪੂਰੀਆਂ ਕਰੇ। ਇੱਕ ਵਿਦਿਆਰਥੀ ਦੀ ਕਿਰਤ ਹੈ- ਉਸ ਦੀ ਪੜ੍ਹਾਈ। ਆਪਣੀ ਪੂਰੀ ਮਿਹਨਤ, ਲਗਨ ਨਾਲ ਇੱਕ ਚਿੱਤ ਹੋ ਕੇ ਆਪਣੀ ਕਿਰਤ ਅਰਥਾਤ ਪੜ੍ਹਾਈ ਵਲ ਧਿਆਨ ਦੇਵੇ। ਇਹ ਨਹੀਂ ਸੋਚਣਾ ਜਾਂ ਜਿਸ ਤਰਾਂ ਇਹ ਆਮ ਵੇਖਿਆ ਜਾਂਦਾ ਹੈ ਕਿ ਜਦੋਂ ਕੋਈ ਵਿਦਿਆਰਥੀ ਇਮਤਿਹਾਨ ਵਿੱਚ ਸਫਲ ਨਹੀਂ ਹੁੰਦਾ ਤਾਂ ਉਹ ਆਪਣੇ ਆਪ ਨੂੰ ਤਸੱਲੀ ਦੇਣ ਲਈ ਕਿਸਮਤ ਦਾ ਰੋਣਾ ਲੈ ਕੇ ਬੈਠ ਜਾਂਦਾ ਹੈ- "ਜੋ ਕਰਮਾਂ ਵਿੱਚ ਲਿਖਿਆ ਹੈ, ਉਹੀ ਮਿਲਦਾ ਹੈ" ਆਖ ਕੇ ਆਪਣੀ ਅਸਫਲਤਾ ਨੂੰ ਛੁਪਾਉਣ ਦਾ ਯਤਨ ਕਰਦਾ ਹੈ। ਆਪਣੀ ਕਿਰਤ, ਆਪਣੀ ਪੜ੍ਹਾਈ ਵੱਲ ਆਪ ਧਿਆਨ ਨਹੀਂ ਦਿੱਤਾ ਤੇ ਰੋਂਦਾ ਕਿਸਮਤ ਨੂੰ ਹੈ। ਅਜਿਹੇ ਵਿਦਿਆਰਥੀ ਇਮਤਿਹਾਨ ਵਿੱਚ ਹੀ ਨਹੀਂ, ਸਗੋਂ ਜੀਵਨ ਵਿੱਚ ਵੀ ਬਹੁਤੇ ਸਫਲ ਨਹੀਂ ਹੁੰਦੇ। ਉਹ ਕਦੇ ਵੀ ਉਨਤੀ ਦੀਆਂ ਸਿਖਰਾਂ ਨੂੰ ਛੂਹ ਨਹੀਂ ਸਕਦੇ। ਇਹ ਵੇਖਣ ਵਿੱਚ ਆਇਆ ਹੈ ਕਿ ਕਈ ਹੋਣਹਾਰ ਨੌਜਵਾਨ ਨਾ ਉਮੀਦੀ ਦੀ ਜਕੜ ਵਿੱਚ ਜਕੜੇ ਇੱਕੋ ਥਾਂ ਖੜੇ ਰਹਿੰਦੇ ਹਨ, ਜਦੋਂ ਕਿ ਸਾਧਾਰਣ ਮਨੁੱਖ ਆਪਣੀ ਕਿਰਤ, ਹਿੰਮਤ ਤੇ ਲਗਨ ਨਾਲ ਤਰੱਕੀ ਦੀਆਂ ਪੁਲਾਘਾਂ ਤੇਜੀ ਨਾਲ ਪੁੱਟਦਾ ਹੈ।

ਕਈ ਕਿਰਤੀ, ਹਿੰਮਤੀ ਨੌਜਵਾਨਾਂ ਨੇ ਸਾਈਕਲ ਮੁਰੰਮਤ ਦਾ ਕੰਮ ਸੜਕ ਦੇ ਕਿਨਾਰੇ ਸ਼ੁਰੂ ਕਰਕੇ ਸਾਈਕਲ ਬਣਾਉਣ ਦੇ ਕਾਰਖਾਨੇ ਉਸਾਰ ਲਏ, ਜਦੋਂ ਕਿ ਕਿਸਮਤ ਸਹਾਰੇ ਬੈਠੇ ਵਿਅਕਤੀਆਂ ਨੇ ਆਪਣੀ ਖੋਖੇ ਅੱਗੇ ਬੈਠ ਕੇ ਪੰਚਰ ਲਗਾਉਂਦਿਆਂ ਹੀ ਸਾਰੀ ਉਮਰ ਪੂਰੀ ਕਰ ਲਈ। ਅਸੀਂ ਕਰਮ, ਕਿਸਮਤ ਦੇ ਗਲਤ ਅਰਥ ਲੈਂਦੇ ਹਾਂ। ਕਰਮ ਦਾ ਭਾਵ ਕਾਰਜ, ਕੰਮ ਤੇ ਕਿਰਤ ਕਰਨਾ ਹੈ। ਜਿਹੋ ਜਿਹੀ ਕਿਰਤ ਅਸੀਂ ਕਰਾਂਗੇ ਉਹੋ ਜਿਹਾ ਹੀ ਫੱਲ ਪ੍ਰਾਪਤ ਹੋਵੇਗਾ। ਨਿਸ਼ਚੇ ਅਤੇ ਈਮਾਨਦਾਰੀ ਨਾਲ ਕਰਮ ਕਰਨਾ, ਕਿਰਤ ਕਰਨਾ ਮਨੁੱਖ ਦਾ ਧਰਮ ਹੈ। ਗੀਤਾ ਵਿੱਚ ਵੀ ਇਹੋ ਗਿਆਨ ਮਨੁੱਖ ਜਾਤੀ ਨੂੰ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਵੀ ਸ਼ੁੱਭ ਕਰਮਾਂ ਉੱਤੇ ਹੀ ਜੋਰ ਦਿੱਤਾ ਗਿਆ ਹੈ। ਈਮਾਨਦਾਰੀ ਨਾਲ ਕਰਮ ਕੀਤਿਆਂ ਸਫਲਤਾ ਜ਼ਰੂਰ ਮਿਲਦੀ ਹੈ। ਐਸੀ ਹਾਲਤ ਵਿੱਚ ਕਿਸਮਤ ਵੀ ਜ਼ਰੂਰ ਸਾਥ ਦਿੰਦੀ ਹੈ। ਜੇਕਰ ਵਿਦਿਆਰਥੀਆਂ ਨੇ ਸਾਰਾ ਸਾਲ ਕਿਤਾਬ ਨੂੰ ਖੋਲ੍ਹ ਕੇ ਨਹੀਂ ਵੇਖਿਆ, ਫਿਰ ਭਲਾ ਉਹ ਸਫਲਤਾ ਦੇ ਸੁਪਨੇ ਕਿਵੇਂ ਵੇਖ ਸਕਦਾ ਹੈ? ਕੇਵਲ ਨਕਲ ਮਾਰ ਕੇ ਪਾਸ ਹੋਣਾ ਕੋਈ ਪ੍ਰਾਪਤੀ ਨਹੀਂ ਹੈ। ਬੇਈਮਾਨੀ ਨਾਲ ਫੌਰੀ ਲਾਭ ਤਾਂ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਅੰਤ ਵਿੱਚ ਜਿੱਤ ਈਮਾਨਦਾਰੀ ਅਤੇ ਮਿਹਨਤ ਦੀ ਹੀ ਹੁੰਦੀ ਹੈ। ਨਕਲ ਮਾਰਨ ਵਾਲੇ ਵਿਦਿਆਰਥੀ ਮੰਜ਼ਲ ਉੱਤੇ ਨਹੀਂ ਪਹੁੰਚਦੇ, ਉਹ ਤਾਂ ਹਮੇਸ਼ਾਂ ਡਾਵਾਂ ਡੋਲ ਹੀ ਰਹਿੰਦੇ ਹਨ।

ਸਮਾਂ ਕਦੇ ਕਿਸੇ ਦੀ ਉਡੀਕ ਨਹੀਂ ਕਰਦਾ। ਦ੍ਰਿੜਤਾ, ਲਗਨ ਅਤੇ ਈਮਾਨਦਾਰੀ ਸਦਕਾ ਸਫਲਤਾ ਜਰੂਰ ਮਿਲਦੀ ਹੈ। ਸ਼ੁਰੂ ਵਿੱਚ ਆਉਣ ਵਾਲੀਆਂ ਔਕੜਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਔਕੜਾਂ ਅਤੇ ਮੁਸ਼ਕਿਲਾਂ ਸਥਾਈ ਨਹੀਂ ਹੁੰਦੀਆਂ। ਜਦੋਂ ਆਪਣੇ ਕਿਤੇ, ਆਪਣੇ ਟੀਚੇ ਦੀ ਚੋਣ ਕਰ ਲਈ ਤਾਂ ਉਸ ਵਿੱਚ ਪੂਰੀ ਮੁਹਾਰਤ ਵੀ ਜ਼ਰੂਰੀ ਹੈ। ਜੇਕਰ ਤੁਹਾਨੂੰ ਆਪਣੇ ਕੰਮ ਦੀ, ਆਪਣੀ ਕਿਰਤ ਦੀ ਜਾਚ ਹੋਵੇਗੀ, ਮਿਹਨਤ ਦਾ ਫਲ ਵੀ ਤਦ ਹੀ ਪ੍ਰਾਪਤ ਹੋਵੇਗਾ। ਕੰਮ ਨੂੰ ਸਿੱਖਣ ਤੋਂ ਕਦੇ ਵੀ ਝਿਜਕਣਾ ਨਹੀਂ ਜਾਂ ਅਣਗਹਿਲੀ ਨਹੀਂ ਕਰਨੀ ਚਾਹੀਦੀ। ਕੋਈ ਕੰਮ ਹੀ ਔਖਾ ਨਹੀਂ ਹੁੰਦਾ।

ਈਮਾਨਦਾਰੀ ਅਤੇ ਮਿਹਨਤ ਨਾਲ ਹਰ ਕੰਮ ਵਿੱਚ ਮੁਹਾਰਤ ਪੲਰਡੲਚਟੋਨਿ ਹਾਸਲ ਕੀਤੀ ਜਾ ਸਕਦੀ ਹੈ। ਜਿਹੜੇ ਲੋਕ ਆਪਣੇ ਕਿੱਤੇ, ਆਪਣੀ ਕਿਰਤ, ਆਪਣੀ ਪੜ੍ਹਾਈ ਵਿੱਚ ਮੁਹਾਰਤ ਪ੍ਰਾਪਤ ਕਰਕੇ ਪ੍ਰਸਿੱਧੀ ਪ੍ਰਾਪਤ ਕਰਦੇ ਹਨ, ਉਹਨਾਂ ਵਿੱਚ ਈਮਾਨਦਾਰੀ, ਲਗਨ ਅਤੇ ਮਿਹਨਤ ਵਰਗੇ ਗੁਣ ਹੁੰਦੇ ਹਨ। ਮਨੁੱਖ ਸਾਰੇ ਬਰਾਬਰ ਹੁੰਦੇ ਹਨ, ਪਰ ਇਹ ਗੁਣ ਹੀ ਉਹਨਾਂ ਵਿੱਚ ਭਿੰਨਤਾਂ ਨੂੰ ਜਨਮ ਦਿੰਦੇ ਹਨ। ਵਿਦਿਆਰਥੀ ਨੂੰ ਹਮੇਸ਼ਾਂ ਆਪਣੀ ਪੜ੍ਹਾਈ ਵਿੱਚ ਪੂਰੀ ਦਿਲਚਸਪੀ ਲੈਣੀ ਚਾਹੀਦੀ ਹੈ। ਪੜ੍ਹਾਏ ਜਾਣ ਵਾਲੇ ਸ਼ੁਬਜੲਚਟਸ ਵਿਸ਼ਿਆਂ ਦਾ ਪੂਰਾ ਗਿਆਨ ਕੇਵਲ ਇਮਤਿਹਾਨ ਪਾਸ ਕਰਨ ਲਈ ਹੀ ਨਹੀਂ ਹੁੰਦਾ, ਸਗੋਂ ਜੀਵਨ ਵਿੱਚ ਲ਼ਗਿਹਟ੍ਹੋਸੲ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਨੌਕਰੀ ਕਰਦਿਆਂ 1974 ਵਿਚ ਹੜਤਾਲ ਕਰਨ ਤੇ ਦਫਾ 144 ਤੋੜਨ ਤੇ ਜੇਲ੍ਹ ਹੋ ਜਾਣ ਕਰਕੇ ਇਸ ਲੇਖਕ ਨੂੰ ਠੲਰਮਨਿਓਟੲ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਤੇ ਇੱਕ ਸਾਲ ਬਰਖਾਸਤ ਰਿਹਾ। ਇਸ ਦੌਰਾਨ ਅੱਠਵੀਂ ਅਤੇ ਦਸਵੀਂ ਦੇ ਬੱਚਿਆਂ ਨੂੰ ਟਿਊਸ਼ਨ ਪੜਾਉਣਾ, ਦੀਵਾਲੀ ਮੌਕੇ ਚਿਡੋਲ ਤੇ ਹਵਾਈ ਜਹਾਜ ਬਣਾਉਣ, ਵਿਆਹਾਂ ਤੇ ਸਿਹਰਾ ਬਣਾ ਕੇ ਪੜਨ ਦੇ ਕੰਮ ਕਰਨ ਸਦਕਾ ਕੋਈ ਮੁਸ਼ਕਿਲ ਨਹੀਂ ਆਈ। ਮਿਹਨਤ ਕਰਨ ਵਾਲਿਆਂ ਨੂੰ ਸ਼ੁਰੂ ਵਿੱਚ ਭਾਵੇਂ ਔਖ ਮਹਿਸੂਸ ਹੋਵੇ, ਪਰ ਜਦੋਂ ਇਹ ਆਦਤ ਬਣ ਜਾਵੇ ਤਾਂ ਇਸ ਵਿੱਚੋਂ ਆਨੰਦ ਪ੍ਰਾਪਤ ਹੁੰਦਾ ਹੈ। ਇਮਤਿਹਾਨ ਵਿੱਚ ਸਫਲਤਾ, ਅਧਿਆਪਕਾਂ ਦੀ ਪ੍ਰਸੰਸਾ ਤੇ ਆਪਣੇ ਆਪ ਉੱਤੇ ਭਰੋਸਾ ਇਹ ਕਿਰਤ ਵਿੱਚ ਮਿਹਨਤ ਦੀਆਂ ਪ੍ਰਾਪਤੀਆਂ ਹਨ।

ਆਪਣੀ ਕਿਰਤ ਕਰਨ ਲਈ ਸਰੀਰ ਦਾ ਨਿਰੋਗ ਰਹਿਣਾ, ਚੰਗੀ ਸਿਹਤ ਦਾ ਹੋਣਾ ਵੀ ਬੜਾ ਜ਼ਰੂਰੀ ਹੈ। ਜੇ ਤੁਹਾਡਾ ਸਰੀਰ ਤੰਦਰੁਸਤ ਨਹੀਂ ਹੋਵੇਗਾ, ਨਿਰੋਗ ਨਹੀਂ ਹੋਵੇਗਾ ਤਾਂ ਤੁਸੀਂ ਕੋਈ ਕਿਰਤ ਚਾਹੇ ਕੰਮ ਧੰਧਾ ਹੋਵੇ ਜਾਂ ਪੜ੍ਹਾਈ ਹੋਵੇ, ਠੀਕ ਤਰ੍ਹਾਂ ਨਹੀਂ ਕਰ ਸਕੋਗੇ। ਸੋ ਆਪਣੇ ਸਰੀਰ ਨੂੰ ਨਿਰੋਗ, ਸਿਹਤਮੰਦ ਰੱਖਣਾ ਬਹੁਤ ਜ਼ਰੂਰੀ ਹੈ। ਚੰਗੀ ਸਿਹਤ ਕਰਕੇ ਹੀ ਤੁਸੀਂ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕੋਗੇ। ਗੁਰੂ ਨਾਨਕ ਪਾਤਸ਼ਾਹ ਜੀ ਦੀ ਲਿਸ਼ਕਦੀ ਸਿਹਤ ਸੀ। ਉਹ ਕਦੇ ਬੀਮਾਰ ਨਹੀਂ ਸਨ ਹੋਏ। ਉਹ 25 ਵਰ੍ਹੇ (25 ਸਾਲ) ਪੈਦਲ ਸਫਰ ਕਰਦੇ ਰਹੇ। ਬੇਅਰਾਮੀ ਵੀ ਆਪਣੇ ਪਿੰਡੇ ਤੇ ਹੰਡਾਈ ਤੇ ਇਹ ਸਭ ਚੰਗੀ ਸਿਹਤ ਅਤੇ ਤਕੜੇ ਸਰੀਰ ਕਰਕੇ ਹੀ ਸੰਭਵ ਹੋ ਸਕਿਆ। ਗੁਰੂ ਸਾਹਿਬ ਚੰਗੀ ਸਿਹਤ ਕਰਕੇ ਹੀ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕੇ। ਤੰਦਰੁਸਤ ਅਤੇ ਲਿਸ਼ਕਵੀ ਸਿਹਤ ਲਈ ਲਿਸ਼ਕਦੇ ਖਿਆਲਾਂ ਅਤੇ ਲਿਸ਼ਕਦੀ ਨਿਯਮਬੰਧ ਜਿੰਦਗੀ ਦਾ ਹੋਣਾ ਬਹੁਤ ਜਰੂਰੀ ਹੈ।

**ਨਾਮ ਜਪਣਾ–**

ਨਾਮ ਜਪਣਾ ਤੋਂ ਭਾਵ ਹੈ ਪ੍ਰਭੂ, ਪਰਮੇਸ਼ਵਰ, ਪਰਮਾਤਮਾ ਦਾ ਨਾਮ ਜਪਣਾ, ਉਸਦੇ ਨਾਮ ਦਾ ਸਿਮਰਨ ਕਰਨਾ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਦਾ ਭਾਵ ਹੈ– ਉਸ ਪਰਮੇਸ਼ਵਰ ਦੇ ਗੁਣਾਂ ਨਾਲ ਸਾਂਝ ਪਾਣਾ, ਉਸ ਕਰਤਾ ਪੁਰਖ ਦੇ ਗੁਣ ਨੂੰ ਗ੍ਰਹਿਣ ਕਰਨਾ। ਸਿਮਰਨ ਦਾ ਅਰਥ ਹੈ– ਰੱਬੀ ਨਿਯਮਾਂਵਲੀ ਨੂੰ ਚੰਗੀ ਤਰਾਂ ਸਮਝ ਤੇ ਸੰਸਾਰ ਜੀਵਨ ਢਾਲਣਾ ਇਕ ਡਾਕਟਰੀ ਕਰ ਰਹੇ ਵਿਦਿਆਰਥੀ ਦਾ ਸਿਮਰਨ ਕੀ ਹੈ? ਉਹ ਆਪਣੇ ਕਿੱਤੇ ਦੀ ਡੱਟ ਕੇ ਪੜਾਈ ਕਰੇ, ਇਹੀ ਉਸਦਾ ਸਿਮਰਨ ਹੈ, ਨਾਮ ਜਪਣਾ ਹੈ, ਕੈਂਸਰ, ਏਡਜ਼ ਆਦਿਕ ਭਿਆਨਕ ਬਿਮਾਰੀਆਂ ਦੇ ਇਲਾਜ ਦੀ ਖੋਜ ਕਰ ਰਹੇ ਵਿਗਿਆਨੀਆਂ ਦਾ ਸਿਮਰਨ ਮਨੁੱਖੀ ਭਲਾਈ ਦੇ ਕੰਮ ਕਰਨੇ ਮੰਨੇ ਗਏ ਹਨ। ਕਿਸੇ ਗਰੀਬ ਜਾਤ ਦਾ ਬੱਚਾ ਜੇ ਸਖਤ ਮਿਹਨਤ ਕਰਕੇ ਕਿਸੇ ਮੰਜ਼ਿਲ ਤੇ ਪਹੁੰਚਦਾ ਹੈ ਤਾਂ ਸਾਰੇ ਲੋਕ ਉਸ ਨੂੰ ਵਾਹ ਵਾਹ ਕਹਿੰਦੇ ਹਨ। ਉਸ ਗਰੀਬ ਬੱਚੇ ਦਾ ਮਨ ਮਾਰ ਕੇ ਪੜ੍ਹਾਈ ਕਰਨਾ ਹੀ ਉਸ ਲਈ ਨਾਮ ਜਪਣਾ ਹੈ। ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦੀ ਪ੍ਰਕ੍ਰਿਆ ਹੈ– ਨਾਮ ਜਪਣਾ।

ਇੱਕ ਵਿਦਿਆਰਥੀ ਜੇ ਆਪਣੀ ਸਫਲਤਾ ਪ੍ਰਾਪਤੀ ਦੇ ਆਦਰਸ਼ ਨੂੰ ਮੁੱਖ ਰੱਖ ਕੇ, ਮਨ ਮਾਰ ਕੇ ਸਕੂਲੀ ਪੜ੍ਹਾਈ ਦੀ ਮਿਹਨਤ ਕਰਦਾ ਹੈ ਤਾਂ ਉਸ ਲਈ ਉਹ ਹੀ ਨਾਮ ਜਪਣਾ ਹੈ। ਇੱਕ ਮਾਂ ਬਾਪ ਦਾ ਆਪਣੇ ਬੱਚਿਆਂ, ਪਰਿਵਾਰ ਦਾ ਭਲੀ ਭਾਂਤ ਪੋਸ਼ਣ ਕਰਨਾ, ਉਹਨਾਂ ਦੀਆਂ ਜਰੂਰਤਾਂ ਪੂਰੀਆਂ ਕਰਨੀਆਂ ਹੀ ਨਾਮ ਜਪਣਾ ਹੈ। ਇੱਕ ਅਧਿਆਪਕ ਦਾ ਆਪਣੇ ਪੂਰੇ ਪੀਰੀਅਡ ਦੇ ਸਮੇਂ ਵਿੱਚ ਵਿਦਿਆਰਥੀ ਨੂੰ ਸਿੱਖਿਆ ਦੇਣਾ ਹੀ ਉਸਦਾ ਨਾਮ ਜਪਣਾ ਹੈ। ਇੱਕ ਦਫਤਰ ਦੇ ਬਾਬੂ ਦਾ ਆਏ ਗਏ ਲੋਕਾਂ ਦਾ ਕੰਮ ਸਮੇਂ ਤੇ ਕਰਨਾ ਹੀ ਉਸਦਾ ਨਾਮ ਜਪਣਾ ਹੈ। ਇੱਕ ਕਿਸਾਨ ਦਾ ਆਪਣੀ ਕਿਰਸਾਨੀ ਦੇ ਸਾਰੇ ਕੰਮ ਸਮੇਂ ਅਨੁਸਾਰ ਦਿਲ ਲਾ ਕੇ ਤਨਦੇਹੀ ਨਾਲ ਕਰਨਾ ਹੀ ਉਸਦਾ ਨਾਮ ਜਪਣਾ ਹੈ। ਇੱਕ ਡਾਕਟਰ ਦਾ ਆਪਣੇ ਮਰੀਜਾਂ ਨਾਲ ਪਿਆਰ ਦਾ ਵਿਵਹਾਰ ਕਰਕੇ, ਠੀਕ ਕੀਮਤ ਦਵਾਈ ਦੀ ਲੈ ਕੇ ਉਹਨਾਂ ਦਾ ਇਲਾਜ ਕਰਨਾ, ਉਸ ਲਈ ਨਾਮ ਜਪਣਾ ਹੈ।

ਜੋ ਪਰਮੇਸ਼ਰ ਦਾ ਨਾਮ ਨਹੀਂ ਜਪਦੇ, ਮਤਲਬ ਜੋ ਪਰਮੇਸ਼ਰ ਨੂੰ ਭੁੱਲ ਜਾਂਦੇ ਹਨ ਤਾਂ ਕੀ ਹੁੰਦਾ ਹੈ? ਪਰਮੇਸ਼ਰ ਨੂੰ ਭੁੱਲ ਜਾਂਦੇ ਹਨ ਤਾਂ ਕੀ ਹੁੰਦਾ ਹੈ? ਪਰਮੇਸ਼ਰ ਨੂੰ ਭੁੱਲਣ ਦਾ ਅਰਥ ਹੈ– ਸੱਚ ਦੇ ਮਾਰਗ ਤੋਂ ਭਟਕ ਜਾਣਾ, ਆਪਣੀ ਮੰਜਿਲ ਦੇ ਰਾਹ ਨੂੰ ਜਾਂ ਆਪਣੇ ਫਰਜ਼ ਨੂੰ ਭੁੱਲ ਜਾਣਾ। ਜਿਵੇਂ ਕੋਈ ਇੰਟਰਵਿਊ ਦੇਣ ਗਿਆ ਤੇ ਆਪਣੇ ਅਸਲੀ ਕਾਗਜ਼ ਘਰ ਹੀ ਭੁੱਲ ਗਿਆ ਤਾਂ ਕੀ ਬੰਦਾ ਪਰੇਸ਼ਾਨ ਨਹੀਂ ਹੋਏਗਾ? ਕਿਸੇ ਬੱਚੇ ਨੇ ਸਾਰਾ ਸਾਲ ਪੜ੍ਹਿਆ ਨਹੀਂ ਪਰ ਪਾਸ ਹੋਣ ਲਈ ਟੇਕ ਨਕਲ ਤੇ ਰੱਖਦਾ ਹੈ। ਕੁਦਰਤੀ ਇਮਤਿਹਾਨ ਲੈਣ ਵਾਲਾ ਸਟਾਫ ਸਖਤ ਆ ਗਿਆ ਤੇ ਨਕਲ ਨਾ ਹੋਣ ਦਿੱਤੀ, ਬੱਚਾ ਫੇਲ ਹੋ ਜਾਂਦਾ ਹੈ। ਹੁਣ ਉਹ ਆਪਣੀ ਗਲਤੀ ਮੰਨਣ ਦੀ ਬਜਾਏ ਇਹ ਕਹੇ ਕਿ ਮੈਂ ਇਸ ਲਈ ਫੇਲ ਹੋ ਗਿਆ ਕਿ ਪ੍ਰੀਖਿਆ ਨਿਗਰਾਨ ਨੇ ਨਕਲ ਨਹੀਂ ਹੋਣ ਦਿੱਤੀ। ਜੇ ਨਕਲ ਹੋ ਜਾਂਦੀ ਤਾਂ ਮੈਂ ਪਾਸ ਹੋ ਜਾਣਾ ਸੀ। ਮਿਹਨਤ ਆਪ ਨਹੀਂ ਕੀਤੀ, ਨਾਮ ਆਪ ਨਹੀਂ ਜਪਿਆ, ਆਪਣਾ ਫਰਜ਼, ਪੜ੍ਹਾਈ ਕਰਨ ਦਾ ਭੁੱਲ ਗਿਆ, ਸੋ ਫੇਲ ਹੋ ਗਿਆ।

**ਵੰਡ ਛਕਣਾ–**

**ਘਾਲਿ ਖਾਇ ਕਿਛੁ ਹਥਹੁ ਦੇਇ ॥ (1245)**

ਜੋ ਜੋ ਮਨੁੱਖ ਮਿਹਨਤ ਨਾਲ ਕਿਰਤ ਕਰਕੇ ਕਮਾ ਕੇ ਆਪ ਖਾਂਦਾ ਹੈ ਤੇ ਉਸ ਕਮਾਈ ਵਿੱਚੋਂ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਕੇ ਜੋ ਕੁਝ ਬਚਦਾ ਹੈ, ਉਸ ਦਾ ਕੁਝ ਹਿੱਸਾ ਹੋਰਨਾਂ ਨੂੰ ਵੀ ਦਿੰਦਾ ਹੈ, ਇਸ ਨੂੰ ਵੰਡ ਛਕਣਾ ਕਹਿੰਦੇ ਹਨ। ਵਿਦਿਆਰਥੀ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪ ਪੜ੍ਹਾਈ ਕਰਦਾ ਹੈ ਤੇ ਬਾਕੀ ਦੇ ਵਿਦਿਆਰਥੀਆਂ ਨੂੰ ਵੀ ਜੋ ਵੀ ਉਹਨਾਂ ਨੂੰ ਸਮਝ ਨਹੀਂ ਆਉਂਦਾ, ਉਹਨਾਂ ਨੂੰ ਸਮਝਾ ਕੇ ਆਪਣਾ ਗਿਆਨ ਵੰਡਦਾ ਹੈ।

**ਨਾਨਕ ਰਾਹੁ ਪਛਾਣਹਿ ਸੇਇ ॥ (1245)**

ਹੇ ਨਾਨਕ ! ਅਜਿਹੇ ਬੰਦੇ, ਅਜਿਹੇ ਵਿਦਿਆਰਥੀ ਹੀ ਜਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ।

ਆਪਣੇ ਕੰਮ ਵਿੱਚ, ਆਪਣੀ ਪੜਾਈ ਵਿੱਚ ਸਫਲਤਾ ਲਈ ਈਮਾਨਦਾਰੀ, ਦ੍ਰਿੜ ਇਰਾਦਾ, ਮਿਹਨਤ ਅਤੇ ਮੁਹਾਰਤ (ਪੲਰਡੲਚਟੋਨਿ) ਦੇ ਨਾਲ ਨਾਲ ਇਹ ਵੀ ਜਰੂਰੀ ਹੈ ਕਿ ਤੁਹਾਨੂੰ ਆਪਣੇ ਸੰਗੀਆਂ ਸਾਥੀਆਂ ਦਾ ਸਹਿਯੋਗ ਪ੍ਰਾਪਤ ਹੋਏ। ਜੀਵਨ ਵਿਚ ਸਫਲਤਾ ਅਤੇ ਖੁਸ਼ੀ ਭਰਨ ਲਈ ਚੰਗੇ ਦੋਸਤਾਂ ਦੀ ਡਾਢੀ ਲੋੜ ਹੈ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਉਹ ਆਪਣੇ ਆਪ ਵਿੱਚ ਇਕੱਲਾ ਜੀਵਨ ਜਿਊਂਦਿਆਂ ਬੜਾ ਇਕੱਲਾ ਮਹਿਸੂਸ ਕਰਦਾ ਹੈ। ਜੇਕਰ ਤੁਸੀਂ ਦੂਜਿਆਂ ਦੇ ਕੰਮ ਆਓਗੇ ਤਦ ਹੀ ਦੂਜੇ ਤੁਹਾਡੀ ਮਦਦ ਕਰਨਗੇ। ਇੱਕ ਦੂਜੇ ਦੀ ਸਹਾਇਤਾ ਕਰਨਾ ਵੀ ਵੰਡ ਛਕਣਾ ਹੀ ਹੈ। ਆਪਣੇ ਸਾਥੀਆਂ ਦੀ ਪੜਾਈ ਵਿੱਚ ਮਦਦ ਕਰੋ। ਬਾਕੀ ਸਫਾ 19 'ਤੇ

# ਆਖ਼ਰ ਕਿੰਨੇ 'ਭਗਵਾਨ' ਹੋਰ?

**ਡਾ: ਕੁਲਵੰਤ ਕੌਰ # 98156-20515**

ਸੰਸਕ੍ਰਿਤ ਸ਼ਬਦ 'ਭਗਵਾਨ', ਰੋਮਨ ਵਿਚ 'ਲ਼ੋਰਦ' ਤੇ 'ਘੋਦ' ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਭਾਰਤ ਦੇ ਬਹੁਤ ਸਾਰੇ ਧਰਮਾਂ ਵਿਚ ਇਸ ਨੂੰ ਇਕ ਅਕਾਲਪੁਰਖ ਦੇ ਪਰਿਆਏ ਦੇ ਰੂਪ ਵਿਚ ਵੀ ਪ੍ਰਗਟਾਇਆ ਗਿਆ ਹੈ। ਹਿੰਦੂ ਧਰਮ ਵਿਚ ਇਸ ਨੂੰ ਗੁਰੂ ਤੇ ਸਤਿਕਾਰਤ ਸੱਜਣ ਵਜੋਂ ਮਾਨਤਾ ਪ੍ਰਾਪਤ ਹੈ। ਫਿਰ ਵੀ ਅਸੀਂ ਇਸ ਆਰਟੀਕਲ ਵਿਚ 'ਭਗਵਾਨ' 'ਭਗਵਾਨ' ਕਹੇ ਜਾਂਦੇ ਤੇ ਪੂਜੇ ਜਾਂਦੇ ਕੁਝ ਭਗਵਾਨਾਂ ਬਾਰੇ ਇਕੱਤਰਤ ਜਾਣਕਾਰੀ ਸਾਂਝੀ ਕਰਨੀ ਚਾਹਾਂਗੇ। ਉਂਞ, ਕਿਸੇ ਹੈਰਾਨੀ, ਅਦਭੁਤਤਾ ਤੇ ਦੁੱਖ ਵੇਲੇ ਜਦੋਂ ਸਾਨੂੰ ਵਾਹਿਗੁਰੂ ਯਾਦ ਆਉਂਦੈ ਤਾਂ ਚਾਣਚੱਕ ਸਾਡੇ ਮੂੰਹੋਂ ਆਪ ਮੁਹਾਰੇ ਨਿਕਲ ਆਉਂਦੇ 'ਹੇ ਭਗਵਾਨ' ਜਿਸ ਦਾ ਜ਼ਾਹਰਾ ਅਰਥ ਪਰਮਾਤਮਾ ਹੀ ਹੁੰਦਾ ਹੈ। ਇਸ ਪ੍ਰਕਾਰ, ਜਦੋਂ ਹਰ ਤੀਜੇ ਦਿਨ ਦਸ ਗੁਰੂ ਪਾਤਿਸ਼ਾਹੀਆਂ, 15 ਭਗਤ ਸਾਹਿਬਾਨ, 11 ਭੱਟ ਸਾਹਿਬਾਨ ਅਤੇ ਤਿੰਨ ਅਨਿੰਨ ਗੁਰਸਿੱਖਾਂ ਦੀ ਬਾਣੀ ਤੋਂ ਬਾਹਰ ਜਾ ਕੇ (ਪੈਂਤੀ ਪਰਮ ਪੁਰਖਿਆ ਵਿਚੋਂ ਵੀ 3 ਜਾਂ ਚਾਰ ਦੇ ਪ੍ਰਕਾਸ਼ ਪੁਰਬਾਂ ਜਾਂ ਸ਼ਹੀਦੀ ਦਿਹਾੜੇ 'ਤੇ ਸਰਕਾਰੀ ਛੁੱਟੀ ਐਲਾਨੀ ਜਾਂਦੀ ਹੈ) ਤਾਂ ਮਨ ਨੂੰ ਬਹੁਤ ਤਕਲੀਫ਼ ਹੁੰਦੀ ਹੈ। ਚਾਹੀਦਾ ਤਾਂ ਹੈ ਕਿ ਇਨ੍ਹਾਂ ਪਰਮ ਪੁਰਖਿਆਂ ਦੇ ਆਗਮਨ ਦਿਹਾੜਿਆਂ 'ਤੇ ਵਿਦਿਆਰਥੀਆਂ ਨਾਲ ਸੰਵਾਦ ਰਚਾਏ ਜਾਣ, ਉਨ੍ਹਾਂ ਵਲੋਂ ਕੀਤੇ ਮਹਾਨ ਕਾਰਜਾਂ ਦੀ ਜਾਣਕਾਰੀ ਦਿੱਤੀ ਜਾਵੇ ਤੇ ਸਮਾਜਿਕ ਪ੍ਰੋਗਰਾਮ ਆਯੋਜਿਤ ਕੀਤੇ ਜਾਣ ਤਾਂ ਜੋ ਬਦਅਮਨੀ, ਅਫ਼ਰਾ ਤਫ਼ਰੀ ਤੇ ਨਫ਼ਰਤੀ ਮਾਹੌਲ ਨੂੰ ਠੱਲ ਪੈ ਸਕੇ ਪਰ ਆਰਾਮ ਨਾਲ ਛੁੱਟੀ ਐਲਾਨ ਕੇ ਆਖ਼ਰ ਸਰਕਾਰਾਂ ਕਰਨਾ ਕੀ ਚਾਹੁੰਦੀਆਂ ਹਨ? ਉਂਞ ਅਸੀਂ ਉਨ੍ਹਾਂ ਮਹਾਂਪੁਰਖਾਂ ਦਾ ਅਦਬ-ਸਤਿਕਾਰ ਕਰਦੇ ਹਾਂ ਜੇ ਵਾਕਈ ਉਹ ਇਸ ਸ਼੍ਰੇਣੀ ਵਿਚ ਆਉਂਦੇ ਹਨ।

ਅਖਬਾਰ ਦੇ ਪਹਿਲੇ ਸਫ਼ੇ ਦੀ ਖੱਬੀ ਨੁੱਕਰੇ, 'ਭਗਵਾਨ ਪਰਸ਼ੂਰਾਮ ਜੈਯੰਤੀ ਮੌਕੇ 10 ਮਈ ਦੀ ਛੁੱਟੀ' ਵਾਲੀ ਖ਼ਬਰ ਪੜ੍ਹ ਕੇ ਹਾਲ ਹੀ ਵਿਚ 'ਗੁਰੂ ਨਾਭਾ ਦਾਸ' ਦੇ ਜਨਮ ਦਿਨ ਦੀ ਐਲਾਨੀ ਛੁੱਟੀ ਮੌਕੇ ਹੋਈ ਨਿਰਾਸ਼ਾ ਦਾ ਆਲਮ ਵੀ ਭਾਰੀ ਸੀ। ਇਕੋ ਹਫ਼ਤੇ ਵਿਚ ਦੋ-ਦੋ ਭਗਵਾਨਾਂ ਦੇ ਜਨਮ ਦਿਹਾੜੇ? ਉਹ ਵੀ ਪੰਜਾਬ ਵਿਚ ਜਿੱਥੇ ਚਾਰ ਚੁਫ਼ੇਰੇ ਅਨੈਤਿਕਤਾ ਨਸ਼ਾਖੋਰੀ, ਗੈਂਗਸਟਰਵਾਦ, ਬੇਚੈਨੀ, ਲੁੱਟ-ਖੋਹ ਤੇ ਹੈਂਕੜਵਾਦ ਦੀ ਹਨੇਰੀ ਝੁੱਲ ਰਹੀ ਹੈ, ਕੀ ਇਨ੍ਹਾਂ ਭਗਵਾਨਾਂ ਦੇ ਜਨਮ ਦਿਨ ਮਨਾ ਕੇ ਅਸੀਂ ਵਾਕਈ ਕੋਈ ਸੇਧ, ਸਿੱਖਿਆ ਜਾਂ ਪ੍ਰੇਰਣਾ ਲਈ ਹੈ? ਹਰਗਿਜ਼ ਵੀ ਨਹੀਂ। ਫਿਰ ਭਗਵਾਨਾਂ ਦੇ ਨਾਂ 'ਤੇ, ਨਿੱਤ ਦਿਹਾੜੇ ਛੁੱਟੀ ਮਨਾ ਕੇ ਅਸੀਂ, ਅਜ ਕਿਹੋ ਜਿਹਾ ਸਮਾਜ ਸਿਰਜ ਰਹੇ ਹਾਂ ਜਿਸ ਵਿਚ ਨਫ਼ਰਤ, ਬਦਲਾਖ਼ੋਰੀ, ਕੁੱਟ ਕੁਟਾਪੇ ਤੇ ਦੁਸ਼ਮਣੀਆਂ ਸਿਰ ਚੜ੍ਹ ਕੇ ਬੋਲ ਰਹੀਆਂ ਹਨ। ਹਾਂ, ਇਹ ਵੋਟ-ਬੈਂਕ ਨੂੰ ਜ਼ਰੂਰ ਵੱਡਾ ਹੁਲਾਰਾ ਦੇ ਰਹੀਆਂ ਹੋਣਗੀਆਂ ਤੇ ਸਿਆਸਤ ਅੱਜ ਭਗਵਾਨ ਜੇਹਾ ਰੁਤਬਾ ਹਾਸਲ ਕਰ ਚੁੱਕੀ ਹੈ। ਖ਼ਦਸ਼ਾ ਹੈ ਕਿ ਇਹੀ ਆਲਮ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਵੀਹ-ਵੀਹ ਸਾਲ ਦੀ ਸਜ਼ਾ ਭੋਗ ਰਹੇ ਬਲਾਤਕਾਰੀ ਤੇ ਗੁੰਡੇ ਲੋਕਾਂ ਦੇ ਜਨਮ ਦਿਨਾਂ 'ਤੇ ਵੀ ਸਰਕਾਰੀ ਛੁੱਟੀ ਐਲਾਨੀ ਜਾਇਆ ਕਰੇਗੀ ਕਿਉਂਕਿ ਉਨ੍ਹਾਂ ਨਾਲ ਵੀ ਲੱਖਾਂ ਵੋਟਾਂ ਜੁੜੇ ਹੋਣ ਦੀ ਸੂਚਨਾ ਜੱਗ ਜ਼ਾਹਿਰ ਹੈ। ਗੁਰੂ ਪਾਤਿਸ਼ਾਹੀਆਂ, ਰਾਮ ਨੌਮੀ, ਸ਼ਿਵਰਾਤਰੀ, ਜਨਮ ਅਸ਼ਟਮੀ, ਈਦ, ਬਕਰੀਦ, ਈਸਾ ਮਸੀਹ ਦਾ ਜਨਮ ਦਿਨ, ਅੰਬੇਦਕਰ ਜੈਯੰਤੀ ਤੇ ਮਹਾਂਵੀਰ ਜੈਯੰਤੀ ਦੀਆਂ ਸਰਕਾਰੀ ਛੁੱਟੀਆਂ ਬਾਰੇ ਜੱਗ ਜਾਣਦਾ ਹੈ ਭਾਵੇਂ ਅਕਸਰ ਹੀ ਅਨੇਕ ਗੁਰੂ ਸਾਹਿਬਾਨ ਨਾਲ ਜੁੜੀਆਂ ਅਲੌਕਿਕ ਸ਼ਹੀਦੀਆਂ, ਨਿਭਾਏ ਸਿਰੜ ਤੇ ਸਿਦਕ ਦੀ ਜ਼ਾਹਰਾ ਗਾਥਾ ਨੂੰ ਅਣਗੌਲ ਕੇ, ਛੁੱਟੀ ਨਹੀਂ ਵੀ ਕੀਤੀ ਜਾਂਦੀ। ਪੂਰੇ ਦੇਸ਼ ਵਿਚ ਦਸਵੇਂ ਨਾਨਕ ਦੇ ਪ੍ਰਕਾਸ਼ ਦਿਹਾੜੇ ਦੀ ਛੁੱਟੀ ਨਹੀਂ ਕੀਤੀ ਜਾਂਦੀ। ਵੀਰ ਬਾਲ ਦਿਵਸ ਤੇ ਛੁੱਟੀ ਦਾ ਪ੍ਰਚਲਣ ਵੀ ਬੀਤੇ ਵਰੇ ਹੀ ਸ਼ੁਰੂ ਹੋਇਆ ਹੈ ਪਰ ਨਾਭਾ ਦਾਸ ਨੂੰ ਗੁਰੂ ਤੇ ਸਤਿਗੁਰੂ ਮੰਨਦਿਆਂ, ਉਸ ਦੇ ਜਨਮ ਦਿਨ 'ਤੇ ਸਰਕਾਰੀ ਛੁੱਟੀ ਐਲਾਨਣੀ ਕੀ ਉਚਿਤ ਮੰਨੀ ਜਾਵੇਗੀ?

ਅਸੀਂ ਜਿਨ੍ਹਾਂ ਮੁਲਕਾਂ ਵਿਚ ਜਾਣ ਲਈ ਤਰਲੋ ਮੱਛੀ ਹੋਏ ਫਿਰਦੇ ਹਾਂ, ਲੱਖਾਂ ਖਰਚ ਕਰਕੇ ਮੁਸੀਬਤਾਂ ਵੀ ਝਾਗਦੇ ਹਾਂ, ਉੱਥੇ ਕੰਮ ਹੀ ਪੂਜਾ ਮੰਨੀ ਜਾਂਦੀ ਹੈ। ਅਸਟਰੇਲੀਆ ਵਿਚ ਕੁਲ ਅੱਠ ਤੇ ਕੈਨੇਡਾ ਵਿਚ 12 ਛੁੱਟੀਆਂ ਪ੍ਰਵਾਨਿਤ ਹਨ। ਇਹ ਉਹ ਦੇਸ਼ ਹਨ ਜਿੱਥੇ ਕੰਮ ਤੇ ਕਾਮਿਆਂ ਦੀ ਬੇਇੰਤਾਹ ਕਦਰ ਹੈ, ਇਸ ਲਈ ਨਿੱਤ ਦਿਹਾੜੇ ਛੁੱਟੀਆਂ ਐਲਾਨ ਕੇ, ਕੋਈ ਦੇਸ਼ ਕਿਵੇਂ ਤਰੱਕੀ ਦੀਆਂ ਮੰਜ਼ਲਾਂ ਸਰ ਕਰ ਸਕਦਾ ਹੈ। ਅਸੀਂ ਹਰ ਮਰਹਲੇ ਤੇ ਫਾਡੀ ਹਾਂ, ਨਾਖੁਸ਼ ਹਾਂ, ਸੰਤਪਿਤ ਹਾਂ ਉਦਾਸ ਹਾਂ, ਜੰਮਦਿਆਂ ਨੂੰ ਕੋਸਦੇ ਹਾਂ ਕਿਉਂਕਿ ਵਿਹਲੇ ਹਾਂ, ਨਿਕੰਮੇ ਹਾਂ, ਕੰਮ ਦੇ ਕਦਰਦਾਨ ਨਹੀਂ। ਦੂਜਿਆਂ ਦੀ ਨਿੰਦਾ-ਚੁਗਲੀ ਤੇ ਆਲੋਚਨਾ ਤੋਂ ਹੀ ਸਾਨੂੰ ਫੁਰਸਤ ਨਹੀਂ।

ਭਗਤ ਸਾਹਿਬਾਨ ਦੀ ਖੋਜ ਦੌਰਾਨ 1976-77 ਵਿਚ, ਨਾਭਾਦਾਸ ਰਚਿਤ 'ਭਗਤਮਾਲ' ਪੁਸਤਕ ਦਾ ਕਈ ਵਾਰ ਜ਼ਿਕਰ ਅਧਿਐਨ ਤੇ ਮਨਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਰਚਿਤ ਦੂਸਰੀਆਂ ਕਿਤਾਬਾਂ ਅਸ਼ਟਯਾਮ ਤੇ ਰਾਮ ਭਗਤੀ ਸੰਬੰਧੀ ਪਦੇ ਤਾਂ ਮੇਰੇ ਅਧਿਐਨ ਦਾ ਕੇਂਦਰ ਕਦੇ ਨਹੀਂ ਰਹੇ। 200 ਭਗਤਾਂ ਦੇ ਜੀਵਨ ਵੇਰਵਿਆਂ ਵਾਲੀ ਭਗਤਮਾਲ ਲਿਖ ਕੇ ਕੀ ਕੋਈ ਲਿਖਾਰੀ ਗੁਰੂ (ਸਤਿਗੁਰੂ) ਬਣ ਸਕਦਾ ਹੈ? ਉਹ ਵੀ ਤੇਲੰਗਾਨਾ ਸੂਬੇ ਦਾ? ਸੋ ਨਾਭਾ ਦਾਸ ਜਿਸ ਨੂੰ ਨਾਰਾਇਣ ਦਾਸ ਵੀ ਕਿਹਾ ਜਾਂਦਾ ਹੈ ਰਾਮਭਗਤੀ ਕਰਨ ਵਾਲਾ ਇਕ ਪ੍ਰਸਿੱਧ ਕਵੀ ਸੀ ਜੋ ਤੁਲਸੀ ਦਾਸ ਦਾ ਸਮਕਾਲੀ ਮੰਨਿਆ ਜਾਂਦਾ ਹੈ। ਡੂਮ ਜਾਤੀ ਦੇ ਬਾਬਾ ਰਾਮਦਾਸ ਤੇ ਜਾਨਕੀ ਦੇਵੀ ਦੇ ਵਿਹੜੇ ਵਿਚ ਕਿਲਕਾਰੀਆਂ ਮਾਰ ਕੇ, 1537 ਵਿਚ, ਇਸ ਧਰਤੀ 'ਤੇ ਆਇਆ ਬਾਲਕ, ਗੋਦਾਵਰੀ ਤੱਟ ਲਾਗੇ ਵਿਚਰਿਆ। ਚੌਹਾਂ ਯੁੱਗਾਂ ਦੇ ਭਗਤਾਂ ਦੇ ਚਮਤਕਾਰੀ ਜੀਵਨ ਲਿਖ ਕੇ, ਬ੍ਰਜ ਭਾਸ਼ਾ ਵਿਚ ਪ੍ਰਸਿੱਧੀ ਖੱਟਣ ਵਾਲੇ ਨਾਭਾ ਦਾਸ ਦੇ ਜਨਮ ਦਿਨ 'ਤੇ ਪੰਜਾਬ ਵਿਚ ਛੁੱਟੀ ਦਾ ਕੀ ਮਤਲਬ ਹੈ? ਜੀਵਨ ਦੇ ਸੱਤ ਦਹਾਕੇ, ਅਸਾਂ ਇਹ ਛੁੱਟੀ ਨਾ ਕਦੇ ਸੁਣੀ ਸੀ ਤੇ ਨਾ ਕਦੇ ਮਾਣੀ ਸੀ। ਕੀ ਹਿੰਦੂ ਰਾਸ਼ਟਰ ਦੀ ਸਥਾਪਤੀ ਵਜੋਂ ਇਸ ਨੂੰ ਦੇਖਿਆ ਤੇ ਵਿਚਾਰਿਆ ਜਾਣਾ ਉਚਿਤ ਨਹੀਂ ਹੋਵੇਗਾ? ਕੀ ਬਾਬਾ ਫ਼ਰੀਦ ਜੀ, ਬੁੱਲ੍ਹੇ ਸ਼ਾਹ ਤੇ ਸੱਯਦ ਵਾਰਿਸ ਸ਼ਾਹ ਦੀ ਘਾਲਣਾ ਘੱਟ ਹੈ?

'ਜਿਉਂਦੇ ਭਗਵਾਨ ਪਰਸ਼ੂ ਰਾਮ' ਦਾ ਮੁਬਾਰਕ ਜਨਮ ਦਿਨ ਤਾਂ ਆਪਾਂ ਅਜੇ ਹੁਣੇ ਹੁਣੇ ਮਨਾਇਆ ਹੈ ਜਿਸ ਨੂੰ ਵਿਸ਼ਣੂੰ ਦਾ ਛੇਵਾਂ ਅਵਤਾਰ ਮੰਨਿਆ ਜਾਂਦਾ ਹੈ। ਇੰਟਰਨੈੱਟ ਤੋਂ ਲਈ ਜਾਣਕਾਰੀ ਉਪਰੰਤ ਜਦੋਂ ਦਸ ਮਈ ਦੇ ਇਕ ਸਥਾਨਕ ਪਰਚੇ ਵਿਚ ਇਕ ਲੇਖਕ ਵਲੋਂ ਵਰਤੀਂ ਦੇ ਵਿਸ਼ੇਸ਼ਣ ਵਾਚੇ ਤਾਂ ਮਨ ਅਚੰਭਿਤ ਹੋ ਉੱਠਿਆ। ਉਸ ਨੇ ਭਗਵਾਨ ਪਰਸ਼ੂਰਾਮ ਨੂੰ ਲੌਕਿਕ ਤੇ ਅਲੌਕਿਕ ਦੋਵਾਂ ਸ਼ਕਤੀਆਂ ਦਾ ਨਿਸ਼ਚਾਵਾਨ ਸਵਾਮੀ ਮੰਨਿਆ ਹੈ। ਮਹਾਨ ਯੋਧਾ, ਤਪੱਸਵੀ, ਭਗਤੀ ਤੇ ਸ਼ਕਤੀ ਵਿਦਿਆ,

ਵਿਦਵਤਾ, ਧਰਮ ਰੱਖਿਅਕ, ਸੱਤਿਆਵਾਦੀ, ਰਿਧੀ-ਸਿਧੀ ਦੇ ਮਾਲਕ, ਤਿਆਗੀ, ਦਾਨੀ, ਬ੍ਰਹਮਚਾਰੀ ਤੇ ਸੰਪੂਰਨ ਧਰਤੀ ਦੀ ਯਾਤਰਾ ਕਰਨ ਵਾਲੇ ਚਿਰੰਜੀਵੀ ਤੇ ਸਦਾ ਜੀਵਤ ਰਹਿਣ ਵਾਲੇ ਅਵਤਾਰ ਵੀ ਜੋ ਬ੍ਰਾਹਮਣ ਸਮਾਜ ਦੇ ਨਾਲ ਨਾਲ ਦੀਨਾਂ ਤੇ ਦਲਿਤਾਂ ਦੇ ਵੀ ਰੱਖਿਅਕ ਸਨ।

ਹਿੰਦੂ ਸ਼ਾਸਤਰਾਂ ਅਨੁਸਾਰ ਪਰਸ਼ੂਰਾਮ, ਅਸ਼ਵਥਾਮਾ, ਰਾਜਾ ਬਲੀ, ਹਨੂਮਾਨ, ਮਹਾਂਰਿਸ਼ੀ ਵੇਦ ਵਿਆਸ ਤੇ ਮਾਰਕੰਡੇ ਛੇ ਅਮਰ ਕਿਰਦਾਰ ਮੰਨੇ ਗਏ ਹਨ। ਪਰਸ਼ੂਰਾਮ ਦਾ ਅਸਲ ਨਾਂ ਰਾਮ ਸੀ ਪਰ ਸ਼ਿਵ ਸ਼ੰਕਰ ਵਲੋਂ ਪਰਸ਼ੂ (ਕੁਹਾੜੀ) ਵਰਦਾਨ ਵਜੋਂ ਮਿਲੀ ਹੋਣ ਕਾਰਨ, ਇਨ੍ਹਾਂ ਦਾ ਨਾਂ ਪਰਸ਼ੂਰਾਮ ਪ੍ਰਸਿੱਧ ਹੋ ਗਿਆ। ਜਿਵੇਂ ਤ੍ਰਿਸ਼ੂਲ, ਭਗਵਾਨ ਸ਼ਿਵ ਦਾ ਪ੍ਰਤੀਕ ਹੈ, ਤਿਵੇਂ ਹੀ ਕੁਹਾੜੀ (ਪਰਸ਼ੂ) ਪਰਸ਼ੂਰਾਮ ਦਾ ਪ੍ਰਤੀਕ ਬਣ ਗਈ। ਮਹਾਂਭਾਰਤ ਤੇ ਪੁਰਾਣਾਂ ਵਿਚ ਅੰਕਿਤ ਹੈ ਕਿ ਇਨ੍ਹਾਂ ਦਾ ਜਨਮ ਬ੍ਰਾਹਮਣ ਰਿਸ਼ੀ ਜਮਦਗਿਨ ਤੇ ਰਾਜ ਕੁਮਾਰੀ ਰੇਣੁਕਾ ਦੇ ਘਰ ਹੋਇਆ। ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟੇ ਕੁਲਹਾੜੀ ਚਾਲਕ ਯੋਧੇ ਨੇ ਆਪਣੇ ਬਾਪ ਦੇ ਹੁਕਮ ਦੀ ਤਾਮੀਲ ਕਰਦਿਆਂ, ਮਾਂ ਰੇਣੁਕਾ ਦਾ ਕਤਲ ਕਰ ਦਿੱਤਾ ਸੀ ਕਿਉਂਕਿ ਉਸ ਦੇ ਬਾਪ ਨੂੰ ਉਸ ਦੇ ਆਚਰਣ ਤੇ ਸ਼ੱਕ ਹੋ ਗਿਆ ਸੀ। ਵੱਡੇ ਚਾਰ ਪੁੱਤਰਾਂ ਨੇ ਮਾਂ ਦਾ ਕਤਲ ਕਰਨਾ ਨਾ ਪ੍ਰਵਾਨਿਆ ਤਾਂ ਭਗਵਾਨ ਪਰਸ਼ੂਰਾਮ ਆਗਿਆਕਾਰੀ ਪੁੱਤਰ ਵਜੋਂ ਨਿਤਰਿਆ। ਨਾਹਨ ਲਾਗਲੀ ਰੇਣੁਕਾ ਝੀਲ ਨਾਲ ਵੀ ਇਨ੍ਹਾਂ ਦੀਆਂ ਗਾਥਾਵਾਂ ਜੁੜੀਆਂ ਹੋਈਆਂ ਹਨ।

ਪੌਰਾਣਿਕ ਕਥਾਵਾਂ ਵਿਚ ਦਰਜ ਹੈ ਕਿ ਬ੍ਰਾਹਮਣ ਕੁੱਲ ਦੇ ਚਿਰਾਗ਼ ਹੋਣ ਕਰਕੇ ਭਗਵਾਨ ਪਰਸ਼ੂਰਾਮ ਨੇ ਇੱਕੀ ਵਾਰ ਧਰਤੀ ਤੋਂ ਖੱਤਰੀਆਂ ਦਾ ਖ਼ਾਤਮਾ ਕੀਤਾ ਤੇ ਇੰਵ ਪੰਜ ਸਰੋਵਰ, ਉਹਨਾਂ ਦੇ ਲਹੂ ਨਾਲ ਭਰ ਦਿੱਤੇ। ਭੂ ਲੋਕ ਤੋਂ ਖੱਤਰੀਆਂ ਦੇ ਸਰਵਨਾਸ਼ ਦੀ ਜਾਣਕਾਰੀ ਵੀ ਪੌਰਾਣਾ ਵਿਚ ਭਰੀ ਪਈ ਹੈ ਪਰੰਤੂ ਕੀ ਬ੍ਰਾਹਮਣਵੰਸ਼ੀ ਇਸ ਯੋਧੇ ਦੇ ਜਨਮ ਦਿਨ 'ਤੇ ਪੰਜਾਬ ਵਿਚ ਛੁੱਟੀ ਕਰਨ ਦੀ ਕੋਈ ਵਜਾਹ ਬਣਦੀ ਹੈ? ਇਹ ਹਿੰਦੂ ਰਾਸ਼ਟਰ ਦੀ ਪਰਿਭਾਸ਼ਾ ਵਿਚ ਤਾਂ ਫਿੱਟ ਬੈਠ ਸਕਦੀ ਹੈ ਪਰੰਤੂ ਸਾਢੇ ਪੰਜ ਸੌ ਸਾਲ ਦੇ ਪ੍ਰਤੱਖ ਇਤਿਹਾਸ, ਸ਼ਹਾਦਤਾਂ, ਦੁਸ਼ਵਾਰੀਆਂ ਤੇ ਸੀਸ ਭੇਟਾ ਦੇ ਉਦਾਹਰਣਾਂ ਮੂਹਰੇ, ਸਾਡੇ ਵਿਰਸੇ, ਸਾਹਿਤ ਤੇ ਸਭਿਆਚਾਰ ਨੂੰ ਮਜਾਕ ਦਾ ਪਾਤਰ ਬਣਾ ਦੇਣ ਦਾ ਸਬੱਬ ਹੀ ਹੈ। ਪਿਛਲੇ ਸੱਤ ਦਹਾਕਿਆਂ ਵਿਚ ਇਸ ਭਗਵਾਨ ਦੀ ਵੀ ਕਦੇ ਛੁੱਟੀ ਨਹੀਂ ਸੀ ਹੋਈ। ਪੰਜਾਬ ਦੇ ਮੌਜੂਦਾ ਹੁਕਮਰਾਨੋਂ, ਇਤਿਹਾਸ ਨੂੰ ਪਛਾਣੋ!! -0-

**ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ** **ਸਫਾ 19 ਦਾ ਬਾਕੀ**

ਦੂਜਿਆਂ ਨਾਲ ਵਿਚਾਰ ਵਟਾਂਦਰਾ ਕੀਤਿਆਂ Subject ਵਿਸ਼ੇ ਦੀ ਵਧੇਰੇ ਸਮਝ ਆਉਂਦੀ ਹੈ। ਗਿਆਨ ਵੰਡਿਆਂ ਕੁਝ ਘੱਟ ਨਹੀਂ ਜਾਂਦਾ, ਸਗੋਂ ਇਸ ਵਿੱਚ ਵਾਧਾ ਹੀ ਹੁੰਦਾ ਹੈ।

ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਕਿਰਤ ਕਰਨ ਦਾ ਸਿਧਾਂਤ ਗੁਰੂ ਸਾਹਿਬ ਨੇ ਸਭ ਤੋਂ ਪਹਿਲੇ ਰੱਖਿਆ ਹੈ, ਕਿਉਂਕਿ ਜੀਵਨ ਵਿੱਚ ਕਿਰਤ ਕਰਨਾ ਅਤਿ ਜਰੂਰੀ ਹੈ। ਜੇ ਮਨੁੱਖ ਕਿਰਤ ਨਹੀਂ ਕਰੇਗਾ ਤਾਂ ਉਹ ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਿਸ ਤਰਾਂ ਕਰੇਗਾ? ਜੇ ਕਿਰਤ ਕਰੇਗਾ ਤਾਂ ਹੀ ਤਾਂ ਕੁਛ ਵੰਡ ਵੀ ਸਕੇਗਾ, ਦੂਜਿਆਂ ਨੂੰ, ਲੋੜਵੰਦਾਂ ਨੂੰ ਦੇ ਕੇ ਉਹਨਾਂ ਦੀ ਸਹਾਇਤਾ ਕਰ ਸਕੇਗਾ। ਮਨੁੱਖ ਇਸ ਲਈ ਨਹੀਂ ਪੈਦਾ ਹੋਇਆ ਕਿ ਸੰਤਾਨ ਪੈਦਾ ਕਰੇ ਤੇ ਉਸ ਦੇ ਹੀ ਪਾਲਣ ਪੋਸ਼ਣ ਲਈ ਕਮਾਈ ਕਰੇ, ਉਸ ਦੇ ਲਈ ਹੀ ਜ਼ਮੀਨ ਜਾਇਦਾਦ ਜੋੜਦਾ ਰਹੇ। ਇਹ ਕੋਈ ਮਨੁੱਖਾ ਜੀਵਨ ਨਹੀਂ। ਇਸ ਤਰ੍ਹਾਂ ਤਾਂ ਪਸ਼ੂ ਪੰਛੀ ਵੀ ਆਪਣਾ ਗੁਜ਼ਾਰਾ ਕਰੀ ਜਾਂਦੇ ਹਨ, ਆਪਣੇ ਬੱਚੇ ਪਾਲੀ ਜਾਂਦੇ ਹਨ। ਜੀਵਨ ਇਹ ਹੈ ਕਿ ਜ਼ਿੰਦਗੀ ਵਿੱਚ ਆਪਣੀਆਂ ਲੋੜਾਂ ਪੂਰੀਆਂ ਕਰਕੇ ਕਿਸੇ ਦੂਸਰੇ ਜਰੂਰਤ ਮੰਦ ਲਈ ਵੀ ਆਪਣਾ ਹੱਥ ਖੁੱਲਾ ਰੱਖੇ। ਤੁਸੀਂ ਦੂਜਿਆਂ ਦੇ ਕੰਮ ਆਉਣ ਲਈ ਹਮੇਸ਼ਾਂ ਤਿਆਰ ਰਹੋ। ਤੁਹਾਡੇ ਅੰਦਰ ਕਿਸੇ ਜਰੂਰਤਮੰਦ ਦੀ ਸੇਵਾ ਕਰਨ ਦਾ, ਮਦਦ ਕਰਨ ਦਾ ਚਾਅ ਠਾਠਾਂ ਮਾਰਦਾ ਹੋਣਾ ਚਾਹੀਦਾ ਹੈ।

ਭੁੱਖੇ ਭਾਣੇ ਸਾਧੂ ਜੋ ਆਪਣੇ ਫਰਜਾਂ ਤੋਂ ਭਗੌੜੇ ਹੋ ਕੇ, ਘਰ ਬਾਰ ਤਿਆਗ ਕੇ ਸਾਧੂ ਬਣ ਗਏ ਸੀ, ਪਰ ਕਿਰਤ ਨਾ ਕਰਨ ਕਰਕੇ ਘਰ ਘਰ ਮੰਗ ਕੇ ਗੁਜ਼ਾਰਾ ਕਰਨ ਲੱਗੇ। ਕਈ ਦਿਨ ਤੱਕ ਮੰਗ ਕੇ ਵੀ ਕੁਝ ਨਾ ਪ੍ਰਾਪਤ ਹੋਣ ਕਰਕੇ ਲੱਗੇ ਭੁੱਖੇ ਮਰਣ। ਗੁਰੂ ਸਾਹਿਬ ਜੀ ਨੇ ਪਹਿਲਾਂ ਤਾਂ ਉਹਨਾਂ ਨੂੰ ਭੋਜਨ ਛਕਾਇਆ। ਫਿਰ ਉਪਦੇਸ਼ ਦਿੱਤਾ ਕਿ ਜੀਵਨ ਆਪਣੇ ਫਰਜਾਂ ਤੋਂ ਭਗੌੜਾ ਹੋ ਕੇ ਜੀਣ ਲਈ ਨਹੀਂ ਮਿਲਿਆ। ਬਲਕਿ ਕੋਈ ਨਾ ਕੋਈ ਦਸਾਂ ਨਹੁੰਆਂ ਦੀ ਸੁਕ੍ਰਿਤ ਕਰਕੇ ਆਪਣੇ ਪਰਿਵਾਰ ਲਈ ਫਰਜਾਂ ਨੂੰ ਨਿਭਾਉਣ ਲਈ ਮਿਲਿਆ ਹੈ। ਗੁਰੂ ਜੀ ਨੇ ਉਹਨਾਂ ਨੂੰ ਆਪਣੀ ਕੋਈ ਨਾ ਕੋਈ ਕਿਰਤ ਕਰਨ ਲਈ ਮਾਇਆ ਵੀ ਦਿੱਤੀ ਤੇ ਕਿਹਾ- ਜਾਓ, ਸੱਚੀ ਸੁੱਚੀ ਕਿਰਤ ਕਰਕੇ ਆਪਣੇ ਫਰਜਾਂ ਦਾ ਨਿਰਵਾਹ ਕਰੋ ਤੇ ਨਾਲ ਨਾਲ ਕਿਸੇ ਹੋਰ ਲੋੜਵੰਦ ਦੀ ਮਦਦ ਕਰਕੇ ਵੰਡ ਛਕਣ ਦਾ ਸਿਧਾਂਤ ਦੁਨੀਆਂ 'ਚ ਫੈਲਾਓ।

ਗੁਰੂਆਂ ਨੇ ਇਸੇ ਵੰਡ ਛੱਕਣ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਹਰ ਸਿੱਖ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ, ਦਸਵਾਂ ਹਿੱਸਾ ਕੱਢਣ ਦੀ ਤਾਕੀਦ ਕੀਤੀ ਹੈ ਤਾਂ ਕਿ ਉਸ ਦਸਵੰਧ ਦੀ ਰਕਮ ਨਾਲ ਕਿਸੇ ਲੋੜਵੰਦ ਦੀ ਮਦਦ ਕੀਤੀ ਜਾ ਸਕੇ, ਕਿਸੇ ਲੋੜਵੰਦ ਵਿਦਿਆਰਥੀ ਦੀ ਸਕੂਲ ਦੀ ਫੀਸ ਭਰੀ ਜਾ ਸਕੇ, ਕਿਸੇ ਗਰੀਬ ਲੋੜਵੰਦ ਵਿਦਿਆਰਥੀ ਨੂੰ ਕਿਤਾਬਾਂ, ਕਾਪੀਆਂ, ਪੈਨ, ਪੈਨਸਿਲਾਂ ਲੈ ਕੇ ਦਿੱਤੇ ਜਾ ਸਕਣ।

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਲਾਹੌਰ ਵਿੱਚ ਕਾਲ ਪੈ ਗਿਆ, ਬਿਮਾਰੀ ਘਰ ਘਰ ਫੈਲ ਗਈ, ਗਲੀਆਂ, ਬਾਜ਼ਾਰਾਂ ਵਿੱਚ ਲਾਸ਼ਾਂ ਪਈਆਂ ਸਨ। ਗੁਰੂ ਜੀ ਨੇ ਸਿੱਖਾਂ ਸਮੇਤ ਲਾਹੌਰ ਜਾ ਕੇ ਦਸਵੰਧ ਦੀ ਰਕਮ ਨਾਲ ਉਸ ਸਮੇਂ ਲੋਕਾਂ ਦੀ ਮਦਦ ਕੀਤੀ। ਦਵਾਈਆਂ, ਖਾਣ ਪੀਣ, ਲਾਸ਼ਾਂ ਨੂੰ ਸੰਭਾਲਣਾ, ਸਾਰੇ ਕੰਮ ਆਪਣੀ ਦੇਖ ਰੇਖ ਵਿੱਚ ਕਰਵਾਏ। ਇਹ ਸੀ ਵੰਡ ਛੱਕਣ ਦੀ ਮਿਸਾਲ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਦਿੱਲੀ ਵਿੱਚ ਚੇਚਕ ਫੈਲੀ। ਗੁਰੂ ਜੀ ਨੇ ਸਿੱਖਾਂ ਸਮੇਤ ਘਰ ਘਰ, ਗਲੀ ਗਲੀ ਜਾ ਕੇ ਦਸਵੰਧ ਦੀ ਮਾਇਆ ਨਾਲ ਦਵਾਈਆਂ, ਲਾਸ਼ਾਂ ਨੂੰ ਸੰਭਾਲਣਾ ਤੇ ਖਾਣ ਪੀਣ ਦਾ ਸਮਾਨ ਲੋੜਵੰਦਾਂ ਨੂੰ ਦੇ ਕੇ ਵੰਡ ਛੱਕਣ ਦਾ ਸਿਧਾਂਤ ਦੁਨੀਆਂ ਨੂੰ ਦੱਸਿਆ।

ਗੁਰੂ ਅੰਗਦ ਸਾਹਿਬ ਜੀ ਨੇ ਬੱਚਿਆਂ ਲਈ ਸਕੂਲ ਤੇ ਨੌਜਵਾਨਾਂ ਲਈ ਮੱਲ ਅਖਾੜੇ ਖੋਲ੍ਹ ਕੇ ਇਸ ਦਸਵੰਧ ਦੀ ਰਕਮ ਨਾਲ ਵੰਡ ਕੇ ਛੱਕਣ ਦੀ ਪਾਲਣਾ ਕੀਤੀ।

ਅਸੀਂ ਅਰਦਾਸ ਵਿੱਚ ਵੀ ਰੋਜ਼ ਉਹਨਾਂ ਮਨੁੱਖਾਂ, ਵਿਦਿਆਰਥੀਆਂ, ਜਿਨ੍ਹਾਂ ਨੇ ਵੰਡ ਕੇ ਛੱਕਣ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਆਪਣੇ ਜੀਵਨ ਵਿੱਚ ਅਪਣਾਇਆ, ਉਹਨਾਂ ਦੀ ਇਸ ਉੱਤਮ ਕਾਰਜਸ਼ੈਲੀ ਲਈ ਉਹਨਾਂ ਦੀ ਸ਼ਲਾਘਾ ਕਰਦੇ ਹਾਂ ਤੇ ਰੋਜ਼ ਕਹਿੰਦੇ ਹਾਂ- ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹੱਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ- ਵਾਹਿਗੁਰੂ।

ਜਿਹੜੇ ਵੀ ਵਿਦਿਆਰਥੀ ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਇਹ ਤਿੰਨ ਸਿਧਾਂਤਾਂ ਦੀਆਂ ਗੱਲਾਂ ਮਨ ਵਿੱਚ ਵਸਾ ਕੇ ਇਹਨਾਂ ਤੇ ਅਮਲ ਕਰੇਗਾ, ਉਹ ਗੁਰੂ ਨਾਨਕ ਪਾਤਸ਼ਾਹ ਦੀਆਂ ਖੁਸ਼ੀਆਂ ਹਾਸਲ ਕਰ ਲਵੇਗਾ। ਸਾਨੂੰ ਆਪ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ, ਕਾਲਜ ਵਿੱਚ ਪੜ੍ਹਦੇ ਧੀਆਂ ਪੁੱਤਰਾਂ ਨੂੰ ਦੱਸਣਾ ਪਵੇਗਾ ਕਿ ਗੁਰੂ ਨਾਨਕ ਕਾਮਲ ਗੁਰੂ ਹੀ ਨਹੀਂ, ਇੱਕ ਕਾਮਲ ਵਿਦਿਆਰਥੀ ਵੀ ਸਨ। -0-



# ਨੰਨੇ ਵਾਰਸ

## ਚੀਤਾ ਐਨੀ ਤੇਜ਼ ਦੌੜ ਕਿਵੇਂ ਲਗਾਉਂਦਾ ਹੈ?

ਚੀਤਾ ਦੁਨੀਆ ਦਾ ਸਭ ਤੋਂ ਤੇਜ਼ ਦੌੜਨ ਵਾਲਾ ਜ਼ਮੀਨੀ ਜਾਨਵਰ ਮੰਨਿਆ ਜਾਂਦਾ ਹੈ। ਇਹ ਥੋੜ੍ਹੇ ਸਮੇਂ ਲਈ ਲਗਭਗ 100 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੀ ਵੱਧ ਰਫ਼ਤਾਰ ਫੜ ਸਕਦਾ ਹੈ। ਪਰ ਸਵਾਲ ਇਹ ਹੈ ਕਿ ਚੀਤਾ ਇੰਨੀ ਤੇਜ਼ ਦੌੜਦਾ ਕਿਵੇਂ ਹੈ?

ਚੀਤੇ ਦਾ ਸਰੀਰ ਤੇਜ਼ ਦੌੜ ਲਈ ਕੁਦਰਤ ਨੇ ਖਾਸ ਤਰੀਕੇ ਨਾਲ ਬਣਾਇਆ ਹੈ। ਇਸ ਦਾ ਸਰੀਰ ਪਤਲਾ ਅਤੇ ਹਲਕਾ ਹੁੰਦਾ ਹੈ। ਇਸ ਦੀਆਂ ਲੰਬੀਆਂ ਤੇ ਮਜ਼ਬੂਤ ਲੱਤਾਂ ਇਸ ਨੂੰ ਵੱਡੇ ਵੱਡੇ ਕਦਮ ਚੁੱਕਣ ਵਿੱਚ ਮਦਦ ਕਰਦੀਆਂ ਹਨ। ਦੌੜਦੇ ਸਮੇਂ ਚੀਤਾ ਇੱਕੋ ਛਾਲ ਵਿੱਚ ਕਈ ਮੀਟਰ ਤੱਕ ਅੱਗੇ ਨਿਕਲ ਜਾਂਦਾ ਹੈ।

ਚੀਤੇ ਦੀ ਰੀੜ੍ਹ ਦੀ ਹੱਡੀ ਵੀ ਬਹੁਤ ਲਚਕੀਲੀ ਹੁੰਦੀ ਹੈ। ਦੌੜਦੇ ਸਮੇਂ ਇਸ ਦੀ ਰੀੜ੍ਹ ਅੱਗੇ ਪਿੱਛੇ ਮੁੜਦੀ ਹੈ, ਜਸਿ ਨਾਲ ਇਸ ਦੀਆਂ ਛਾਲਾਂ ਹੋਰ ਲੰਬੀਆਂ ਹੋ ਜਾਂਦੀਆਂ ਹਨ। ਇਸ ਦੀ ਲੰਮੀ ਪੂਛ ਦੌੜਦੇ ਸਮੇਂ ਸਰੀਰ ਦਾ ਸੰਤੁਲਨ ਬਣਾਈ ਰੱਖਣ ਅਤੇ ਅਚਾਨਕ ਮੋੜ ਲੈਣ ਵਿੱਚ ਮਦਦ ਕਰਦੀ ਹੈ।

ਚੀਤੇ ਦੇ ਪੰਜਿਆਂ ਦੇ ਨੱਖ ਪੂਰੀ ਤਰ੍ਹਾਂ ਅੰਦਰ ਨਹੀਂ ਮੁੜਦੇ। ਇਸ ਕਰਕੇ ਉਸ ਨੂੰ



ਜ਼ਮੀਨ ਉੱਤੇ ਚੰਗੀ ਪਕੜ ਮਿਲਦੀ ਹੈ। ਇਸ ਦੀਆਂ ਵੱਡੀਆਂ ਨਾਸਾਂ ਅਤੇ ਮਜ਼ਬੂਤ ਫੇਫੜੇ ਦੌੜਦੇ ਸਮੇਂ ਵੱਧ ਆਕਸੀਜਨ ਲੈਣ ਵਿੱਚ ਮਦਦ ਕਰਦੇ ਹਨ।

ਚੀਤਾ ਆਪਣੀ ਇਹ ਬੇਮਿਸਾਲ ਰਫ਼ਤਾਰ ਜ਼ਿਆਦਾਤਰ ਸ਼ਿਕਾਰ ਨੂੰ ਫੜਨ ਲਈ ਵਰਤਦਾ ਹੈ। ਹਾਲਾਂਕਿ ਇਹ ਬਹੁਤ ਤੇਜ਼ ਦੌੜ ਸਕਦਾ ਹੈ, ਪਰ ਲੰਬੇ ਸਮੇਂ ਤੱਕ ਨਹੀਂ। ਇਸ ਲਈ ਚੀਤੇ ਦਾ ਰਾਜ਼ ਹੈ, ਹਲਕਾ ਸਰੀਰ, ਲੰਬੀਆਂ ਛਾਲਾਂ, ਮਜ਼ਬੂਤ ਲੱਤਾਂ ਅਤੇ ਸ਼ਾਨਦਾਰ ਸੰਤੁਲਨ।

-0-

## ਸੂਰਜ ਅਤੇ ਚੰਦ ਦੀ ਦਿਲਚਸਪ ਕਹਾਣੀ

**ਪਰਮਜੀਤ ਸਿੰਘ**

ਬਹੁਤ ਪੁਰਾਣੀ ਗੱਲ ਹੈ। ਅਸਮਾਨ ਵਿੱਚ ਸੂਰਜ ਅਤੇ ਚੰਦ ਦੋਵੇਂ ਭਰਾ ਰਹਿੰਦੇ ਸਨ। ਸੂਰਜ ਬਹੁਤ ਚਮਕਦਾਰ, ਤਾਕਤਵਰ ਅਤੇ ਗਰਮ ਸੁਭਾਅ ਦਾ ਸੀ, ਜਦਕਿ ਚੰਦ ਸ਼ਾਂਤ, ਠੰਢੇ ਸੁਭਾਅ ਵਾਲਾ ਅਤੇ ਨਰਮ ਰੌਸ਼ਨੀ ਦੇਣ ਵਾਲਾ ਸੀ। ਦੋਵੇਂ ਇੱਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ, ਪਰ ਉਨ੍ਹਾਂ ਦੀ ਇੱਕ ਗੱਲ ਨੂੰ ਲੈ ਕੇ ਹਮੇਸ਼ਾ ਬਹਿਸ ਹੁੰਦੀ ਰਹਿੰਦੀ ਸੀ।

ਸੂਰਜ ਕਹਿੰਦਾ, "ਮੇਰੀ ਰੌਸ਼ਨੀ ਤੋਂ ਬਿਨਾਂ ਧਰਤੀ ਉੱਤੇ ਜੀਵਨ ਕਿਵੇਂ ਚੱਲ ਸਕਦਾ ਹੈ? ਮੈਂ ਪੌਦਿਆਂ ਨੂੰ ਵਧਣ ਲਈ ਰੌਸ਼ਨੀ ਦਿੰਦਾ ਹਾਂ ਅਤੇ ਲੋਕਾਂ ਨੂੰ ਦਿਨ ਵੇਲੇ ਕੰਮ ਕਰਨ ਵਿੱਚ ਮਦਦ ਕਰਦਾ ਹਾਂ।"

ਚੰਦ ਮੁਸਕਰਾ ਕੇ ਕਹਿੰਦਾ, "ਇਹ ਗੱਲ ਸਹੀ ਹੈ ਭਰਾ, ਪਰ ਜਦੋਂ ਤੁਸੀਂ ਸਾਰਾ ਦਿਨ ਚਮਕਦੇ ਹੋ ਤਾਂ ਲੋਕਾਂ ਨੂੰ ਆਰਾਮ ਦੀ ਲੋੜ ਹੁੰਦੀ ਹੈ। ਰਾਤ ਦੇ ਹਨੇਰੇ ਵਿੱਚ ਮੇਰੀ ਚਾਂਦਨੀ ਉਨ੍ਹਾਂ ਨੂੰ ਸੁਕੂਨ ਦਿੰਦੀ ਹੈ।"

ਇੱਕ ਦਿਨ ਦੋਵੇਂ ਭਰਾ ਆਪਣੀ ਗੱਲ ਲੈ ਕੇ ਅਸਮਾਨ ਦੇ ਬਜ਼ੁਰਗ ਤਾਰਿਆਂ ਕੋਲ ਪਹੁੰਚੇ। ਤਾਰਿਆਂ ਨੇ ਉਨ੍ਹਾਂ ਦੀ ਗੱਲ ਸੁਣ ਕੇ ਕਿਹਾ, "ਤੁਸੀਂ ਦੋਵੇਂ ਆਪਣੇ ਆਪ ਨੂੰ ਵੱਡਾ ਸਮਝਦੇ ਹੋ, ਪਰ ਕੀ ਤੁਸੀਂ ਜਾਣਦੇ ਹੋ ਕਿ ਧਰਤੀ ਨੂੰ ਤੁਹਾਡੇ



ਦੋਵਾਂ ਦੀ ਲੋੜ ਹੈ?"

ਸੂਰਜ ਅਤੇ ਚੰਦ ਨੇ ਹੈਰਾਨ ਹੋ ਕੇ ਪੁੱਛਿਆ, "ਸਾਨੂੰ ਦੋਵਾਂ ਦੀ?" ਇੱਕ ਬਜ਼ੁਰਗ ਤਾਰੇ ਨੇ ਸਮਝਾਇਆ, "ਸੂਰਜ ਤੋਂ ਮਿਲਣ ਵਾਲੀ ਰੌਸ਼ਨੀ ਅਤੇ ਗਰਮੀ ਧਰਤੀ ਉੱਤੇ ਜੀਵਨ ਲਈ ਬਹੁਤ ਜ਼ਰੂਰੀ ਹੈ। ਪੌਦੇ ਸੂਰਜ ਦੀ ਰੌਸ਼ਨੀ ਦੀ ਮਦਦ ਨਾਲ ਆਪਣਾ ਭੋਜਨ ਬਣਾਉਂਦੇ ਹਨ। ਦੂਜੇ ਪਾਸੇ, ਚੰਦ ਰਾਤ ਨੂੰ ਧਰਤੀ ਨੂੰ ਰੌਸ਼ਨੀ ਦਿੰਦਾ ਹੈ ਅਤੇ ਸਮੁੰਦਰਾਂ ਦੀਆਂ ਲਹਿਰਾਂ ਉੱਤੇ ਵੀ ਆਪਣਾ ਪ੍ਰਭਾਵ ਪਾਉਂਦਾ ਹੈ।"

ਇਹ ਸੁਣ ਕੇ ਦੋਵੇਂ ਭਰਾ ਚੁੱਪ ਹੋ ਗਏ। ਉਨ੍ਹਾਂ ਨੂੰ ਸਮਝ ਆ ਗਈ ਕਿ ਕੋਈ ਵੀ ਇਕੱਲਾ ਹਰ ਕੰਮ ਨਹੀਂ ਕਰ ਸਕਦਾ।

ਉਸ ਦਿਨ ਤੋਂ ਸੂਰਜ ਨੇ ਸਵੇਰੇ ਅਸਮਾਨ ਵਿੱਚ ਆਉਣਾ ਸ਼ੁਰੂ ਕਰ ਦਿੱਤਾ। ਉਹ ਆਪਣੀਆਂ ਸੁਨਹਿਰੀ ਕਿਰਨਾਂ ਨਾਲ ਧਰਤੀ ਨੂੰ ਰੌਸ਼ਨ ਕਰਦਾ। ਪੰਛੀ ਚਹਿਕਦੇ, ਫੁੱਲ ਖਿੜਦੇ

ਅਤੇ ਬੱਚੇ ਖੇਡਣ ਲਈ ਬਾਹਰ ਨਿਕਲਦੇ।

ਸ਼ਾਮ ਹੁੰਦੇ ਹੀ ਸੂਰਜ ਹੌਲੀ ਹੌਲੀ ਦੂਰ ਚਲਾ ਜਾਂਦਾ ਅਤੇ ਚੰਦ ਅਸਮਾਨ ਵਿੱਚ ਆ ਜਾਂਦਾ। ਚੰਦ ਆਪਣੀ ਠੰਢੀ ਚਾਂਦਨੀ ਨਾਲ ਧਰਤੀ ਨੂੰ ਨਿਹਾਰਦਾ। ਤਾਰੇ ਉਸ ਦੇ ਆਲੇ ਦੁਆਲੇ ਟਿਮਟਿਮਾਉਂਦੇ ਅਤੇ ਰਾਤ ਦਾ ਅਸਮਾਨ ਬਹੁਤ ਸੋਹਣਾ ਲੱਗਦਾ।

ਇੱਕ ਰਾਤ ਚੰਦ ਨੇ ਸੂਰਜ ਨੂੰ ਕਿਹਾ, "ਭਰਾ, ਹੁਣ ਮੈਨੂੰ ਪਤਾ ਲੱਗ ਗਿਆ ਹੈ ਕਿ ਸਾਡੀ ਤਾਕਤ ਇੱਕ ਦੂਜੇ ਨਾਲ ਮੁਕਾਬਲਾ ਕਰਨ ਵਿੱਚ ਨਹੀਂ, ਸਗੋਂ ਆਪਣਾ ਆਪਣਾ ਕੰਮ ਕਰਨ ਵਿੱਚ ਹੈ।"

ਸੂਰਜ ਹੱਸਿਆ ਅਤੇ ਬੋਲਿਆ, "ਬਿਲਕੁਲ! ਤੁਸੀਂ ਰਾਤ ਨੂੰ ਰੌਸ਼ਨੀ ਦਿਓ ਅਤੇ ਮੈਂ ਦਿਨ ਨੂੰ। ਇਸ ਤਰ੍ਹਾਂ ਧਰਤੀ ਹਮੇਸ਼ਾ ਖੁਸ਼ ਰਹੇਗੀ।"

ਉਸ ਤੋਂ ਬਾਅਦ ਸੂਰਜ ਅਤੇ ਚੰਦ ਨੇ ਕਦੇ ਇੱਕ ਦੂਜੇ ਨਾਲ ਮੁਕਾਬਲਾ ਨਹੀਂ ਕੀਤਾ। ਉਹ ਸਮਝ ਗਏ ਕਿ ਹਰ ਕਿਸੇ ਦੀ ਆਪਣੀ ਖਾਸੀਅਤ ਹੁੰਦੀ ਹੈ ਅਤੇ ਮਿਲਜੁਲ ਕੇ ਕੰਮ ਕਰਨ ਨਾਲ ਦੁਨੀਆ ਹੋਰ ਵੀ ਸੁੰਦਰ ਬਣ ਜਾਂਦੀ ਹੈ।

ਅੱਜ ਵੀ ਜਦੋਂ ਸਵੇਰੇ ਸੂਰਜ ਚੜ੍ਹਦਾ ਹੈ ਅਤੇ ਰਾਤ ਨੂੰ ਚੰਦ ਅਸਮਾਨ ਵਿੱਚ ਚਮਕਦਾ ਹੈ, ਤਾਂ ਇਉਂ ਲੱਗਦਾ ਹੈ ਜਿਵੇਂ ਦੋਵੇਂ ਭਰਾ ਵਾਰੀ ਵਾਰੀ ਧਰਤੀ ਨੂੰ ਪਿਆਰ ਨਾਲ ਕਹਿ ਰਹੇ ਹੋਣ, "ਅਸੀਂ ਦੋਵੇਂ ਤੁਹਾਡੇ ਨਾਲ ਹਾਂ।"

-0-

# ਹਾਥੀ ਦੀ ਸੁੰਡ ਇੰਨੀ ਕਮਾਲ ਦੀ ਕਿਉਂ ਹੁੰਦੀ ਹੈ?

ਹਾਥੀ ਦੀ ਸੁੰਡ ਉਸ ਦੇ ਸਰੀਰ ਦਾ ਸਭ ਤੋਂ ਖਾਸ ਅਤੇ ਹੈਰਾਨੀਜਨਕ ਅੰਗ ਹੈ। ਇਹ ਅਸਲ ਵਿੱਚ ਹਾਥੀ ਦੀ ਨੱਕ ਅਤੇ ਉੱਪਰਲੇ ਹੋਠ ਦਾ ਮਿਲਿਆ ਹੋਇਆ ਰੂਪ ਹੈ। ਸੁੰਡ ਹਾਥੀ ਲਈ ਨੱਕ, ਹੱਥ ਅਤੇ ਕਈ ਵਾਰ ਪਾਣੀ ਦੀ ਪਾਈਪ ਵਾਂਗ ਕੰਮ ਕਰਦੀ ਹੈ।



ਹਾਥੀ ਆਪਣੀ ਸੁੰਡ ਨਾਲ ਸਾਹ ਲੈਂਦਾ ਹੈ ਅਤੇ ਵੱਖ-ਵੱਖ ਚੀਜ਼ਾਂ ਦੀ ਸੁਗੰਧ ਪਛਾਣਦਾ ਹੈ। ਇਸ ਦੀ ਸੁੰਘਣ ਦੀ ਸਮਰੱਥਾ ਬਹੁਤ ਤੇਜ਼ ਹੁੰਦੀ ਹੈ। ਹਾਥੀ ਆਪਣੀ ਸੁੰਡ ਨਾਲ ਘਾਹ, ਪੱਤੇ, ਫਲ ਅਤੇ ਟਾਹਣੀਆਂ ਚੁੱਕ ਕੇ ਮੂੰਹ ਵਿੱਚ ਪਾਉਂਦਾ ਹੈ। ਵੱਡੀਆਂ ਚੀਜ਼ਾਂ ਚੁੱਕਣ ਦੇ ਨਾਲ ਇਹ ਸੁੰਡ ਨਾਲ ਬਹੁਤ ਛੋਟੀਆਂ ਚੀਜ਼ਾਂ ਵੀ ਫੜ ਸਕਦਾ ਹੈ।

ਗਰਮੀ ਦੇ ਦਿਨਾਂ ਵਿੱਚ ਹਾਥੀ ਆਪਣੀ ਸੁੰਡ ਵਿੱਚ ਪਾਣੀ ਭਰ ਕੇ ਸਰੀਰ ਉੱਤੇ ਛਿੜਕਦਾ ਹੈ। ਇਸ ਤਰ੍ਹਾਂ ਉਹ ਆਪਣੇ ਸਰੀਰ ਨੂੰ ਠੰਢਾ ਰੱਖਦਾ ਹੈ। ਕਈ ਵਾਰ ਹਾਥੀ ਆਪਣੀ ਸੁੰਡ ਵਿੱਚ ਪਾਣੀ ਭਰ ਕੇ ਉਸ ਨੂੰ ਮੂੰਹ ਵਿੱਚ ਪਾ ਕੇ ਪਾਣੀ ਵੀ ਪੀਂਦਾ ਹੈ।

ਸੁੰਡ ਸਿਰਫ਼ ਕੰਮ ਕਰਨ ਲਈ ਹੀ ਨਹੀਂ, ਸਗੋਂ ਗੱਲਬਾਤ ਅਤੇ ਪਿਆਰ ਦਿਖਾਉਣ ਲਈ ਵੀ ਵਰਤੀ ਜਾਂਦੀ ਹੈ। ਹਾਥੀ ਇੱਕ ਦੂਜੇ ਨੂੰ ਸੁੰਡ ਨਾਲ ਛੂਹ ਕੇ ਪਛਾਣਦੇ ਅਤੇ ਪਿਆਰ ਦਿਖਾਉਂਦੇ ਹਨ।

ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਹਾਥੀ ਦੀ ਸੁੰਡ ਵਿੱਚ ਹਜ਼ਾਰਾਂ ਮਾਸਪੇਸ਼ੀਆਂ ਹੁੰਦੀਆਂ ਹਨ। ਇਸ ਕਰਕੇ ਇਹ ਬਹੁਤ ਮਜ਼ਬੂਤ ਹੋਣ ਦੇ ਨਾਲ ਬੇਹੱਦ ਲਚਕੀਲੀ ਵੀ ਹੁੰਦੀ ਹੈ। ਇਹੀ ਕਾਰਨ ਹੈ ਕਿ ਹਾਥੀ ਦੀ ਸੁੰਡ ਕੁਦਰਤ ਦੀਆਂ ਸਭ ਤੋਂ ਅਦਭੁੱਤ ਬਣਤਰਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ।

(ਪ੍ਰੇਰਕ ਪ੍ਰਸੰਗ)

# ਨੌਕਰ ਦੀ ਲਿਆਕਤ

ਮੇਜਰ ਸਿੰਘ ਨਾਭਾ

ਇੱਕ ਰਾਜਾ ਦੁਰਲੱਭ ਵਸਤੂਆਂ ਦਾ ਬਹੁਤ ਸ਼ੌਕੀਨ ਸੀ। ਇੱਕ ਦਸਤਕਾਰ ਨੇ ਰਾਜੇ ਲਈ ਹੀਰੇ ਮੋਤੀਆਂ ਨਾਲ ਸ਼ਿੰਗਾਰੇ ਦੋ ਫੁੱਲਦਾਨ ਬਣਾ ਕੇ ਭੇਟ ਕੀਤੇ। ਰਾਜੇ ਨੇ ਦਸਤਕਾਰ ਨੂੰ ਤਕੜਾ ਇਨਾਮ ਦਿੱਤਾ ਅਤੇ ਹੁਕਮ ਦਿੱਤਾ ਕਿ ਇਹੋ ਜਿਹੇ ਫੁੱਲਦਾਂ ਹੋਰ ਕਿਸੇ ਲਈ ਨਾ ਬਣਾਏ ਜਾਣ। ਰਾਜੇ ਨੇ ਮਹਿਲ ਅੰਦਰ ਨੌਕਰਾਨ ਨੂੰ ਇਨ੍ਹਾਂ ਫੁੱਲਦਾਨਾਂ ਨੂੰ ਸਜਾਉਣ ਅਤੇ ਸੰਭਾਲ ਕੇ ਰੱਖਣ ਲਈ ਕਿਹਾ। ਰਾਜੇ ਦਾ ਸੁਭਾਅ ਬੜਾ ਸਖ਼ਤ ਸੀ। ਉਸ ਦਾ ਹੁਕਮ ਸੀ ਕਿ ਜੇ ਕਿਸੇ ਨੇ ਫੁੱਲਦਾਨ ਤੋੜ ਦਿੱਤਾ ਤਾਂ ਉਸ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਵੇਗੀ।



ਇੱਕ ਦਿਨ ਨੌਕਰ ਤੋਂ ਸਫ਼ਾਈ ਕਰਦੇ ਸਮੇਂ ਫੁੱਲਦਾਨ ਹੇਠਾਂ ਡਿੱਗ ਕੇ ਟੁੱਟ ਗਿਆ। ਰਾਜੇ ਕੋਲ ਖ਼ਬਰ ਪਹੁੰਚ ਗਈ। ਰਾਜੇ ਨੇ ਨੌਕਰ ਨੂੰ ਫ਼ਾਂਸੀ ਦਾ ਹੁਕਮ ਸੁਣਾ ਦਿੱਤਾ। ਫ਼ਾਂਸੀ ਦਾ ਦਿਨ ਤੈਅ ਕਰ ਦਿੱਤਾ ਗਿਆ। ਫ਼ਾਂਸੀ ਦੇਣ ਤੋਂ ਪਹਿਲਾਂ ਰਾਜੇ ਨੇ ਨੌਕਰ ਨੂੰ ਉਸ ਦੀ ਆਖਰੀ ਖ਼ਾਹਿਸ਼ ਬਾਰੇ ਪੁੱਛਿਆ ਤਾਂ ਜੋ ਪੂਰੀ ਕਰ ਦਿੱਤੀ ਜਾਵੇ। ਨੌਕਰ ਨੇ ਆਪਣੀ ਖ਼ਾਹਿਸ਼ ਜ਼ਾਹਿਰ ਕਰਦੇ ਹੋਏ ਕਿਹਾ, "ਮੈਨੂੰ ਦੂਜੇ ਫੁੱਲਦਾਨ ਨੂੰ ਇੱਕ ਵਾਰ ਦੇਖਣ ਦਾ ਮੌਕਾ ਦਿੱਤਾ ਜਾਵੇ।" ਰਾਜੇ ਨੇ ਅਹਿਲਕਾਰ ਨੂੰ ਦੂਜਾ ਫੁੱਲਦਾਨ ਨੌਕਰ ਨੂੰ ਲਿਆ ਕੇ ਦੇਣ ਲਈ ਹੁਕਮ ਦੇ ਦਿੱਤਾ। ਅਹਿਲਕਾਰ ਨੇ ਹੁਕਮ ਅਨੁਸਾਰ ਫੁੱਲਦਾਨ ਨੌਕਰ ਨੂੰ ਦੇ ਦਿੱਤਾ। ਨੌਕਰ ਨੇ ਫੁੱਲਦਾਨ ਹੱਥ ਵਿੱਚ ਫੜ੍ਹ ਕੇ ਧਰਤੀ ਉੱਪਰ ਸੁੱਟ ਕੇ ਤੋੜ ਦਿੱਤਾ। ਰਾਜੇ ਨੂੰ ਗੁੱਸਾ ਚੜ੍ਹ ਗਿਆ, "ਤੂੰ ਇਹ ਕੀ ਕੀਤਾ ਹੈ?"

"ਮਹਾਰਾਜ, ਮੈਂ ਇੱਕ ਇਨਸਾਨ ਦੀ ਜ਼ਿੰਦਗੀ ਬਚਾਈ ਹੈ। ਜਦੋਂ ਇਹ ਫੁੱਲਦਾਨ ਟੁੱਟਣਾ ਸੀ ਤਾਂ ਇੱਕ ਹੋਰ ਬੰਦੇ ਨੂੰ ਫ਼ਾਂਸੀ ਹੋਣੀ ਸੀ। ਮੈਨੂੰ ਤਾਂ ਫ਼ਾਂਸੀ ਹੋ ਹੀ ਗਈ ਹੈ, ਪਰ ਦੂਜਾ ਫੁੱਲਦਾਨ ਤੋੜਨ ਨਾਲ ਹੋਰ ਕਿਸੇ ਦੀ ਜ਼ਿੰਦਗੀ ਜ਼ਰੂਰ ਬਚ ਗਈ ਹੈ।"

ਰਾਜਾ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਨੌਕਰ ਦੀ ਲਿਆਕਤ ਦੇਖ ਕੇ ਉਸ ਨੂੰ ਫ਼ਾਂਸੀ ਤੋਂ ਮੁਕਤ ਕਰਨ ਦੇ ਨਾਲ ਭਾਰੀ ਇਨਾਮ ਦਿੱਤਾ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਲੜੀਵਾਰ

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ



**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨਾ**

ਸੰਨ 1809 ਵਿਚ ਫੇਰ ਗੋਰਖਿਆਂ ਨੇ ਰਾਜਾ ਸੰਸਾਰ ਚੰਦ ਕਾਂਗੜੇ ਵਾਲੇ ਪਰ ਬਹੁਤ ਸਾਰੀ ਫੌਜ ਨਾਲ ਚੜ੍ਹਾਈ ਕੀਤੀ ਅਤੇ ਆਉਂਦੇ ਹੀ ਰਾਜਾ ਨੂੰ ਕੋਟ ਕਾਂਗੜੇ ਕਿਲ੍ਹੇ ਵਿੱਚ ਬੰਦ ਕਰ ਦਿੱਤਾ। ਰਾਜਾ ਸੰਸਾਰ ਚੰਦ ਨੇ ਜਦ ਆਪਣੇ ਆਪ ਨੂੰ ਗੋਰਖਿਆਂ ਹੱਥੋਂ ਬਚਣਾ ਅਸੰਭਵ ਡਿੱਠਾ ਤਾਂ ਉਸ ਨੇ ਭਾਈ ਫਤਹਿ ਚੰਦ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਲਾਹੌਰ ਭੇਜਿਆ ਕਿ ਮਹਾਰਾਜ ਆਪਣੀ ਫੌਜ ਨਾਲ ਉਨ੍ਹਾਂ ਦੀ ਇਸ ਕਠਿਨ ਸਮੇਂ ਵਿਚ ਸਹਾਇਤਾ ਕਰੋ, ਜਿਸ ਦੇ ਬਦਲੇ ਉਨ੍ਹਾਂ ਨੇ ਮਹਾਰਾਜੇ ਨੂੰ ਕਾਂਗੜੇ ਦਾ ਕਿਲ੍ਹਾ ਦੇਣਾ ਪ੍ਰਵਾਨ ਕੀਤਾ। ਸ਼ੇਰਿ ਪੰਜਾਬ ਦਾ ਇਹ ਆਮ ਵਤੀਰਾ ਸੀ ਕਿ ਜਦ ਕੋਈ ਲੋੜਵੰਦ ਆਪ ਦੀ ਸੇਵਾ ਵਿਚ ਸਹਾਇਤਾ ਲਈ ਆਉਂਦਾ ਤਾਂ ਆਪ ਜ਼ਰੂਰ ਹੀ ਉਸ ਦੀ ਬਾਂਹ ਫੜਦੇ।

ਇਸ ਸਮੇਂ ਮਹਾਰਾਜਾ ਨੇ ਸੰਸਾਰ ਚੰਦ ਤੇ ਫਤਹਿ ਚੰਦ ਦੀ ਬੇਨਤੀ ਮੰਨ ਲਈ ਤੇ ਉਨ੍ਹਾਂ ਦੀ ਸਹਾਇਤਾ ਲਈ ਤਿਆਰੀ ਦਾ ਹੁਕਮ ਦਿੱਤਾ। ਥੋੜ੍ਹੇ ਸਮੇਂ ਵਿਚ ਹੀ ਜਦ ਤਿਆਰੀਆਂ ਸੰਪੂਰਨ ਹੋ ਗਈਆਂ ਤਾਂ ਆਪ ਨੇ ਕੂਚ ਦਾ ਹੁਕਮ ਦੇ ਦਿੱਤਾ ਤੇ ਸਮੇਂ ਸਿਰ ਕਾਂਗੜੇ ਪਹੁੰਚ ਗਏ। ਇਥੇ ਪਹੁੰਚ ਕੇ ਵੈਰੀ ਦੇ ਲਸ਼ਕਰ ਦਾ ਰੰਗ ਵੇਖ ਕੇ ਇਕ ਦਿਨ ਸਵੇਰੇ ਹੀ ਵੈਰੀ ਦੀ ਫੌਜ ਪਰ ਜਾ ਧਾਵਾ ਕੀਤਾ। ਅੱਗੋਂ ਗੋਰਖੇ ਵੀ ਜੋ ਆਪਣੀ ਵੀਰਤਾ ਲਈ ਪ੍ਰਸਿੱਧ ਸਨ, ਚੰਗੀ ਤਰ੍ਹਾਂ ਜੰਮ ਕੇ ਲੜੇ ਤੇ ਪੂਰੀ ਵਰਯਾਮਤਾ ਦੱਸੀ, ਸਵੇਰ ਤੋਂ ਲੌਢੇ ਪਹਿਰ ਤੱਕ ਤੁਲਵੀਂ ਬਲ-ਪ੍ਰੀਖਿਆ ਹੁੰਦੀ ਰਹੀ। ਛੇਕੜ ਗੋਰਖਿਆਂ ਵਿੱਚ ਖਲਬਲੀ ਪੈ ਗਈ ਤੇ ਉਹ ਆਪਣੇ ਮੋਰਚੇ ਛੱਡ ਕੇ ਪਿੱਛੇ ਹੱਟ ਗਏ। ਬਸ ਉਨ੍ਹਾਂ ਦੇ ਪੈਰ ਹਿਲਣੇ ਹੀ ਸਨ ਕਿ ਉਪਰੋਂ ਸੱਜਰ ਸ਼ਾਹ ਖਾਲਸਾ ਫੌਜ ਨਾਲ ਹੋਰ ਹੱਲਾ ਕੀਤਾ ਗਿਆ, ਜਿਸ ਦਾ ਸਿੱਟਾ ਖਾਲਸੇ ਦੀ ਨਿਰੋਲ ਫਤਹਿ ਸੀ। ਸੂਰਜ ਦੇ ਲੋਪ ਹੁੰਦਿਆਂ ਗੋਰਖੇ ਵੀ ਇਨ੍ਹਾਂ ਪਹਾੜਾਂ ਵਿੱਚ ਅਲੋਪ ਹੋ ਗਏ। ਇਸ ਲੜਾਈ ਵਿੱਚ ਗੋਰਖਿਆਂ ਦਾ ਨੁਕਸਾਨ ਭਾਰੀ ਸੀ। ਦੂਜੇ ਦਿਨ ਪਤਾ ਲੱਗਾ ਕਿ ਇਹ ਭੌਣ ਦੇ ਲਾਗੇ ਫੇਰ ਇਕੱਠੇ ਹੋ ਕੇ ਮੋਰਚੇ ਤਿਆਰ ਕਰ ਰਹੇ ਹਨ। ਮਹਾਰਾਜਾ ਸਾਹਿਬ ਨੇ ਅਗਲੇ ਦਿਨ ਕੁਝ ਫੌਜ ਉਥੇ ਭੇਜ ਕੇ ਉਨ੍ਹਾਂ ਨੂੰ ਉਥੋਂ ਵੀ ਕੱਢਣ ਦਾ ਹੁਕਮ ਦਿੱਤਾ, ਇਥੇ ਗੋਰਖਿਆਂ ਨੇ ਪਿਛਲੀ ਭਾਂਜ ਦੇ ਕਲੰਕ ਨੂੰ ਧੋਣ ਲਈ ਤੇ ਆਪਣੀ ਕੌਮੀ ਅਣਖ ਨੂੰ ਬਚਾਉਣ ਲਈ ਭਾਰੀ ਤਿਆਰੀਆਂ ਕੀਤੀਆਂ ਹੋਈਆਂ ਸਨ। ਖਾਲਸਾ ਫੌਜ ਦੇ ਉਥੇ ਪਹੁੰਚਦੇ ਹੀ ਬੜੀ ਲਹੂ-ਡੋਲਵੀਂ ਲੜਾਈ ਆਰੰਭ ਹੋਈ। ਪਹਿਲੇ ਦੋਹਾਂ ਧਿਰਾਂ ਵਲੋਂ ਗੋਲੀਆਂ ਤੇ ਤੀਰ ਵਰ੍ਹਦੇ ਰਹੇ, ਛੇਕੜ ਹੁਣ ਦੋਵੇਂ ਫੌਜਾਂ ਇੰਨੀਆਂ ਲਾਗੇ ਪਹੁੰਚ ਗਈਆਂ ਕਿ ਗੋਲੀ ਬੰਦ ਹੋ ਗਈ। ਇਧਰੋਂ ਖਾਲਸੇ ਨੇ ਸ੍ਰੀ ਸਾਹਿਬ ਧੂਹ ਲਈਆਂ ਤੇ ਉਧਰ ਗੋਰਖਿਆਂ ਖੋਖਰੀਆਂ ਖਿੱਚ ਕੱਢੀਆਂ ਤੇ ਹੁਣ ਹੱਥੋ-ਹੱਥ ਘਸਮਾਨ ਮਚਿਆ ਕਿ ਮਾਨੋਂ ਕਹਿਰ ਵਰਤ ਗਿਆ। ਦੋਵੇਂ ਕੌਮਾਂ ਅੱਜ ਇਸ ਗੱਲ ਦਾ ਨਿਰਣਾ ਕਰਨਾ ਚਾਹੁੰਦੀਆਂ ਸਨ ਕਿ ਸੰਸਾਰ ਪਰ ਕਿਹੜੀ ਕੌਮ ਅਦੁੱਤੀ ਜੰਗੀ ਅਖਵਾਉਣ ਦੀ ਹੱਕਦਾਰ ਹੈ। ਅੱਜ ਸੁਆਦਲੀ ਲੜਾਈ ਹੋਈ, ਦੋਹਾਂ ਧਿਰਾਂ ਨੇ ਕੋਈ ਕਸਰ ਆਪੋ ਆਪਣੇ ਜੰਗੀ ਹੁਨਰ ਤੇ ਆਪਾ ਵਾਰਨ ਵਿਚ ਪਿੱਛੇ ਨਾ ਛੱਡੀ, ਗੁਰੂ ਨੂੰ ਇਹ ਮਨਜ਼ੂਰ ਸੀ ਕਿ ਖਾਲਸਾ ਸਭ ਤੋਂ ਉਚਾ ਰਹੇ ਜਿਸ ਲਈ ਗੋਰਖੇ ਲੰਮੀਆਂ ਤਲਵਾਰਾਂ ਦੀ ਮਾਰ ਤੋਂ ਅਧੀਰ ਹੋ ਕੇ ਇਕਾ-ਇਕ ਪਿੱਛੇ ਹਟਦੇ, ਉਧਰੋਂ ਖਾਲਸਾ ਹੋਰ ਅੱਗੇ ਵਧਿਆ ਤੇ ਹੁਣ ਵੈਰੀਆਂ ਵਿਚ ਇਕ ਆਮ ਭਾਜੜ ਪੈ ਗਈ ਅਰ ਮੈਦਾਨ ਖਾਲਸੇ ਦੇ ਹੱਥ ਰਿਹਾ। ਗੋਰਖੇ ਸੈਂਕੜੇ ਮੁਰਦੇ ਮੈਦਾਨ ਵਿਚ ਛੱਡ ਕੇ ਨੱਸ ਗਏ। ਖਾਲਸੇ ਦਾ ਨੁਕਸਾਨ ਵੀ ਖਾਸਾ ਸੀ, ਪਰ ਇਸ ਫਤਹਿ ਦਾ ਫਲ ਇਹ ਹੋਇਆ ਕਿ ਸਾਰਾ ਪਹਾੜੀ ਇਲਾਕਾ ਮਹਾਰਾਜਾ ਸਾਹਿਬ ਦੀ ਤਹਿਤ ਵਿਚ ਆ ਗਿਆ। ਹੁਣ 24 ਦਸੰਬਰ ਸੰਨ 1808 ਈ: ਨੂੰ ਮਹਾਰਾਜਾ ਸਾਹਿਬ ਨੇ ਕਾਂਗੜੇ ਦੇ ਕਿਲ੍ਹੇ ਵਿਚ ਪ੍ਰਵੇਸ਼ ਕਰਕੇ ਇਕ ਦਰਬਾਰ ਕੀਤਾ, ਜਿਸ ਵਿਚ ਕਾਂਗੜਾ, ਚੰਬਾ, ਨੂਰ ਪੁਰ, ਕੋਟਲਾ ਸ਼ਾਹ ਪੁਰ, ਜਸਰੋਤਾ, ਬਸੋਲੀ, ਮਾਨਕੋਟ, ਜਸਵਾਨ, ਖਿਬਾਗਲੋਰ, ਕਹਿਲੂਰ, ਮੰਡੀ ਸੁਕੇਤ, ਕੁਲੂ ਅਤੇ ਦਾਤਾਰਪੁਰ ਆਦਿ ਦੇ ਰਾਜੇ ਹਾਜ਼ਰ ਸਨ। ਸਾਰੇ ਪਹਾੜੀ ਰਾਜਿਆਂ ਨੇ ਸ਼ੇਰਿ ਪੰਜਾਬ ਅੱਗੇ ਨਜ਼ਰਾਂ ਪੇਸ਼ ਕੀਤੀਆਂ ਅਤੇ ਮਹਾਰਾਜਾ ਸਾਹਿਬ ਵਲੋਂ ਸਭ ਨੂੰ ਬਹੁਮੁੱਲੀਆਂ ਖਿਲਤਾਂ ਮਿਲੀਆਂ। ਇਸ ਸਮੇਂ ਇਨ੍ਹਾਂ ਸਾਰੀਆਂ ਰਿਆਸਤਾਂ ਦਾ ਗਵਰਨਰ ਕਿਲ੍ਹਾਦਾਰ ਸਰਦਾਰ ਦੇਸਾ ਸਿੰਘ ਮਜੀਠਿਆ ਥਾਪਿਆ ਗਿਆ ਤੇ ਇਸ ਦੀ ਤਹਿਤ ਵਿਚ ਪਹਾੜ ਸਿੰਘ ਨਾਇਬ ਨਾਜ਼ਮ ਨਿਯੁਕਤ ਹੋਇਆ। ਜਿੰਨੀ ਫੌਜ ਦੀ ਲੋੜ ਸਮਝੀ ਗਈ ਉਹ ਕਿਲ੍ਹਾ ਕਾਂਗੜਾ ਵਿਚ ਹੀ ਰੱਖੀ ਗਈ। ਏਥੇ ਹੁੰਦੇ ਹੁੰਦੇ ਮਹਾਰਾਜਾ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਗਏ। ਇਥੇ ਇਸ ਫਤਹਿ ਪਰ ਬੜੀਆਂ ਖੁਸ਼ੀਆਂ ਸਰਬੱਤ ਪਰਜਾ ਵਲੋਂ ਮਨਾਈਆਂ ਗਈਆਂ। ਮਹਾਰਾਜੇ ਨੇ ਸ੍ਰੀ ਦਰਬਾਰ ਸਾਹਿਬ ਦੇ ਟਹਿਲੇ ਲਈ ਭਾਰੀ ਗੱਫਾ ਅਰਦਾਸ ਕਰਵਾਇਆ।

ਫਰਵਰੀ ਸੰਨ 1810 ਈ: ਵਿੱਚ ਸ਼ੇਰਿ ਪੰਜਾਬ ਖੁਸ਼ਾਬ ਦੀ ਮੁਹਿੰਮ ਪਰ ਆਏ ਹੋਏ ਸਨ ਕਿ ਇਥੇ ਸ਼ਾਹਸੁਜ਼ਾ ਦੇ ਆਦਮੀ ਆਏ ਤੇ ਕਹਿਣ ਲੱਗੇ ਕਿ ਸ਼ਾਹ ਸੁਜ਼ਾ-ਉਲ ਸ਼ਾਹ ਕਾਬਲ, ਮਹਿਮੂਦ ਤੋਂ ਨੱਸ ਕੇ ਪੰਜਾਬ ਵੱਲ ਆਪ ਨੂੰ ਮਿਲਣ ਆ ਰਿਹਾ ਹੈ, ਜਿਹੜੀ ਥਾਂ ਆਪ ਦੱਸੋ ਉਥੇ ਪਹੁੰਚ ਜਾਏ। ਮਹਾਰਾਜੇ ਨੇ ਸ਼ਾਹ ਸੁਜ਼ਾ ਨੂੰ ਖੁਸ਼ਾਬ ਵਿਚ ਹੀ ਬੁਲਾ ਲਿਆ। ਕੁਝ ਦਿਨਾਂ ਬਾਅਦ ਸ਼ਾਹ ਇਥੇ ਆ ਗਿਆ। ਮਹਾਰਾਜਾ ਸਾਹਿਬ ਨੇ ਸਹੀ ਤਰੀਕੇ ਨਾਲ 1250 ਰੁਪਿਆ ਉਸ ਦੀ ਪ੍ਰਾਹੁਣਚਾਰੀ ਲਈ ਪਹਿਲੇ ਦਿਨ ਭੇਜਿਆ ਤੇ ਉਸ ਦਾ ਮਾਣ ਸਭ ਤਰ੍ਹਾਂ ਮੁੱਖ ਰੱਖਿਆ। ਸ਼ਾਹ ਮਹਾਰਾਜੇ ਦਾ ਅਤਿ ਧੰਨਵਾਦੀ ਸੀ, ਫੇਰ ਇਸ ਅਪਦਾ ਦੇ ਸਮੇਂ ਉਸ ਨੇ ਮਹਾਰਾਜੇ ਤੋਂ ਗੁਜ਼ਾਰਾ ਮੰਗਿਆ, ਜੋ ਖੁੱਲ੍ਹੇ ਦਿਲ ਮਹਾਰਾਜੇ ਨੇ ਖੁਸ਼ੀ ਨਾਲ ਸ਼ਾਹ ਦੀ ਮੰਗ ਅਨੁਸਾਰ ਦੇਣਾ ਪ੍ਰਵਾਨ ਕੀਤਾ। ਸ਼ਾਹ ਨੇ ਇਸ ਸਮੇਂ ਇਹ ਵੀ ਸ਼ਿਕਾਇਤ ਕੀਤੀ ਕਿ ਨਵਾਬ ਮੁਲਤਾਨ ਨੇ ਇਸ ਕਸ਼ਟ ਸਮੇਂ ਉਸ ਨਾਲ ਚੰਗਾ ਵਰਤਾਵ ਨਹੀਂ ਕੀਤਾ, ਆਪ ਇਸ ਨੂੰ ਇਸ ਬੁਰੇ ਸਲੂਕ ਦੀ ਸਜ਼ਾ ਦੇਵੋ। ਸ਼ਾਹ ਸੁਜ਼ਾ ਨੇ ਆਪਣੇ ਵਸੇਵੇਂ ਲਈ ਪਹਿਲੇ-ਪਹਿਲ ਰਾਵਲਪਿੰਡੀ ਪਸੰਦ ਕੀਤੀ। ਸ਼ੇਰਿ ਪੰਜਾਬ ਨੇ ਇਲਾਕੇ ਦੇ ਕਾਰਦਾਰ ਦੇ ਨਾਮ ਫੁਰਮਾਨ ਲਿਖ ਦਿੱਤਾ ਕਿ ਸ਼ਾਹ ਦੇ ਰਹਿਣ ਲਈ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਜਾਣ, ਇਸ ਦੇ ਬਾਅਦ ਸ਼ਾਹ ਸੁਜ਼ਾ ਮਹਾਰਾਜੇ ਤੋਂ ਆਗਿਆ ਲੈ ਕੇ ਰਾਵਲਪਿੰਡੀ ਵੱਲ ਪਰਤ ਆਇਆ ਤੇ ਇਸ ਤਰ੍ਹਾਂ ਇਹ ਦੁਰਾਨੀ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਪੋਤਰਾ, ਮਹਾਰਾਜਾ ਸਾਹਿਬ ਦੇ ਦਾਨ ਪਰ ਰਹਿਣ ਲੱਗਾ।

**ਸ਼ਹਿਜ਼ਾਦਾ ਖੜਗ ਸਿੰਘ ਦਾ ਵਿਆਹ**

ਸੰਨ 1812 ਈ: ਦੇ ਆਰੰਭ ਹੁੰਦਿਆਂ ਹੀ ਸ਼ਹਿਜ਼ਾਦਾ ਖੜਗ ਸਿੰਘ ਦੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਇਸ ਸਮੇਂ ਰਾਜਾ ਪਟਿਆਲਾ, ਨਾਭਾ, ਜੀਂਦ ਅਤੇ ਸਰਦਾਰ ਕੈਂਥਲ ਆਦਿ ਆਏ ਤੇ ਸਰ ਡੇਵਡ, ਅਕਟਰਲੋਨੀ ਸਰਕਾਰ ਅੰਗਰੇਜ਼ੀ ਦਾ ਪ੍ਰਤੀਨਿੱਧ ਹੋ ਕੇ ਆਇਆ।

ਵਾਲੀਏ ਕਾਬਲ ਤੇ ਮੁਲਤਾਨ ਅਤੇ ਗਵਰਨਰ ਕਸ਼ਮੀਰ ਆਦਿ ਵੱਡੇ ਪਤਵੰਤੇ ਜਾਂਞੀਆਂ ਦਾ ਇਕੱਠ ਹੋਇਆ। ਲਗਭਗ ਸਾਰਾ ਪੰਜਾਬ ਅਤੇ ਖਾਲਸਾ ਫੌਜਾਂ ਇਸ ਖੁਸ਼ੀ ਨੂੰ ਮਾਣ ਰਹੀਆਂ ਸਨ।

ਜਨੇਤ ਲਾਹੌਰ ਤੋਂ ਤੁਰ ਕੇ ਫਤਹਿਗੜ੍ਹ (ਗੁਰਦਾਸਪੁਰ) ਸਰਦਾਰ ਜੈਮਲ ਸਿੰਘ ਘਨੱਯੇ ਦੇ ਘਰ ਬੜੀ ਧੂਮ ਧਾਮ ਨਾਲ ਹਾਥੀਆਂ ਦੇ ਜਲੂਸ ਪਰ ਪਹੁੰਚੀ। ਸਾਰੇ ਪ੍ਰਾਹੁਣਿਆਂ ਦੇ ਰੰਗੀਲੇ ਸਜੀਲੇ ਪੁਸ਼ਾਕੇ ਝਿਲਮਿਲ ਝਿਲਮਿਲ ਕਰ ਰਹੇ ਸਨ। ਅੱਗੋਂ ਘਨੱਯਾ ਸਰਦਾਰਾਂ ਨੇ ਇਹਨਾਂ ਪਤਵੰਤੇ ਪ੍ਰਾਹੁਣਿਆਂ ਦੀ ਆਗਤ ਵਿਚ ਕੋਈ ਊਣਤਾਈ ਨਾ ਰਹਿਣ ਦਿੱਤੀ, ਰੁਪਏ ਨੂੰ ਪਾਣੀ ਵਤ ਵਾਰਿਆ। ਹਰ ਇਕ ਜਾਂਞੀ ਨੂੰ ਉਸ ਦੇ ਰੁਤਬੇ ਅਨੁਸਾਰ ਸਿਰੋਪਾ ਤੇ ਖਿਲਤਾਂ ਦਿੱਤੀਆਂ। ਇਸ ਸਮੇਂ ਸ਼ਾਹਜ਼ਾਦੇ ਨੂੰ ਜੋ ਨਿਉਂਦਾ ਪਿਆ ਉਹ ਇਸ ਤਰ੍ਹਾਂ ਹੈ-

ਯਾਰਾ ਯਾਰਾਂ ਹਜ਼ਾਰ ਰੁਪਿਆ ਤੇ ਇਕ ਇਕ ਹਾਥੀ ਫੂਲਬੰਸੀ ਰਾਜਿਆਂ ਤੇ ਭਾਈ ਲਾਲ ਸਿੰਘ ਕੈਂਥਲ ਵਾਲਿਆਂ ਨੇ ਦਿੱਤਾ, 40000, ਫਕੀਰ ਅਜ਼ੀਜ਼ੁਦੀਨ, 17000, ਦੀਵਾਨ ਦੇਵੀ ਦਾਸ, 1000 ਦੀਵਾਨ ਭਵਾਨੀ ਦਾਸ, ਇੱਕ ਇੱਕ ਹਜਾਰ ਦੀਵਾਨ ਹੁਕਮ ਸਿੰਘ ਤੇ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਨੇ ਦਿੱਤਾ। ਪੰਜ ਪੰਜ ਹਜ਼ਾਰ ਸਰਦਾਰ ਦਲ ਸਿੰਘ ਤੇ ਸ: ਮਿਤ ਸਿੰਘ ਭੜਾਨੀਆਂ ਨੇ ਦਿੱਤਾ, ਇਸੇ ਤਰ੍ਹਾਂ 16000 ਲਾਲਾ ਰਾਮਾ ਨੰਦ ਸਰਾਫ, 4000 ਰਾਜਾ ਨੂਰਪੁਰ, 9000 ਰਾਜਾ ਚੰਬੇ ਵਾਲਾ, 4000 ਰਾਜਾ ਜਸਰੋਤਾ, 11000, ਸਰਦਾਰ ਫਤਹਿ ਸਿੰਘ ਆਹਲੂਵਾਲੀਆ, 21000 ਸਰਦਾਰ ਜੋਧ ਸਿੰਘ ਰਾਮਗੜੀਆ, 7000, ਰਾਜਾ ਸੰਸਾਰ ਚੰਦ, 2000, ਅਹਿਮਦ ਖਾਨ ਸਿਆਲ ਸਣੇ ਦੋ ਘੋੜਿਆਂ ਦੇ, 5000 ਰਾਜਾ ਬਸੋਲੀ, 4000, ਰਾਜਾ ਹਰੀਪੁਰੀਆ, 4000, ਰਾਜਾ ਮਨਕੋਟੀਆ, 2000) ਨਵਾਬ ਕੁਤਬਦੀਨ ਸਣੇ ਸੱਤ ਘੋੜਿਆਂ ਦੇ, 20000) ਨਵਾਬ ਰੁਕਨਲ ਦੌਲਾ ਮੁਹੰਮ ਸਾਦਿਕ ਖਾਨ, 10500) ਨਵਾਬ ਸਰ ਬੁਲੰਦ ਖਾਨ, 5000) ਨਵਾਬ ਮੁਲਤਾਨ, 5000) ਅੰਗਰੇਜ਼ੀ ਏਜੰਟ ਵਲੋਂ ਦਿੱਤਾ ਗਿਆ। ਇਹ ਕਿਹਾ ਜਾਂਦਾ ਹੈ ਕਿ ਇਸ ਸਮੇਂ ਮਹਾਰਾਜੇ ਨੇ ਬਹੁਤ ਘੱਟ ਤੰਬੋਲ ਪ੍ਰਵਾਨ ਕੀਤਾ। ਫੌਜਾਂ ਵਿਚ ਕੰਠੇ, ਪੱਗਾਂ ਤੇ ਮਠਿਆਈਆਂ ਆਦਿ ਬਹੁਤ ਕੁਝ ਬਖਸ਼ੀਸ਼ਾਂ ਦਿੱਤੀਆਂ ।

ਰਾਣੀ ਚੰਦ ਕੌਰ ਨੂੰ ਦਾਜ ਵੀ ਉਸਦੀ ਸ਼ਾਨ ਅਨੁਸਾਰ ਮਿਲਿਆ, ਨਿਯਤ ਦਿਨਾਂ ਦੇ ਬਾਅਦ ਬੜੀ ਸ਼ਾਨ ਨਾਲ ਡੋਲਾ ਲਾਹੌਰ ਲਿਆਂਦਾ ਗਿਆ ।

ਇਸ ਸਮੇਂ ਮਹਾਰਾਜਾ ਸਾਹਿਬ ਨੇ ਅੰਗਰੇਜ਼ੀ ਏਜੰਟ ਨਾਲ ਐਸੀ ਖੁੱਲ੍ਹ-ਦਿਲੀ ਨਾਲ ਮਿਲਾਪ ਕੀਤਾ ਕਿ ਉਹ ਸਾਰੇ ਸ਼ੰਕੇ-ਜੋ ਦੋਵਾਂ ਧਿਰਾਂ ਦੇ ਮਨਾਂ ਵਿਚ ਪਏ ਹੋਏ ਸਨ-ਹੁਣ ਚੰਗੀ ਤਰ੍ਹਾਂ ਨਵਿਰਤ ਹੋ ਗਏ। ਲਾਹੌਰ ਪਹੁੰਚ ਕੇ ਮਹਾਰਾਜਾ ਸਾਹਿਬ ਨੇ ਸਰ ਡੇਵਡ ਨੂੰ ਕੁਝ ਦਿਨ ਹੋਰ ਪ੍ਰਾਹੁਣਾ ਰੱਖਿਆ ਅਤੇ ਆਪਣੀਆਂ ਫੌਜਾਂ ਦੀ ਪਰੇਡ ਦੱਸੀ। ਹੁਣ ਬੜੇ ਪਿਆਰ ਨਾਲ ਡੇਵਡ ਲਾਹੌਰ ਤੋਂ ਵਿਦਾ ਹੋਇਆ ।

**ਕੋਹਿਨੂਰ ਹੀਰੇ ਦਾ ਇਤਿਹਾਸ**

ਇਹ ਹੀਰਾ ਸੰਸਾਰ ਦੇ ਸਰਬੱਤ ਹੀਰਿਆਂ ਵਿਚੋਂ ਵੱਧ ਪ੍ਰਸਿੱਧਤਾ ਰੱਖਦਾ ਸੀ। ਇਸ ਦਾ ਇਤਿਹਾਸ ਬੜਾ ਵਚਿੱਤਰ ਹੈ। ਕਈ ਲੇਖਕ ਇਸ ਦੀ ਜੀਵਨ-ਕਥਾ ਬੜੇ ਪੁਰਾਤਨ ਸਮੇਂ ਤੱਕ ਪਹੁੰਚਾਉਂਦੇ ਹਨ। ਪਰ ਇਸ ਦੀ ਪੁਸ਼ਟੀ ਲਈ ਕੋਈ ਠੋਸ ਵਿਗਿਆਨਿਕ ਸਬੂਤ ਅੱਜ ਤੀਕ ਜਨਤਾ ਦੇ ਮੂਹਰੇ ਕਿਸੇ ਨਹੀਂ ਧਰਿਆ। ਇਸ ਲਈ ਅਸੀਂ ਇਸ ਦੀ ਆਯੂ ਦਾ ਉਹ ਹੀ ਸਮਾਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ ਜਦ ਤੋਂ ਇਹ ਬਹੁਮੁੱਲਾ ਹੀਰਾ ਇਤਿਹਾਸਿਕ ਚਾਨਣੇ ਵਿਚ ਆਇਆ।

15 ਦਸੰਬਰ 1525 ਈ: ਨੂੰ ਬਾਬਰ ਨੇ ਹਿੰਦ ਪਰ ਧਾਵਾ ਕੀਤਾ। ਪਾਨੀਪਤ ਦੀ ਲਹੂ ਡੋਲ੍ਹਵੀਂ ਲੜਾਈ ਵਿਚ ਇਬਰਾਹੀਮ ਲੋਧੀ ਪਰ ਫਤਹਿ ਪਾ ਕੇ 22 ਅਪ੍ਰੈਲ ਨੂੰ ਇਸ ਦਿੱਲੀ ਪਰ ਕਬਜ਼ਾ ਕਰ ਲਿਆ।

ਪਾਨੀਪਤ ਦੀ ਵਿਜਯ ਦੇ ਦਿਨ ਹੀ ਬਾਬਰ ਨੇ ਆਪਣੇ ਪੁੱਤਰ ਸ਼ਾਹਜ਼ਾਦਾ ਹੇਮਾਯੂਨ ਨੂੰ ਆਗਰੇ ਪਰ ਅਧਿਕਾਰ ਦੀ ਪ੍ਰਾਪਤੀ ਲਈ ਜੋ ਉਸ ਸਮੇਂ ਲੋਧੀਆਂ ਦੀ ਰਾਜਧਾਨੀ ਸੀ-ਉਧਰ ਨੂੰ ਸਣੇ ਫੌਜ ਤੋਰ ਦਿੱਤਾ।

ਹੇਮਾਯਨ ਨੇ ਆਗਰੇ ਪਹੁੰਚਦਿਆਂ ਹੀ ਸ਼ਹਿਰ ਨੂੰ ਘੇਰੇ ਵਿਚ ਰੱਖ ਲਿਆ। ਇਬਰਾਹੀਮ ਤਾਂ ਪਾਨੀਪਤ ਦੇ ਸੰਗਰਾਮ ਵਿੱਚ ਹੀ ਮਾਰਿਆ ਗਿਆ ਸੀ ਹੁਣ ਮੁੜ ਕਿਸ ਲੜਨਾ ਸੀ। ਹੇਮਾਯੂਨ ਬਿਨਾਂ ਲੜਾਈ ਦੇ ਰਾਜਧਾਨੀ ਵਿੱਚ ਜਾ ਵੜਿਆ।

ਇਸ ਸਮੇਂ ਇਕ ਵਿਲੱਖਣ ਘਟਨਾ ਸਾਹਮਣੇ ਆਈ। ਹੇਮਾਯੂਨ ਜਦ ਸਣੇ ਵਿਜਯੀ ਸੈਨਾ ਦੇ ਆਗਰੇ ਦੇ ਕਿਲ੍ਹੇ ਵਿੱਚ ਦਾਖਲ ਹੋ ਰਿਹਾ ਸੀ ਤਾਂ ਕਿਲ੍ਹੇ ਦੇ ਦਰਵਾਜੇ ਪਰ ਇਕ ਬਿਰਧ ਇਸਤਰੀ ਮਿਲੀ, ਜਿਸ ਨੇ ਸ਼ਾਹਜਾਦੇ ਦੇ ਹੱਥ ਇਕ ਡੱਬੀ ਫੜਾ ਕੇ ਆਪਣੀ ਜਾਨ ਦੀ ਰੱਖਿਆ ਲਈ ਬਿਨੈ ਕੀਤੀ। ਸ਼ਾਹਜਾਦੇ ਜਦ ਡੱਬੀ ਖੋਲ੍ਹੀ ਤਾਂ ਉਸ ਵਿਚ ਜਗਤ ਦਾ ਇਹ ਵੱਡਮੁੱਲਾ ਹੀਰਾ ਜਗਮਗਾਉਂਦਾ ਹੋਇਆ ਉਸ ਨੂੰ ਦਿਸਿਆ।

ਬਾਬਰ ਦਿੱਲੀ ਵਿਚ ਫੌਜੀ ਪ੍ਰਬੰਧ ਸਥਾਪਤ ਕਰਕੇ ਮਈ ਸੰਨ 1526 ਨੂੰ ਆਗਰੇ ਪੁੱਜ ਗਿਆ। ਇਸ ਸਮੇਂ ਹੇਮਾਯੂਨ ਜਦ ਆਪਣੇ ਪਿਤਾ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਇਹ ਹੀਰਾ ਉਸ ਦੇ ਮੂਹਰੇ ਰੱਖਿਆ। ਬਾਬਰ ਨੇ ਸ਼ਾਹਜ਼ਾਦੇ ਪਰ ਪ੍ਰਸੰਨ ਹੋ ਕੇ ਇਹ ਹੀਰਾ ਉਸੇ ਨੂੰ ਸੁਗਾਤ ਵਜੋਂ ਬਖਸ਼ ਦਿੱਤਾ।

ਇਸ ਘਟਨਾ ਬਾਰੇ ਬਾਬਰ ਆਪਣੀ ਲਿਖਤ 'ਤੁਜ਼ਕੇ ਬਾਬਰੀ' ਵਿਚ ਲਿਖਦਾ ਹੈ:-

ਜਿਹੜੇ ਜਵਾਹਰ ਸ਼ਾਹਜ਼ਾਦਾ ਹੇਮਾਯੂਨ ਨੂੰ ਆਗਰੇ ਦੇ ਕਿਲ੍ਹੇ ਵਿਚ ਦਾਖਲੇ ਸਮੇਂ ਮਿਲੇ ਸਨ, ਉਨ੍ਹਾਂ ਵਿਚ ਇਹ ਅਦੁੱਤੀ ਹੀਰਾ ਵੀ ਮੌਜੂਦ ਸੀ, ਜਿਸ ਦਾ ਤੋਲ 320 ਰੱਤੀ ਸੀ। ਇਸ ਦਾ ਮੁੱਲ ਸੰਸਾਰ ਦੇ ਸਾਰਿਆਂ ਹੀਰਿਆਂ ਤੋਂ ਵੱਧ ਹੈ। ਸ਼ਾਹਜ਼ਾਦਾ ਜਦ ਮੇਰੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਉਸ ਨੇ ਇਹ ਹੀਰਾ ਮੇਰੇ ਸਾਹਮਣੇ ਰੱਖਿਆ। ਮੈਂ ਉਸ ਸਮੇਂ ਸ਼ਾਹਜ਼ਾਦੇ ਪਰ ਐਨਾ ਪ੍ਰਸੰਨ ਹੋਇਆ ਕਿ ਇਹ ਬਹੁਮੁੱਲਾ ਹੀਰਾ ਉਸ ਨੂੰ ਹੀ ਬਖਸ਼ ਦਿੱਤਾ।

ਇਉਂ ਸੰਨ 1526 ਦੇ ਬਾਅਦ ਹੀਰੇ ਦੀ ਅਦਲਾ ਬਦਲੀ ਦੇ ਪੂਰੇ ਸਮਾਚਾਰ ਲਿਖਤ ਵਿਚ ਆਵਣ ਲੱਗੇ। ਇਹ ਰਤਨ ਸੰਨ 1540 ਤੱਕ ਹਿੰਦ ਦੇ ਖਜ਼ਾਨੇ ਵਿਚ ਰਿਹਾ ਇਸੇ ਦਿਨ ਜਦ ਕਨੌਜ ਦੀ ਰਣਭੂਮੀ ਵਿਚ ਸ਼ਾਹ ਹੇਮਾਯੂਨ ਨੂੰ ਸ਼ੇਰ ਸ਼ਾਹ ਸੂਰੀ ਦੇ ਹੱਥੋਂ ਭਾਂਜ ਹੋਈ ਤਾਂ ਉਸ ਜਾਨ ਬਚਾ ਕੇ ਈਰਾਨ ਵਿਚ ਜਾ ਪਨਾਹ ਲਈ। ਇਸ ਸਮੇਂ ਉਹ ਇਹ ਹੀਰਾ ਗੁਪਤ ਢੰਗ ਨਾਲ ਹਿੰਦ ਤੋਂ ਬਾਹਰ ਆਪਣੇ ਨਾਲ ਲੈ ਗਿਆ।

ਸੰਨ 1555 ਨੂੰ ਹੇਮਾਯੂਨ ਨੇ ਜਦ ਮੁੜ ਹਿੰਦ ਪਰ ਆਪਣਾ ਅਧਿਕਾਰ ਜਮਾ ਲਿਆ ਤਾਂ ਇਹ ਹੀਰਾ ਮੁੜ ਹਿੰਦ ਵਿਚ ਪਹੁੰਚ ਗਿਆ। ਇਹ ਗੱਲ ਬੜੇ ਅਚੰਭੇ ਵਾਲੀ ਹੈ ਕਿ ਐਨਾ ਲੰਮਾ ਸਮਾਂ ਇਹ ਨਿਰਮੋਲਕ ਹੀਰਾ ਬਿਨਾਂ ਨਾਂ ਦੇ ਹੀ ਪਿਆਰਿਆ ਜਾਂਦਾ ਰਿਹਾ।

ਇਹ ਸਵਾ ਦੋ ਸਾਲ ਮੁਗਲਾਂ ਦੇ ਕਬਜ਼ੇ ਵਿਚ ਰਿਹਾ। ਸੰਨ 1739 ਵਿਚ ਨਾਦਰ ਸ਼ਾਹ ਨੇ ਅਹਿਮਦ ਸ਼ਾਹ ਰੰਗੀਲੇ ਨੂੰ ਹਾਰ ਦੇ ਕੇ ਦਿੱਲੀ ਖਜ਼ਾਨੇ ਪਰ ਕਬਜ਼ਾ ਕਰ ਲਿਆ। ਉਸ ਸਮੇਂ ਇਹ ਹੀਰੇ ਦੀ ਚਮਕ ਤੇ ਪ੍ਰਕਾਸ਼ ਨੂੰ ਵੇਖ ਕੇ ਨਾਦਰ ਸ਼ਾਹ ਦੇ ਮੂੰਹ ਸੁੱਤੇ ਹੀ ਨਿਕਲ ਗਿਆ- 'ਵਲਾਹ ਈਂ ਕੋਹਨੂਰ ਅਸਤ' ਕਿ ਇਹ ਤਾਂ 'ਕੋਹਨੂਰ' ਹੈ । ਕੋਹ ਦੇ ਅਰਥ ਪਹਾੜ ਦੇ ਹਨ ਅਤੇ ਨੂਰ ਦੇ ਮਹਿਨੇ ਰੋਸ਼ਨੀ ਅਰਥਾਤ ਇਹ ਤਾਂ ਰੋਸ਼ਨੀ ਦਾ ਪਹਾੜ ਹੈ। ਇਸ ਦਿਨ ਤੋਂ ਇਸ ਦਾ ਨਾਂ ਕੋਹਨੂਰ ਪ੍ਰਸਿੱਧ ਹੋਇਆ ।

ਇਸ ਅਭਾਗੇ ਸਾਲ ਕੋਹਿਨੂਰ ਨੂੰ ਆਪਣੇ ਪਿਆਰੇ ਦੇਸ਼ ਹਿੰਦ ਤੋਂ ਜਲਾਵਤਨ ਕਰਕੇ ਨਾਦਰ ਸ਼ਾਹ ਦਿੱਲੀ ਦੀ ਲੁੱਟ **ਬਾਕੀ ਸਫਾ 31 'ਤੇ**

# ਕੇਸਾਂ ਉਤੇ ਵਾਰ

ਡਾ. ਦਰਸ਼ਨਜੋਤ ਕੌਰ
# 98157-19118

ਸਰਕਾਰਾਂ ਜਦੋਂ ਕਿਸੇ ਵਿਰੋਧੀ ਨੂੰ ਖਤਮ ਕਰਨੀਆਂ ਚਾਹੁੰਦੀਆਂ ਹਨ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਪਹਿਚਾਣ ਖਤਮ ਕਰਦੀਆਂ ਹਨ। ਇਸ ਲਈ ਸਭ ਤੋਂ ਪਹਿਲਾ ਵਾਰ ਕੇਸਾਂ (ਵਾਲਾਂ) ਉਤੇ ਹੀ ਹੁੰਦਾ ਆਇਆ ਹੈ। ਜਦੋਂ ਜਪਾਨ ਨੇ ਕੋਰੀਆ ਨੂੰ ਜਿੱਤਿਆ ਸੀ ਤਾਂ ਉਹ ਕੋਰੀਆ ਨੂੰ ਅਪਨੀ ਬਸਤੀ ਬਣਾਉਣਾ ਚਾਹੁੰਦਾ ਸੀ। ਜਪਾਨ ਸਰਕਾਰ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਉਸ ਨੇ ਹੁਕਮ ਚਾੜ੍ਹ ਦਿੱਤਾ ਕਿ ਸਾਰੇ ਕੋਰੀਆ ਦੇ ਲੋਕ ਸਿਰ ਦੇ ਵਾਲ ਕਟਾ ਦੇਣ। ਜਪਾਨ ਦੀ ਸਰਕਾਰ ਨੇ ਉਨ੍ਹਾਂ ਦੇ ਸਭਿਆਚਾਰ ਦਾ ਤਹਿਸ ਨਹਿਸ ਕਰਨ ਲਈ ਸਭ ਤੋਂ ਪਹਿਲਾ ਵਾਰ ਉਨ੍ਹਾਂ ਦੇ ਵਾਲਾਂ (ਕੇਸਾਂ) ਉਤੇ ਕੀਤਾ। ਇਸ ਨਾਲ ਉਨ੍ਹਾਂ ਦੀ ਮਾਨਸਿਕਤਾ ਗੁਲਾਮ ਹੋ ਗਈ। ਜਪਾਨ ਤੋਂ ਬਾਦ ਅਮਰੀਕਨ ਸਰਕਾਰ ਵਲੋਂ ਜ਼ਬਰਦਸਤੀ ਕੀਤੀ ਗਈ। ਸਕੂਲਾਂ ਵਿਚ ਅਧਿਆਪਕਾਂ ਨੂੰ ਬੱਚਿਆਂ ਦੇ ਵਾਲ ਜ਼ਬਰਦਸਤੀ ਕੱਟ ਦੇਣ ਦਾ ਹੁਕਮ ਕਰ ਦਿੱਤਾ ਗਿਆ, ਭਾਵੇਂ ਬੱਚੇ ਦੀ ਮਰਜ਼ੀ ਨਾ ਵੀ ਹੋਵੇ। ਬੱਚਿਆਂ ਦੀ ਮਾਨਸਿਕਤਾ ਇਸ ਹੱਦ ਤਕ ਕੇਸਾਂ ਨਾਲ ਜੁੜੀ ਹੋਈ ਸੀ ਕਿ ਕਈ ਬੱਚਿਆਂ ਨੇ ਇਸ ਜ਼ਬਰਦਸਤੀ ਤੋਂ ਛੁਟਕਾਰਾ ਪਾਉਣ ਲਈ ਛੱਤਾਂ ਤੋਂ ਛਾਲ ਵੀ ਮਾਰ ਦਿੱਤੀ।

ਜਦੋਂ ਹਿਟਲਰ ਤਾਕਤ ਵਿਚ ਆਇਆ ਤਾਂ ਉਸ ਨੇ ਯਹੂਦੀਆਂ ਦੀ ਹਸਤੀ ਅਤੇ ਵਿਅਕਤੀਤਵ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾ ਅਤੇ ਜ਼ੋਰਦਾਰ ਕਦਮ ਉਨ੍ਹਾਂ ਦੇ ਵਾਲ (ਕੇਸ) ਕਤਲ ਕਰਕੇ ਚੁਕਿਆ। ਵਾਲ ਕੱਟਣ ਤੋਂ ਬਾਦ ਯਹੂਦੀਆਂ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਹੁਣ ਉਹ ਜ਼ੁਲਮ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਰਹੇ। ਬਹੁਤੇ ਤਾਂ ਮਾਰੇ ਗਏ। ਕੁਝ ਬਚ ਵੀ ਗਏ। ਬਚੇ ਹੋਏ ਲੋਕਾਂ ਵਿਚੋਂ ਇਕ ਲ਼ਵਿਓ ਓ. ਭਟਿਟੋਨ ਝਓਚਕਸੋਨ ਨਾਂ ਦੀ ਲਿਖਾਰਣ ਜੋ ਇਸ ਘਲੂਘਾਰੇ ਵਿਚੋਂ ਬਚ ਨਿਕਲੀ ਸੀ, ਨੇ ਇੰਜ ਲਿਖਿਆ ਹੈ:

"ਵਾਲ (ਕੇਸ) ਕੱਟਣ ਨਾਲ ਦਿੱਖ ਉਤੇ ਇਕ ਹੈਰਾਨੀਕੁਨ ਫਰਕ ਇਹ ਪਿਆ ਕਿ ਵਿਅਕਤੀ ਇਕ ਚੀਜ਼ (mass) ਹੀ ਲਗਨ ਲਗ ਪਏ ਜਿਵੇਂ ਕਿ ਉਨ੍ਹਾਂ ਦੀ ਅਪਨੀ ਕੋਈ ਹੋਂਦ ਹੀ ਨਹੀਂ ਰਹੀ। ਕੱਦ, ਉਮਰ, ਸਰੀਰਕ ਤਾਕਤ ਆਦਿ ਸਭ ਲਫਜ਼ ਬੇਅਰਥ ਹੋ ਗਏ। ਸਭ ਇਕ ਬੁੱਤ ਵਾਂਗ ਲਗਣ ਲਗ ਪਏ। ਚਿਹਰੇ ਦੇ ਹਾਵ ਭਾਵ ਖਤਮ ਹੋ ਗਏ। ਇਸ ਤਰ੍ਹਾਂ ਲਗਣ ਲਗ ਪਿਆ ਜਿਵੇਂ ਸਾਰੇ ਲੋਗ ਨੰਗੇ ਅਤੇ ਕੁਸੁਹਣੇ ਹੋ ਗਏ ਹੋਣ ਅਤੇ ਉਨ੍ਹਾਂ ਦੇ ਚਿਹਰੇ ਤਨੇ ਹੋਏ ਅਤੇ ਭਾਵਨਾਹੀਨ ਹੋ ਗਏ ਹੋਣ। ਇਕ ਮਿੰਟ ਵਿਚ ਹੀ ਹਜ਼ਾਰਾਂ ਲੋਕਾਂ ਦੀ ਗਿਣਤੀ ਭੌਤਿਕ ਤੌਰ ਤੇ ਵੀ ਦੇਖਣ ਵਿਚ ਬਹੁਤ ਘਟ ਲਗਣ ਲਗ ਪਈ। ਵਾਲਾਂ ਦੀ ਅਨਹੋਂਦ ਕਾਰਨ ਸਾਰੇ ਲੋਕ ਮਾਦੇ ਦਾ ਇਕੋ ਹੀ ਢੇਰ ਬਣ ਗਏ। ਕਿਸੇ ਦੀ ਅਪਨੀ ਕੋਈ ਅੱਡ ਹਸਤੀ ਨਾ ਰਹੀ।"

ਇਸ ਘਲੂਘਾਰੇ ਦੀ ਯਾਦ ਵਿਚ ਅਮਰੀਕਾ ਵਿਚ ਮਿਊਜ਼ਿਅਮ ਬਣਾਈ ਗਈ। (the United States Holocaust Memorial Museum) ਇਸ ਮਿਊਜ਼ਿਅਮ ਵਿਚ ਇਕ ਬਕਸਾ ਅਜਿਹਾ ਭੇਜਿਆ ਗਿਆ, ਜਿਸ ਵਿਚ ਯਹੂਦੀਆਂ ਦੇ ਕੱਟੇ ਹੋਏ ਵਾਲ ਭਰੇ ਹੋਏ ਸਨ। ਵਾਲ ਸਰੀਰ ਦਾ ਮਹਤੱਵਪੂਰਨ ਅੰਗ ਹਨ, ਇਸ ਲਈ ਇਨ੍ਹਾਂ ਦੀ ਨਮਾਇਸ਼ ਨਹੀਂ ਲਗਾਉਣ ਦਿੱਤੀ ਗਈ। ਵਾਲਾਂ ਦੀ ਸਿਰਫ ਫੋਟੋ ਹੀ ਦੇਖਣ ਲਈ ਲਗਾਉਣੀ ਪਈ। ਇਸ ਘਟਨਾ ਤੋਂ ਸਪਸ਼ੱਟ ਹੈ ਕਿ ਵਾਲ ਸਮਾਜ ਵਿਚ ਇਕ ਬਹੁਤ ਹੀ ਮਹੱਤਵਪੂਰਨ ਸਥਾਨ ਰਖਦੇ ਹਨ।

ਪੁਰਾਤਨ ਭਾਰਤ ਦੇ ਇਤਿਹਾਸ ਨੂੰ ਵਾਚਿਆ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਦੋਂ ਭਾਰਤ ਵਿਚ ਰਾਜਾ ਜਨਮੇਜਾ ਦਾ ਰਾਜ ਆਇਆ ਤਾਂ ਉਸ ਨੇ ਬ੍ਰਾਹਮਨਾਂ ਉਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਹ ਜ਼ਾਲਮ ਅਤੇ ਨਾਸਤਿਕ ਰਾਜਾ ਸੀ। ਉਸ ਨੇ ਬਹੁਤ ਬ੍ਰਾਹਮਨ ਮਾਰ ਦਿੱਤੇ। ਇਸ ਸਮੇਂ ਤਕ ਸਭ ਕੇਸਾਧਾਰੀ ਹੁੰਦੇ ਹਨ। ਵਾਲ ਕੱਟਣਾ ਮੌਤ ਨਾਲੋਂ ਵੀ ਬੁਰਾ ਮੰਨਿਆ ਜਾਂਦਾ ਸੀ। ਜੋ ਬ੍ਰਾਹਮਣ ਬਚ ਗਏ, ਉਨ੍ਹਾਂ ਦੇ ਵਾਲ ਕੱਟ ਕੇ ਉਨ੍ਹਾਂ ਨੂੰ ਛੱਡ ਦਿੱਤਾ। ਇਸ ਰੂਪ ਵਿੱਚ ਜਦੋਂ ਉਹ ਸਮਾਜ ਵਿੱਚ ਵਿਚਰਦੇ ਸਨ ਤਾਂ ਉਨ੍ਹਾਂ ਨੂੰ ਬਹੁਤ ਜਲੀਲ ਹੋਣਾ ਪੈਂਦਾ ਸੀ।

ਭਾਰਤ ਦੇ ਇਤਿਹਾਸ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਸੱਤਵੀਂ ਸਦੀ ਤੋਂ ਹੀ ਆਸੇ ਪਾਸੇ ਦੇ ਦੇਸ਼ਾਂ ਵਲੋਂ ਭਾਰਤ ਉਤੇ ਹਮਲੇ ਹੁੰਦੇ ਰਹੇ। ਅੱਠ ਸਦੀਆਂ ਤਕ ਮੁਸਲਮਾਨਾਂ ਦਾ ਰਾਜ ਰਿਹਾ। ਸੰਨ 1550 ਵਿਚ ਮੁਗਲ ਸਲਤਨਤ ਕਾਇਮ ਹੋਈ। ਜਦੋਂ ਬਾਬਰ ਦਾ ਰਾਜ ਆਇਆ ਤਾਂ ਉਸ ਨੇ ਸਭ ਤੋਂ ਪਹਿਲੇ ਕੰਮਾਂ ਵਿਚ ਇਕ ਕੰਮ ਇਹ ਸ਼ਾਮਲ ਸੀ ਕਿ ਸਿਪਾਹੀਆਂ ਨੂੰ ਹੁਕਮ ਕਰ ਦਿੱਤਾ ਕਿ ਭਾਰਤੀ ਔਰਤਾਂ ਦੀਆਂ ਗੁਤਾਂ ਕੈਂਚੀ ਨਾਲ ਕੱਟ ਦਿਤੀਆਂ ਜਾਣ ਅਤੇ ਵਾਲਾਂ ਉਤੇ ਮਿੱਟੀ ਪਾ ਦਿੱਤੀ ਜਾਵੇ। ਇਸ ਨਾਲ ਭਾਰਤ ਦੀ ਜਨਨੀ ਦੀ ਮਾਨਸਿਕਤਾ ਉਤੇ ਸੱਟ ਮਾਰੀ ਗਈ। ਮੁਗਲਾਂ ਦਾ ਰਾਜ 300 ਸਾਲ ਰਿਹਾ। ਹੌਲੀ ਹੌਲੀ ਭਾਰਤ ਦੇ ਲੋਕਾਂ ਵਿਚ ਵਾਲ ਕੱਟਣ ਦਾ ਰਿਵਾਜ ਪ੍ਰਵਾਨ ਕੀਤਾ ਜਾਣ ਲਗ ਪਿਆ। ਅਸਲ ਵਿਚ ਭਾਰਤ ਵਿਚ ਵਾਲ ਕੱਟਣ ਦਾ ਰਿਵਾਜ ਰਾਜਿਆਂ ਦੇ ਜ਼ੁਲਮਾਂ ਦਾ ਨਤੀਜਾ ਸੀ। ਇਸ ਨਾਲ ਸਮੁੱਚੇ ਤੌਰ ਤੇ ਲੋਕਾਂ ਦੇ ਮਨਾਂ ਵਿਚ ਗੁਲਾਮੀ ਦੀ ਭਾਵਨਾ ਘਰ ਕਰ ਗਈ। ਇਤਿਹਾਸ ਗਵਾਹ ਹੈ ਕਿ ਨਾਨਕ ਨਾਮ ਲੇਵਾ ਸਿੱਖਾਂ ਨੇ ਇਸ ਗੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ। ਜਾਨ ਦੇ ਕੇ ਕੇਸਾਂ ਦੀ ਰੱਖਿਆ ਕੀਤੀ ਤੇ ਭਾਰਤ ਦੀ ਸੰਸਕ੍ਰਿਤੀ ਨੂੰ ਬਰਕਰਾਰ ਰੱਖਿਆ। ਸਿੱਖ ਅਪਨੇ ਕੇਸ ਕੁਦਰਤੀ ਲੰਬਾਈ ਤਕ ਵੱਧਣ ਦਿੰਦੇ ਹਨ। ਇਸ ਨੂੰ ਉਹ ਅਪਨੇ ਗੁਰੂ ਦੀ ਨਿਸ਼ਾਨੀ ਅਤੇ ਪ੍ਰਮਾਤਮਾ ਪ੍ਰਤੀ ਸਮਰਪਨ ਸਮਝਦੇ ਹਨ। ਅੱਜ ਵੀ ਭਾਰਤ ਵਿੱਚ ਸਿੱਖਾਂ ਤੋਂ ਇਲਾਵਾ ਵੀ ਬਹੁਤ ਲੋਕਾਂ ਦੇ ਸਿਰ ਤੇ ਬੜੇ ਲੰਬੇ ਲੰਬੇ ਕੇਸ (ਵਾਲ) ਆਮ ਹੀ ਦੇਖੇ ਜਾ ਸਕਦੇ ਹਨ। ਅਸਲ ਵਿੱਚ ਵਾਲਾਂ ਨਾਲ ਇਕ ਖਾਸ ਸੰਬੰਧ ਸਿਰਫ ਭਾਰਤੀਆਂ ਦਾ ਹੀ ਨਹੀਂ, ਸਗੋਂ ਹਰ ਵਿਅਕਤੀ ਦਾ ਹੈ, ਭਾਵੇਂ ਉਹ ਕਿਤੋਂ ਦਾ ਵੀ ਹੋਵੇ। ਵਾਲ ਕਟਾ ਕੇ ਅੰਦਰ ਹੀ ਅੰਦਰ ਮਹਿਸੂਸ ਹੁੰਦਾ ਹੀ ਰਹਿੰਦਾ ਹੈ ਕਿ ਅਸੀਂ ਸਰੀਰ ਦਾ ਇਕ ਹਿੱਸਾ ਗਵਾ ਰਹੇ ਹਾਂ। ਇਹ ਵੀ ਲੱਗਦਾ ਰਹਿੰਦਾ ਹੈ ਕਿ ਅਸੀਂ ਅਪਨੇ ਆਪ ਨਾਲੋਂ ਅਪਨਾ ਸੰਬੰਧ ਤੋੜ ਰਹੇ ਹਾਂ। ਮਾਨਸਿਕਤਾ ਉਤੇ ਮਾੜਾ ਪ੍ਰਭਾਵ ਹੁੰਦਾ ਹੈ।

ਲਗਪਗ 1000 ਸਾਲ ਪਹਿਲਾਂ ਐਲਬਰੂਨੀ ਇਕ ਵਿਦੇਸ਼ੀ ਲਿਖਾਰੀ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਗਏ। ਉਨ੍ਹਾਂ ਨੇ ਵੀ ਭਾਰਤੀਆਂ ਦੀ ਕੇਸਾਂ ਦੀ ਸੰਭਾਲ ਬਾਰੇ ਅਪਨੀ ਲਿਖਤ ਵਿਚ ਜ਼ਿਕਰ ਕੀਤਾ ਹੈ। ਬਾਹਰ ਦੇ ਸਭਿਆਚਾਰ ਜਦੋਂ ਭਾਰਤ ਵਿਚ ਆਏ ਤਾਂ ਉਨ੍ਹਾਂ ਨੇ ਛੋਟੇ ਵਾਲਾਂ ਦੀ ਪ੍ਰਥਾ ਜ਼ਬਰਦਸਤੀ ਠੋਸ ਦਿੱਤੀ, ਕਿਉਂਕਿ ਛੋਟੇ ਵਾਲਾਂ ਦੀ ਪ੍ਰਥਾ ਗੁਲਾਮੀ ਦੀ ਨਿਸ਼ਾਨੀ ਸੀ। ਉਹ ਇਹ ਭਾਵਨਾ ਹੀ ਭਾਰਤੀਆਂ ਵਿਚ ਭਰਣਾ ਚਾਹੁੰਦੇ ਸਨ। ਪੁਰਾਤਨ ਸਮੇਂ ਤੋਂ ਹੀ ਲਗਪਗ ਸਾਰੇ ਪੱਛਮੀ ਦੇਸ਼ਾਂ ਵਿਚ ਵੀ ਲੋਕਾਂ ਦੀ ਮਾਨਸਿਕਤਾ ਲੰਬੇ ਵਾਲਾਂ ਨਾਲ ਜੁੜੀ ਰਹੀ, ਪਰ ਪੱਛਮ ਵਿਚ ਆਧੁਨਿਕਤਾ ਦੀ ਆੜ ਵਿੱਚ ਵਾਲਾਂ ਨਾਲ ਸਭ ਤੋਂ ਜ਼ਿਆਦਾ ਛੇੜ ਛਾੜ ਕੀਤੀ ਗਈ। ਇਥੋਂ ਹੀ ਇਹ ਰਿਵਾਜ ਬਾਕੀ ਦੇਸ਼ਾਂ ਵਿਚ ਪਹੁੰਚਿਆ।

-0-

# ਪਰਵਾਸ ਦੀਆਂ ਪਰਤਾਂ ਹੇਠ

-ਗੁਰਬਚਨ ਜਗਤ ਸਾਬਕਾ ਗਵਰਨਰ ਮਨੀਪੁਰ
ਅਤੇ ਸਾਬਕਾ ਡੀਜੀਪੀ, ਜੰਮੂ ਕਸ਼ਮੀਰ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਜਿਸ ਨੂੰ ਯੂਨਾਨੀਆਂ ਨੇ 'ਪੈਂਟਾਪੋਟਾਮੀਆ' ਆਖਿਆ ਸੀ। ਇਹ ਖਿੱਤਾ ਸਿੰਧੂ ਘਾਟੀ ਦੀ ਸੱਭਿਅਤਾ ਨਾਲ ਜੁੜਿਆ ਰਿਹਾ, ਰਿਗਵੇਦ ਤੇ ਮਹਾਭਾਰਤ ਵਿੱਚ ਇਸ ਦਾ ਜ਼ਿਕਰ ਆਉਂਦਾ ਹੈ ਅਤੇ ਜਿਹਲਮ ਦਰਿਆ ਦੇ ਕੰਢਿਆਂ 'ਤੇ ਸਿਕੰਦਰ ਦਾ ਪੋਰਸ ਨਾਲ ਯੁੱਧ ਹੋਇਆ, ਬਾਬਰ ਦੀ ਇਬਰਾਹੀਮ ਲੋਧੀ ਨਾਲ ਜੰਗ ਹੁੰਦੀ ਹੈ ਅਤੇ ਅੰਗਰੇਜ਼ਾਂ ਤੇ ਸਿੱਖਾਂ ਵਿਚਕਾਰ ਲੜਾਈਆਂ ਹੋਈਆਂ। ਸਦੀਆਂ ਤੋਂ ਪੰਜਾਬ ਜਿਵੇਂ ਧਾੜਵੀਆਂ ਦੇ ਹਮਲਿਆਂ ਦਾ ਨਿਸ਼ਾਨਾ ਬਣਦਾ ਰਿਹਾ, ਤਬਾਹ ਹੁੰਦਾ ਰਿਹਾ ਹੈ, ਹੋਰ ਕਿਤਿਓਂ ਅਜਿਹੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ।

ਅਸੀਂ 1947 ਤੋਂ ਗੱਲ ਸ਼ੁਰੂ ਕਰਾਂਗੇ ਜਿਸ ਨੂੰ ਸ਼ਾਨਦਾਰ ਯੁੱਗ ਦੀ ਸਵੇਰ ਮੰਨਿਆ ਜਾਂਦਾ ਸੀ। ਪੰਜਾਬ ਅਤੇ ਬੰਗਾਲ ਨੂੰ ਛੱਡ ਕੇ ਬਾਕੀ ਭਾਰਤ ਲਈ ਤਾਂ ਇਹ ਖੁਸ਼ੀਆਂ ਅਤੇ ਰੌਸ਼ਨੀ ਦੀ ਸਵੇਰ ਹੀ ਸੀ। ਦੇਸ਼ ਦੀ ਜੋ ਵੰਡ ਹੋਈ, ਉਹ ਮੁੱਖ ਤੌਰ 'ਤੇ ਪੰਜਾਬ ਅਤੇ ਬੰਗਾਲ ਦੀ ਵੰਡ ਸੀ। ਅੰਗਰੇਜ਼ਾਂ ਨੇ ਖਿਆਲੀ ਲਕੀਰ ਵਾਹ ਦਿੱਤੀ ਅਤੇ ਇਸ ਨੂੰ ਕਾਂਗਰਸ ਲੀਡਰਸ਼ਿਪ, ਗਾਂਧੀ ਅਤੇ ਜਿਨਾਹ ਨੇ ਪ੍ਰਵਾਨਗੀ ਦੇ ਦਿੱਤੀ ਜਿਸ ਨਾਲ ਪੰਜਾਬ ਦੀਆਂ ਆਂਦਰਾਂ ਵੱਢ ਦਿੱਤੀਆਂ ਗਈਆਂ। ਇਹ ਪੰਜਾਬ ਦੇ ਜਿਸਮ ਅਤੇ ਆਤਮਾ ਦਾ ਵਢਾਂਗਾ ਸੀ ਤੇ ਇਸ ਨਾਲ ਹੱਤਿਆ, ਬਲਾਤਕਾਰ ਅਤੇ ਅਫ਼ਰਾ-ਤਫ਼ਰੀ ਦੀ ਸੁਨਾਮੀ ਦੀ ਲਹਿਰ ਪੈਦਾ ਹੋਈ। ਉਸ ਕਤਲੋਗ਼ਾਰਤ ਦੀ ਹੋਰ ਕਿਤੇ ਮਿਸਾਲ ਨਹੀਂ ਮਿਲਦੀ ਜਿਸ ਕਰ ਕੇ ਮਾਨਵ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ ਹੋਇਆ ਸੀ। 1950ਵਿਆਂ ਦੇ ਸ਼ੁਰੂ ਵਿੱਚ ਪੱਛਮੀ ਦੁਨੀਆ ਵੱਲ ਪਰਵਾਸ ਦੀ ਪਹਿਲੀ ਲਹਿਰ ਦੇ ਮੁੱਖ ਕਾਰਨ 'ਚੋਂ ਇੱਕ ਕਾਰਨ ਸ਼ਾਇਦ ਇਹ ਉਜਾੜਾ ਵੀ ਸੀ। ਸ਼ੁਰੂ-ਸ਼ੁਰੂ ਵਿੱਚ ਥੋੜ੍ਹੇ ਜਿਹੇ ਲੋਕ ਪਰਵਾਸ ਕਰਨ ਲੱਗੇ ਜੋ ਮੁੱਖ ਤੌਰ 'ਤੇ ਬਰਤਾਨੀਆ ਜਾਂਦੇ ਸਨ ਅਤੇ ਫਿਰ ਕੈਨੇਡਾ ਦਾ ਰੁਖ਼ ਕੀਤਾ ਜਾਣ ਲੱਗਿਆ। ਦੋ ਆਲਮੀ ਜੰਗਾਂ ਵਿੱਚ ਇਸ ਖਿੱਤੇ ਦਾ ਯੋਗਦਾਨ ਬਹੁਤ ਜ਼ਿਆਦਾ ਸੀ ਅਤੇ ਜੰਗ ਤੋਂ ਵਾਪਸ ਆਉਣ ਵਾਲੇ ਬੰਦੇ ਯੂਰੋਪ, ਅਫਰੀਕਾ, ਦੱਖਣ-ਪੂਰਬੀ ਏਸ਼ੀਆ



ਅਤੇ ਮੱਧ-ਪੂਰਬ ਦੀਆਂ ਕਹਾਣੀਆਂ ਲੈ ਕੇ ਮੁੜੇ ਸਨ। ਇਨਸਾਨ ਹਮੇਸ਼ਾ ਬਿਹਤਰ ਭਵਿੱਖ ਦੀ ਤਲਾਸ਼ ਵਿੱਚ ਰਹਿੰਦਾ ਹੈ ਅਤੇ ਜਦੋਂ ਵੀ ਕਦੇ ਅਣਸੁਖਾਵੇਂ ਘਰੇਲੂ ਹਾਲਾਤ ਕਰ ਕੇ ਮੌਕੇ ਬਣਦੇ ਹਨ ਤਾਂ ਉਹ ਬਾਹਰ ਦੇ ਰਾਹ ਪੈ ਜਾਂਦੇ ਹਨ।

ਵੰਡ ਦੇ ਝੱਖੜ ਤੋਂ ਬਾਅਦ ਹੌਲੀ-ਹੌਲੀ ਪੰਜਾਬੀ ਜਜ਼ਬਾ ਉਭਰਿਆ ਅਤੇ ਚੰਗੀ ਲੀਡਰਸ਼ਿਪ ਤੇ ਪ੍ਰਸ਼ਾਸਨ ਦੀ ਬਦੌਲਤ ਅਸੀਂ ਆਪਣੇ ਤਿਣਕੇ ਸਮੇਟ ਕੇ ਇੱਕ ਵਾਰ ਫਿਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ। ਕੁਝ ਦਹਾਕਿਆਂ ਤੱਕ ਇਵੇਂ ਲੱਗਿਆ ਕਿ ਅਸੀਂ ਖੁਸ਼ਹਾਲੀ ਤੇ ਸ਼ਾਂਤੀ ਦੇ ਮਾਰਗ 'ਤੇ ਚੜ੍ਹ ਗਏ ਹਾਂ ਪਰ ਇਹ ਛਲਾਵਾ ਸਾਬਿਤ ਹੋਇਆ ਅਤੇ ਸਿਆਸੀ ਤੇ ਪ੍ਰਸ਼ਾਸਨਿਕ ਢਾਂਚਿਆਂ ਅੰਦਰ ਉਹੀ ਤਰੇੜਾਂ ਉੱਭਰਨ ਲੱਗ ਪਈਆਂ। ਪਹਿਲਾਂ ਹੀ ਵੱਢੇ-ਟੁੱਕੇ ਪੰਜਾਬ ਵਿੱਚ ਹੋਰ ਵੰਡ ਦੀਆਂ ਮੰਗਾਂ ਉੱਭਰ ਪਈਆਂ। ਅਕਾਲੀ ਆਗੂ ਸਿੱਖਾਂ ਦੇ ਦਬਦਬੇ ਵਾਲਾ ਸੂਬਾ ਚਾਹੁੰਦੇ ਸਨ ਅਤੇ ਇਵੇਂ ਹੀ ਪਹਾੜੀਆਂ ਤੇ ਹਰਿਆਣਵੀਆਂ ਨੇ ਆਪੋ-ਆਪਣੇ ਟਿਕਾਣਿਆਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਸਾਂਝੇ ਪੰਜਾਬ ਨੂੰ ਤਿੰਨ ਟੁਕੜਿਆਂ ਵਿੱਚ ਵੰਡ ਦਿੱਤਾ ਗਿਆ ਅਤੇ ਲਾਹੌਰ ਤੋਂ ਬਾਅਦ ਆਧੁਨਿਕ ਰਾਜਧਾਨੀ ਵਜੋਂ ਵਿਕਸਤ ਕੀਤੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ



ਗਿਆ।

ਵੰਡ ਤੋਂ ਪਹਿਲਾਂ ਪੰਜਾਬ ਦੀਆਂ ਪੰਜ ਡਿਵੀਜ਼ਨਾਂ ਹੁੰਦੀਆਂ ਸਨ -ਜਲੰਧਰ, ਲਾਹੌਰ, ਦਿੱਲੀ, ਮੁਲਤਾਨ ਅਤੇ ਰਾਵਲਪਿੰਡੀ। ਇਸ ਨੂੰ ਵੱਡੀ ਪ੍ਰਾਪਤੀ ਵਜੋਂ ਦਰਸਾਇਆ ਗਿਆ ਹੈ ਪਰ ਅਸਲ ਵਿੱਚ ਇਸ ਨੇ ਪੰਜਾਬ ਦੇ ਪਤਨ ਦਾ ਮੁੱਢ ਬੰਨ੍ਹਿਆ ਸੀ ਕਿਉਂਕਿ ਅਰਥਚਾਰਾ ਕਮਜ਼ੋਰ ਹੋਣ ਅਤੇ ਮਾੜੀ ਲੀਡਰਸ਼ਿਪ ਕਰ ਕੇ ਇਹ ਅਫ਼ਰਾ-ਤਫ਼ਰੀ ਪੈਦਾ ਹੋਣ ਲੱਗੀ। ਪਹਾੜੀਆਂ, ਜੰਗਲ ਅਤੇ ਜਲ ਸਰੋਤ ਹਿਮਾਚਲ ਕੋਲ ਚਲੇ ਗਏ, ਕੌਮੀ ਰਾਜਧਾਨੀ ਨੇੜਲੇ ਗਤੀਸ਼ੀਲ ਇਲਾਕੇ ਅਤੇ ਯਮੁਨਾ ਨਦੀ ਹਰਿਆਣੇ ਵਿੱਚ ਆ ਗਏ। ਪੰਜਾਬ ਹੁਣ ਪੰਜ ਦਰਿਆਵਾਂ ਦੀ ਧਰਤੀ ਨਹੀਂ ਰਹਿ ਗਿਆ ਤੇ ਸ਼ਾਇਦ ਇਸ ਦਾ ਨਾਂ ਵੀ ਬਦਲ ਦੇਣ ਚਾਹੀਦਾ ਹੈ। ਇਹ ਤਿੰਨੇ ਸੂਬੇ ਵਿਕਾਸ ਦੇ ਜ਼ਿਆਦਾਤਰ ਮਾਪਕਾਂ ਪੱਖੋਂ ਪੱਛੜ ਗਏ ਹਨ। ਲੋਕਰਾਜ ਵਿੱਚ ਵੋਟਾਂ ਦਾ ਮੁੱਲ ਪੈਂਦਾ ਹੈ ਅਤੇ ਪਾਰਲੀਮੈਂਟ ਵਿੱਚ 10 ਜਾਂ 13 ਸੀਟਾਂ ਵਾਲਿਆਂ ਦੀ ਬਜਾਇ 80 ਸੀਟਾਂ ਵਾਲੇ ਸੂਬੇ ਦੀ ਸੁਣੀ ਜਾਂਦੀ ਹੈ।

ਹੌਲੀ-ਹੌਲੀ ਨੌਜਵਾਨਾਂ ਨੂੰ ਕੱਟੜਵਾਦ ਦੀ ਪਾਣ ਚੜ੍ਹਨ ਲੱਗ ਪਈ ਅਤੇ ਹਿੰਸਕ ਲਹਿਰ ਨਾਲ ਸਬੰਧਿਤ ਧਰਮ ਦੀ ਆੜ ਹੇਠ ਨਵੇਂ ਨਾਅਰਿਆਂ ਸਹਿਤ ਨਵੀਂ ਖਾੜਕੂ ਲੀਡਰਸ਼ਿਪ

ਉੱਭਰ ਆਈ। ਇਸ ਪਿੱਛੇ ਹਰ ਰੰਗ ਦੇ ਸਿਆਸਤਦਾਨਾਂ ਦੇ ਦਿਮਾਗ ਅਤੇ ਹੱਥ ਕੰਮ ਕਰਦੇ ਸਨ; ਹਾਲਾਤ ਪੈਦਾ ਕੀਤੇ ਗਏ ਅਤੇ ਹਿੰਸਾ ਵਿੱਚ ਵਾਧਾ ਹੋਣਾ ਸ਼ੁਰੂ ਹੋਇਆ ਤੇ ਰਾਜ ਦੇ ਦੁਸ਼ਮਣਾਂ ਵਿੱਚ ਵੀ ਵਾਧਾ ਹੋਇਆ। ਇਸ ਸਭ ਕਾਸੇ ਦਾ ਸਿੱਟਾ ਸਾਕਾ ਨੀਲਾ ਤਾਰਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਦੇ ਰੂਪ ਵਿੱਚ ਨਿਕਲਿਆ ਜਿਸ ਤੋਂ ਬਾਅਦ ਸਮੁੱਚੇ ਭਾਰਤ ਅੰਦਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇਸ ਕਤਲੇਆਮ ਨੂੰ ਉਦੋਂ ਤੱਕ ਚੱਲਣ ਦਿੱਤਾ ਗਿਆ ਜਿੰਨੀ ਦੇਰ ਖ਼ੂਨ ਦੀ ਪਿਆਸ ਅੰਸ਼ਕ ਤੌਰ 'ਤੇ ਬੁਝ ਨਹੀਂ ਗਈ।

ਅਗਲਾ ਦਹਾਕਾ ਇਸੇ 'ਚ ਗੁਆਚ ਗਿਆ, ਰੋਜ਼ ਬੇਕਸੂਰਾਂ ਦੇ ਕਤਲ ਹੁੰਦੇ ਰਹੇ। ਉੱਤਰ-ਪੱਛਮ 'ਚ ਸਾਡੇ ਗੁਆਂਢੀ ਨੇ ਇਸ ਸਥਿਤੀ ਦਾ ਪੂਰਾ ਲਾਹਾ ਲਿਆ ਅਤੇ ਅਤਿਵਾਦੀ ਤੇ ਖਾੜਕੂ ਕਾਰਵਾਈ ਦੀ ਆੜ 'ਚ ਅਸਿੱਧੀ ਜੰਗ ਛੇੜ ਦਿੱਤੀ। ਪੰਜਾਬ ਨੂੰ ਇਸ ਦੀ ਕੀਮਤ ਚੁਕਾਉਣੀ ਪਈ। ਪਾਕਿਸਤਾਨ ਸੰਨ 1948, 1965 ਤੇ 1971 ਵਿੱਚ ਵੱਡੀਆਂ ਜੰਗਾਂ ਹਾਰ ਚੁੱਕਾ ਸੀ; ਇਹ ਬਦਲਾ ਲੈਣ ਦੀ ਤਾਕ ਵਿੱਚ ਸੀ ਤੇ ਅਸੀਂ ਇਸ ਨੂੰ ਇਹ ਥਾਲ 'ਚ ਸਜਾ ਕੇ ਦੇ ਦਿੱਤਾ (ਉਹ ਵੀ ਪੰਜਾਬ ਹੀ ਸੀ ਜਿਸ ਨੇ 1965 ਦੀ ਜੰਗ ਦਾ ਬਹੁਤਾ ਨੁਕਸਾਨ ਸਹਿਣ ਕੀਤਾ ਕਿਉਂਕਿ ਜ਼ਿਆਦਾਤਰ ਕਾਰਵਾਈ ਇਸੇ ਮੋਰਚੇ ਤੱਕ ਸੀਮਤ ਸੀ)। ਪੰਜਾਬ 'ਚ ਮੁੜ ਉਹ ਗੱਲ ਨਹੀਂ ਬਣ ਸਕੀ ਤੇ ਚੋਣਾਂ ਹੋਣ ਤੱਕ ਲਗਭਗ ਪੂਰਾ ਦਹਾਕਾ ਇਹ ਰਾਸ਼ਟਰਪਤੀ ਰਾਜ ਹੇਠਾਂ ਰਿਹਾ।

ਕਈ ਪ੍ਰਮੁੱਖ ਮੰਗਾਂ ਦੇ ਬਾਵਜੂਦ, ਲੋਕਾਂ ਨੂੰ ਬਿਨਾਂ ਕਿਸੇ ਕਸੂਰ ਦਹਾਕਿਆਂ ਤੱਕ ਝੱਲਣੇ ਪਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਗਈ ਤੇ ਪੰਜਾਬ ਲਈ ਕੋਈ ਵਿੱਤੀ ਪੈਕੇਜ ਜਾਂ ਵਿਸ਼ੇਸ਼ ਵਿਕਾਸ ਯੋਜਨਾ ਨਹੀਂ ਐਲਾਨੀ ਗਈ। ਯਾਦ ਹੋਣਾ ਚਾਹੀਦਾ ਹੈ ਕਿ ਦੱਖਣੀ, ਪੱਛਮੀ ਤੇ ਪੂਰਬੀ ਤੱਟੀ ਖੇਤਰਾਂ ਤੋਂ ਉਲਟ ਪੰਜਾਬ ਦੇ ਚਹੁੰ ਪਾਸੇ ਜ਼ਮੀਨ ਹੈ। ਇਸ ਦਾ ਵਪਾਰ ਸਿਰਫ਼ ਤੇ ਸਿਰਫ਼ ਉੱਤਰ-ਪੱਛਮ ਤੇ ਕੇਂਦਰੀ ਏਸ਼ੀਆ ਵੱਲ ਖੁੱਲ੍ਹਦਾ ਹੈ। ਇਹ ਰਾਹ ਵੀ ਬੰਦ ਹੈ ਤੇ ਇਸ ਨੂੰ ਖੋਲ੍ਹਣ ਦੀਆਂ ਸਾਰੀਆਂ ਅਰਜ਼ੀਆਂ ਅਣਸੁਣੀਆਂ ਕਰ ਦਿੱਤੀਆਂ ਗਈਆਂ ਹਨ। ਅੱਸੀਵਿਆਂ ਦੀਆਂ ਘਟਨਾਵਾਂ ਨੇ ਪਰਵਾਸ ਦੀ ਦੂਜੀ ਲਹਿਰ ਨੂੰ ਜਨਮ ਦਿੱਤਾ ਤੇ ਇਸ ਵਾਰ ਇਹ ਬਹੁਤ ਵੱਡੀ ਸੀ। ਰਾਹਤ ਤੇ ਰੁਜ਼ਗਾਰ ਖ਼ਾਤਰ ਸੂਈ ਘੁੰਮ ਕੇ ਪੱਛਮੀ ਸਾਹਿਲੀ ਤੱਟਾਂ 'ਤੇ ਟਿਕ ਗਈ।

ਤੀਜੀ ਲਹਿਰ ਹੁਣ ਜਾਰੀ ਹੈ ਕਿਉਂਕਿ ਨੌਜਵਾਨ ਸਿੱਖਿਆ ਤੇ ਗੁਜ਼ਾਰੇ ਦੇ ਬਿਹਤਰ ਮੌਕੇ ਤਲਾਸ਼ ਰਹੇ ਹਨ। ਮੈਂ ਇਸ ਨੂੰ ਤੀਸਰੀ ਲਹਿਰ ਕਹਿੰਦਾ ਹਾਂ ਕਿਉਂਕਿ ਹੁਣ ਇਸ 'ਚ ਉਹ ਨੌਜਵਾਨ ਸ਼ਾਮਿਲ ਹਨ ਜਿਨ੍ਹਾਂ ਨੂੰ ਵਿਰਾਸਤ 'ਚ ਕਰਜ਼ਈ (ਪੰਜਾਬ ਸਿਰ ਕਰੀਬ 4 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ) ਸੂਬਾ ਮਿਲਿਆ ਹੈ ਜਿਸ ਨੂੰ ਮੌਕਿਆਂ ਜਾਂ ਉਨ੍ਹਾਂ ਨੂੰ ਪੈਦਾ ਕਰਨ ਵਾਲੀ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ ਹੈ। ਇੰਟਰਨੈੱਟ ਜਾਗਰੂਕਤਾ ਲਿਆਇਆ ਹੈ ਤੇ ਜਾਗਰੂਕਤਾ ਨੇ ਇੱਛਾਵਾਂ ਜਗਾਈਆਂ ਹਨ। ਨੌਜਵਾਨ ਪੱਛਮੀ ਸੰਸਾਰ ਦੀ ਜ਼ਿੰਦਗੀ ਤੇ ਆਰਾਮ ਲੋਚਦੇ ਹਨ। ਅਫ਼ਸੋਸ, ਉਨ੍ਹਾਂ ਨੂੰ ਇਹ ਇੱਥੇ ਨਹੀਂ ਮਿਲਦੇ ਜਾਂ ਇਨ੍ਹਾਂ ਨੂੰ ਇੱਥੇ ਸਿਰਜਣ ਦਾ ਮਾਹੌਲ ਤੇ ਸਾਧਨ ਨਹੀਂ ਮਿਲਦੇ। ਲੋਕ ਪੂਰੇ ਪੰਜਾਬ ਤੋਂ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਰਹੇ ਹਨ। ਸਿਆਸਤਦਾਨਾਂ,




ਪੁਲੀਸ ਤੇ ਟਰੈਵਲ ਏਜੰਟਾਂ ਦਾ ਗੱਠਜੋੜ ਖੁੱਲ੍ਹੇਆਮ ਹੁੰਦਾ ਹੈ, ਮੋਟੀ ਰਾਸ਼ੀ ਵਸੂਲੀ ਜਾਂਦੀ ਹੈ। ਜ਼ਮੀਨ ਵਿਕ ਗਈ ਹੈ, ਕਰਜ਼ੇ ਲਏ ਗਏ ਹਨ ਤੇ ਰਹਿੰਦਾ ਪੈਸਾ ਰਿਸ਼ਤੇਦਾਰਾਂ ਤੋਂ ਜੁਟਾਇਆ ਗਿਆ ਹੈ।

ਅੰਗਰੇਜ਼ੀ ਸਿਖਾਉਣ ਲਈ ਕੋਚਿੰਗ ਕੇਂਦਰ ਆਏ ਤੇ ਫਿਰ ਪੈਸਾ ਖਿੱਚਿਆ ਗਿਆ। ਇਹ ਸਾਰੀ ਕਾਰਵਾਈ ਖੁੱਲ੍ਹੇਆਮ ਅਤੇ ਪਿੰਡਾਂ, ਕਸਬਿਆਂ ਤੇ ਸੱਤਾ ਦੇ ਗਲਿਆਰਿਆਂ 'ਚ, ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ ਹੋਈ ਪਰ, ਪੰਜਾਬ ਦੀ ਇਸ ਲੁੱਟ ਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟਿਆ ਗਿਆ।

ਹੁਣ, ਅਮਰੀਕਾ ਦੀ ਅਗਵਾਈ 'ਚ 'ਮਹਾਂ ਸ਼ੁੱਧੀਕਰਨ' ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਐਨੇ ਸ਼ਰਮਨਾਕ ਢੰਗ ਨਾਲ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਘੱਲਣਾ ਸ਼ੁਰੂ ਕੀਤਾ ਹੈ ਕਿ ਕੋਈ ਵੀ ਅਣਖੀ ਮੁਲਕ ਇਸ 'ਤੇ ਚੁੱਪ ਨਹੀਂ ਬੈਠ ਸਕਦਾ। ਪਰਵਾਸੀਆਂ ਦੇ ਹੱਥਾਂ-ਪੈਰਾਂ ਨੂੰ ਕੜੀਆਂ ਲਾ, ਬੰਨ੍ਹ ਕੇ ਬਿਨਾਂ ਦਸਤਾਰਾਂ ਤੋਂ ਲਿਆਂਦਾ ਗਿਆ ਹੈ। ਜਾਪਦਾ ਹੈ ਕਿ 'ਸਟੈਚੂ ਆਫ ਲਿਬਰਟੀ' ਦੀ ਸ਼ੇਖ਼ੀ ਮਾਰਨ ਵਾਲੇ ਮੁਲਕ ਲਈ ਲੋਕਾਂ ਨੂੰ ਕੜੀਆਂ 'ਚ ਬੰਨ੍ਹਣਾ ਹੁਣ ਆਮ ਜਿਹੀ ਗੱਲ ਹੋ ਗਿਆ ਹੈ। ਅਮਰੀਕੀ ਆਜ਼ਾਦੀ ਦੇ ਐਲਾਨਨਾਮੇ- "ਅਸੀਂ ਇਨ੍ਹਾਂ ਸਿਧਾਂਤਾਂ ਨੂੰ ਸਵੈ-ਸਿੱਧ ਮੰਨਦੇ ਹਾਂ, ਕਿ ਸਾਰੇ ਮਨੁੱਖ ਸਮਾਨ ਪੈਦਾ ਹੋਏ ਹਨ, ਕਿ ਉਨ੍ਹਾਂ ਨੂੰ ਆਪਣੇ ਰਚਣਹਾਰੇ ਵੱਲੋਂ ਕੁਝ ਅਟਲ ਹੱਕ ਮਿਲੇ ਹਨ, ਜੀਵਨ, ਸੁਤੰਤਰਤਾ ਤੇ ਸੁੱਖ ਦੀ ਤਲਾਸ਼ ਇਨ੍ਹਾਂ ਅਧਿਕਾਰਾਂ ਵਿੱਚੋਂ ਹਨ", ਨੂੰ ਆਖ਼ਿਰ ਕੀ ਹੋ ਗਿਆ ਹੈ?

ਜਿੱਥੋਂ ਤੱਕ ਮੈਨੂੰ ਪਤਾ ਹੈ, ਕੋਈ ਪੁਨਰਵਾਸ ਕਮੇਟੀ ਨਹੀਂ ਬਣੀ। ਕੋਈ ਰੋਸ ਦਰਜ ਨਹੀਂ ਕਰਾਇਆ ਗਿਆ, ਕੋਈ ਨੀਤੀ ਪਰਿਵਰਤਨ ਨਹੀਂ ਹੋਇਆ। ਵਿਸ਼ਵ ਆਰਥਿਕ ਫੋਰਮ ਦੀ ਰਿਪੋਰਟ ਮੁਤਾਬਿਕ, ਭਾਰਤ ਨੂੰ ਵਿਦੇਸ਼ਾਂ ਤੋਂ ਲੋਕ ਸਭ ਤੋਂ ਵੱਧ ਪੈਸਾ ਭੇਜਦੇ ਹਨ- ਸਾਲਾਨਾ 100 ਅਰਬ ਡਾਲਰ ਤੋਂ ਵੀ ਵੱਧ। ਇਹ 9 ਲੱਖ ਕਰੋੜ ਰੁਪਏ ਬਣਦਾ ਹੈ; ਜੀਐੱਸਟੀ ਦੀ ਪੂਰੀ ਰਾਸ਼ੀ ਹੀ 2023-24 ਲਈ 20 ਲੱਖ ਕਰੋੜ ਰੁਪਏ ਸੀ। ਆਵਾਸੀ ਸਰਕਾਰਾਂ ਤੋਂ ਕੁਝ ਸਤਿਕਾਰ ਅਤੇ ਸਰੋਕਾਰ ਦਾ ਹੱਕ ਰੱਖਦੇ ਹਨ। ਅਸੀਂ ਤਾਂ ਬਸ ਇਹੀ ਆਸ ਕਰ ਸਕਦੇ ਹਾਂ ਕਿ ਕੱਟੜ ਵਿਚਾਰਾਂ ਅਤੇ ਬੇਰੁਜ਼ਗਾਰ ਜਵਾਨੀ ਦਾ ਜ਼ਹਿਰੀਲਾ ਸੁਮੇਲ ਕਿਤੇ ਦੁਬਾਰਾ ਨਾ ਬਣੇ।

-0-

# ਦਿਲਜੋਈ ਸਭ ਨੂੰ ਲੋੜੀਏ

**ਰਾਬਿੰਦਰ ਸਿੰਘ ਰੱਬੀ # 89689-46129**

ਢਾਰਸ ਦੇਣਾ ਭਾਵ ਕਿਸੇ ਥੱਕੇ-ਟੁੱਟੇ, ਡਿੱਗੇ ਬੰਦੇ ਨੂੰ ਹੌਸਲਾ ਦੇਣਾ ਅਤੇ ਉਸ ਦੀ ਪਿੱਠ ਥਪਥਪਾਉਣਾ, ਉਸ ਦੀ ਹਾਂ 'ਚ ਹਾਂ ਭਰ ਕੇ ਉਸ ਨੂੰ ਖੜ੍ਹਨਯੋਗ ਬਣਾਉਣਾ। ਬੰਦਾ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ 'ਚ ਰਹਿੰਦਿਆਂ ਉਹ ਆਪਣੇ ਘਰ, ਮੁਹੱਲੇ, ਸ਼ਹਿਰ ਅਤੇ ਇਲਾਕੇ ਵਿੱਚ ਰਿਸ਼ਤੇ ਸਿਰਜ ਲੈਂਦਾ ਹੈ। ਕੁਝ ਰਿਸ਼ਤੇ ਪਰਿਵਾਰਕ ਹੁੰਦੇ ਹਨ ਅਤੇ ਕੁਝ ਸਮਾਜਿਕ। ਜੋ ਰਿਸ਼ਤੇ ਉਸ ਦੇ ਖ਼ੂਨ ਦੇ ਹੁੰਦੇ ਹਨ, ਉਨ੍ਹਾਂ ਰਿਸ਼ਤਿਆਂ ਨੂੰ ਉਸ ਨੂੰ ਚਾਹੁੰਦਿਆਂ ਅਤੇ ਨਾ ਚਾਹੁੰਦਿਆਂ ਮਾਨਤਾ ਦੇਣੀ ਪੈਂਦੀ ਹੈ। ਇਨ੍ਹਾਂ ਰਿਸ਼ਤਿਆਂ ਵਿੱਚੋਂ ਹੀ ਕੁਝ ਰਿਸ਼ਤੇ ਉਸ ਲਈ 'ਜੀ ਦਾ ਜੰਜਾਲ' ਬਣ ਜਾਂਦੇ ਹਨ। ਨਿੱਕੀਆਂ-ਨਿੱਕੀਆਂ ਗੱਲਾਂ ਦਾ 'ਬਤੰਗੜ' ਬਣਿਆ ਆਪਾਂ ਹਰ ਰੋਜ਼ ਦੇਖਦੇ ਹਾਂ। ਫਿਰ ਉਨ੍ਹਾਂ ਰਿਸ਼ਤਿਆਂ 'ਚੋਂ ਹੀ ਕੋਈ ਆ ਕੇ ਜਾਂ ਆਪਣੇ ਨਵੇਂ ਸਿਰਜੇ ਰਿਸ਼ਤਿਆਂ 'ਚੋਂ ਕੋਈ ਬੰਦੇ ਨੂੰ ਢਾਰਸ ਬੰਨ੍ਹਾਉਂਦਾ ਹੈ। ਉਸ ਨੂੰ ਪੈਰਾਂ ਸਿਰ ਖੜ੍ਹੇ ਹੋਣ ਜੋਗੇ ਕਰਦਾ ਹੈ ਤਾਂ ਜੋ ਉਹ ਬੰਦਾ ਸਮਾਜ 'ਚ ਵਿਚਰਨ ਦੇ ਯੋਗ ਹੋ ਸਕੇ।

ਢਾਰਸ ਦੇਣਾ ਵੀ ਇੱਕ ਕਲਾ ਹੈ ਅਤੇ ਇਹ ਕਲਾ ਛੇਤੀ ਕੀਤਿਆਂ ਆਉਂਦੀ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜਿਸ ਨੂੰ ਢਾਰਸ ਦਿੱਤਾ ਜਾ ਰਿਹਾ ਹੈ, ਤੁਹਾਨੂੰ ਉਸ ਬਾਰੇ ਪੂਰੀ ਜਾਣਕਾਰੀ ਹੈ। ਉਸ ਦਾ ਕਿੱਤਾ, ਪੜ੍ਹਾਈ, ਲਿਖਾਈ, ਰਿਸ਼ਤੇ-ਨਾਤੇ, ਉਸ ਦੇ ਜਜ਼ਬਾਤ, ਵਿਚਾਰ, ਧਾਰਨਾਵਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਤਾਂ ਹੀ ਉਸ ਨੂੰ ਸਹੀ ਤਰੀਕੇ ਨਾਲ, ਸਹੀ ਮਾਅਨਿਆਂ 'ਚ ਅਤੇ ਚਿਰ ਸਥਾਈ ਢਾਰਸ ਦੇ ਸਕਦੇ ਹੋ। ਹਾਂ, ਪਰ ਕਈ ਵਾਰ ਅਸੀਂ ਅਣਜਾਣ ਬੰਦਿਆਂ ਨੂੰ ਵੀ ਬਿਨਾਂ ਕੁਝ ਜਾਣੇ ਢਾਰਸ ਦੇ ਸਕਦੇ ਹਾਂ, ਪਰ ਇਹ ਵਕਤੀ ਹੁੰਦਾ ਹੈ। ਵਕਤੀ ਢਾਰਸ ਦੇਣ ਦੀ ਵੀ ਆਪਣੀ ਮਹੱਤਤਾ ਹੈ। ਕਈ ਵਾਰ ਉਸ ਵਕਤ ਲਈ ਹੀ ਬੰਦੇ ਨੂੰ ਢਾਰਸ ਲੋੜੀਂਦਾ ਹੈ ਅਤੇ ਅਜਿਹੇ ਸਮੇਂ ਦਿੱਤੇ ਢਾਰਸ ਨਾਲ ਮਿਲੀ ਕਾਮਯਾਬੀ ਉਸ ਨੂੰ ਚਿਰ ਸਥਾਈ ਪ੍ਰਸੰਨਤਾ ਦੇ ਸਕਦੀ ਹੈ। ਅਗਲੀ ਗੱਲ ਇਹ ਵੀ ਹੈ ਕਿ ਵਕਤੀ ਪ੍ਰਸੰਨਤਾ 'ਚ ਵੀ ਕੋਈ ਬੁਰਾਈ ਨਹੀਂ ਹੈ। ਇਸ ਲਈ ਇਹ ਸਮੇਂ ਅਤੇ ਹਾਲਾਤ ਮੁਤਾਬਕ ਨਿਰਭਰ ਕਰਦਾ ਹੈ ਕਿ ਤੁਹਾਡਾ ਦਿੱਤਾ ਹੋਇਆ ਢਾਰਸ ਵਕਤੀ ਹੈ ਜਾਂ ਚਿਰ ਸਥਾਈ। ਚਲੋ ਕੁਝ ਵੀ ਹੋਵੇ, ਫਿਰ ਵੀ ਬੰਦਾ ਅੰਦਰੋਂ ਚਾਹੁੰਦੈ ਕਿ ਲੋੜ ਪੈਣ 'ਤੇ ਉਸ ਨੂੰ ਦਿਲਾਸਾ ਦੇਣ ਵਾਲਾ ਕੋਈ ਹੋਵੇ। ਕੋਈ ਉਸ ਦੀ ਬਾਂਹ ਬਣੇ।

ਅਗਲੀ ਗੱਲ ਹੋਰ ਵੀ ਹੈ ਕਿ ਜਿਵੇਂ ਢਾਰਸ ਦੇਣਾ ਇੱਕ ਕਲਾ ਹੈ, ਉਵੇਂ ਢਾਰਸ ਲੈਣਾ ਵੀ ਇੱਕ ਕਲਾ ਹੈ। ਕਈ ਬੰਦੇ ਇਸ ਯੋਗ ਹੀ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਢਾਰਸ ਦਿੱਤਾ ਜਾ ਸਕੇ ਅਤੇ ਕਈ ਜਨਮ-ਜਨਮਾਂਤਰਾਂ ਲਈ ਢਾਰਸ ਦੀ ਉਡੀਕ 'ਚ ਖੜ੍ਹੇ ਰਹਿੰਦੇ ਹਨ। ਕਈ ਸਦਾ ਹੀ ਆਪਣੇ ਆਪ ਨੂੰ ਤਰਸ ਦੇ ਪਾਤਰ ਦੇ ਰੂਪ 'ਚ ਪੇਸ਼ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਦੋਵੇਂ ਹੱਥੀਂ ਖ਼ੂਬ 'ਢਾਰਸ ਬਟੋਰਦੇ' ਹਨ। ਅਜਿਹੇ ਲੋਕਾਂ ਬਾਬਤ ਸਾਡਾ ਪੰਜਾਬੀ ਸ਼ਾਇਰ ਇੰਝ ਵਿਚਾਰ ਰੱਖਦਾ ਹੈ;

ਉਹ ਵੀ ਲੋਕ ਨੇ ਜਿਹੜੇ ਪਾਸਾ ਪਰਤਣ ਤੋਂ ਸ਼ਰਮਾਉਂਦੇ ਨੇ।
ਉਹ ਵੀ ਲੋਕ ਨੇ ਏਥੇ ਜਿਹੜੇ ਨਾਗਾਂ ਨੂੰ ਹੱਥ ਪਾਉਂਦੇ ਨੇ।

ਇਹ ਵੀ ਸਹੀ ਹੈ ਕਿ ਅਜਿਹੇ ਲੋਕ ਤਰਸ ਦੇ ਪਾਤਰ ਤਾਂ ਬਣੇ ਰਹਿੰਦੇ ਹਨ, ਪਰ ਆਪਣੀ ਜ਼ਿੰਦਗੀ 'ਚ ਕੋਈ ਮਾਣਮੱਤੀ ਪ੍ਰਾਪਤੀ ਨਹੀਂ ਕਰ ਸਕਦੇ। ਇਹ ਮੰਜ਼ਿਲਾਂ ਦੀਆਂ ਪ੍ਰਾਪਤੀਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਸਮਾਜ 'ਚ ਇੱਕ ਅੰਗਹੀਣ ਪਾਤਰ ਦੇ ਰੂਪ 'ਚ ਸਵੀਕਾਰ ਕਰ ਲਏ ਜਾਂਦੇ ਹਨ, ਪਰ ਢਾਰਸ ਦੇਣ ਵਾਲੇ ਸਾਰੇ ਸਮਾਜ ਨੂੰ ਹੀ ਚਾਹੁੰਦੇ ਹਨ ਕਿ ਇਹ ਸੁਖੀ ਵਸੇ। ਇਸ 'ਚ ਅਜਿਹੇ ਪਾਤਰ ਨਾ ਹੋਣ। ਉਹ ਆਪਣੇ ਸ਼ਬਦਾਂ ਰਾਹੀਂ ਸਾਰੀ ਲੋਕਾਈ ਨੂੰ ਹੀ ਢਾਰਸ ਦਿੰਦੇ ਪ੍ਰਤੀਤ ਹੁੰਦੇ ਹਨ;

ਲੰਘੇ ਝੱਖੜ, ਤੂਫ਼ਾਨ, ਡਿੱਗੇ, ਉੱਠੇ, ਤੁਰੇ, ਹੱਸੇ,
ਦਿਲੋਂ ਨਿਕਲੇ ਦੁਆ, ਸਦਾ ਧਰਤ ਸੁਖੀ ਵੱਸੇ।

ਆਪਾਂ ਆਪਣੇ ਆਲੇ-ਦੁਆਲੇ ਅਜਿਹੇ ਵਰਤਾਰੇ ਦੇਖ ਸਕਦੇ ਹਾਂ। ਇਤਿਹਾਸ, ਮਿਥਿਹਾਸ 'ਚੋਂ ਇਸ ਤਰ੍ਹਾਂ ਦੀਆਂ ਉਦਾਹਰਨਾਂ ਸੁਣੀਆਂ-ਸੁਣਾਈਆਂ ਜਾ ਸਕਦੀਆਂ ਹਨ, ਜਿੱਥੇ ਢਾਰਸ ਦੇਣ ਨਾਲ ਬੰਦੇ ਨੇ ਹੇਠਲੀ ਉੱਤੇ ਕਰ ਦਿੱਤੀ। ਢਾਰਸ ਮੱਲ੍ਹਮ ਹੈ, ਦਵਾ ਹੈ, ਬੂਟੀ, ਤਾਕਤ ਅਤੇ ਸ਼ਕਤੀ ਹੈ। ਇਸ ਲਈ ਜਿਵੇਂ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ ਕਿ ਜੇਕਰ ਗ਼ਲਤ ਬੰਦੇ ਨੂੰ ਢਾਰਸ ਦਿੱਤੀ ਗਈ ਤਾਂ ਹੋ ਸਕਦੈ ਕਿ ਉਹ ਹੋਰ ਵੀ ਬਿਮਾਰ ਹੋ ਜਾਵੇ। ਫਿਰ ਢਾਰਸ ਵਿੱਚ ਵੀ ਫ਼ਰਕ ਹੈ। ਕਿਸੇ ਨੂੰ ਕਿਸੇ ਦੀ ਢਾਰਸ ਰਾਸ ਆਉਂਦੀ ਹੈ, ਕਿਸੇ ਨੂੰ ਕਿਸੇ ਦੀ। ਢਾਰਸ ਜਾਂ ਦਿਲਾਸਾ ਕਈ ਵਾਰ ਉਂਝ ਵੀ ਮਨ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਮਨ ਨੂੰ ਸੱਚਾ-ਝੂਠਾ ਧਰਵਾਸ ਰਹੇ। ਗ਼ਫ਼ੂਰ ਸ਼ਾਹਿਦ ਇਸੇ ਲਈ ਬਿਆਨਦਾ ਹੈ;

ਦਿਲ ਨੂੰ ਦਿਲਾਸਾ ਦੇਣ ਲਈ, ਝੁੱਗੀਆਂ ਦੇ ਬਾਦਸ਼ਾਹ,
ਪੁੱਤਰ ਨੂੰ 'ਰਾਜਾ' ਆਖਦੇ, ਧੀਆਂ ਨੂੰ 'ਰਾਣੀਆਂ'।

ਉਂਝ ਢਾਰਸ ਅਤੇ ਹੌਸਲੇ ਵਿੱਚ ਵੀ ਮਹੀਨ ਜਿਹਾ ਫਰਕ ਹੁੰਦੈ। ਤੁਸੀਂ ਕਿਸੇ ਨੂੰ ਢਾਰਸ ਬੰਨ੍ਹਾਉਂਦੇ ਹੋ, ਹੌਸਲਾ ਦਿੰਦੇ ਹੋ, ਪਰ ਹੌਸਲਾ ਆਪਣੇ ਆਪ ਵਿੱਚ ਵੀ ਵੱਡੇ ਅਰਥ ਕਲਾਵੇ 'ਚ ਲਈ ਬੈਠਾ ਹੈ। ਢਾਰਸ ਉਸ ਪਰਬਤ ਨੁਮਾਂ ਸ਼ਬਦ ਅੱਗੇ ਬੌਣਾ ਵਿਖਾਈ ਦਿੰਦਾ ਹੈ, ਪਰ ਢਾਰਸ ਸ਼ਬਦ ਨੂੰ ਢਾਰਸ ਦੇਣ ਲਈ ਹੌਸਲਾ ਉਸ ਦੇ ਸਮਾਨਅਰਥਕ ਹੀ ਭੁਗਤਦਾ ਹੈ। ਸ਼ਾਇਰ ਡਾ. ਜਗਤਾਰ ਕਹਿ ਰਿਹਾ ਹੈ;

ਹੌਸਲਾ ਕਰ, ਹੰਝੂਆਂ ਨੂੰ ਖ਼ਾਕ ਨਾ ਕਰ, ਧੀਰ ਧਰ,
ਨਾ ਪਿਘਲਦੇ ਨੇ, ਨਾ ਪੱਥਰ ਪਾਟਦੇ ਆਹਾਂ ਦੇ ਨਾਲ।

ਹੁਣ ਇੱਥੇ ਸ਼ਬਦ ਹੌਸਲਾ ਢਾਰਸ ਦੇ ਰੂਪ 'ਚ ਹੀ ਸਾਡੇ ਸਾਹਮਣੇ ਆਇਆ ਹੈ। ਢਾਰਸ ਹੌਸਲੇ ਨਾਲ ਹੀ ਮਿਲਦਾ ਹੈ, ਹਮਦਰਦੀ ਨਾਲ ਨਹੀਂ। ਹਮਦਰਦੀ ਅਤੇ ਢਾਰਸ ਦਾ ਵੀ ਹੌਸਲੇ ਵਾਂਗ ਬੜਾ ਮਹੀਨ ਜਿਹਾ ਰਿਸ਼ਤਾ ਹੈ। ਹਮਦਰਦੀ ਵਜੋਂ ਵੀ ਕਈ ਬੰਦੇ ਢਾਰਸ ਬੰਨ੍ਹਾ ਸਕਦੇ ਹਨ ਅਤੇ ਕਈ ਬਿਨਾਂ ਹਮਦਰਦੀ ਵੀ। ਇਸ ਲਈ ਅਜਿਹੇ ਸਮੇਂ ਇਹ ਸ਼ਬਦ ਆਪਸ ਵਿੱਚ ਮਿਲਗੋਭਾ ਰੂਪ ਧਾਰਨ ਨਹੀਂ ਕਰਦੇ ਜਿਵੇਂ ਢਾਰਸ ਅਤੇ ਹੌਸਲਾ ਕਰਦੇ ਹਨ। ਆਪਾਂ ਇਸ ਗੱਲ ਨੂੰ ਸਮਝਣ ਲਈ ਇੱਕ ਹੋਰ ਸ਼ਿਅਰ ਨੂੰ ਵੀ ਵੇਖ ਸਕਦੇ ਹਾਂ;

ਕਦੇ ਇਹ ਹੌਸਲਾ ਦਿੰਦੈ, ਕਦੇ ਜੰਜਾਲ ਹੁੰਦਾ ਹੈ,
ਮੈਂ ਭਾਵੇਂ ਸਫ਼ਰ ਵਿੱਚ ਹੋਵਾਂ, ਮੇਰਾ ਘਰ ਨਾਲ ਹੁੰਦਾ ਹੈ।

ਕਈ ਵਾਰ ਆਪਣੇ ਆਪ ਨੂੰ ਵੀ ਢਾਰਸ ਦੇਣਾ

**ਬਾਕੀ ਸਫ਼ਾ 31 'ਤੇ**

## ਇਜ਼ਰਾਈਲੀ ਖੁਫੀਆ ਏਜੰਸੀ ਮੋਸਾਦ ਦਾ ਜਾਸੂਸੀ ਦੇ ਇਤਿਹਾਸ ਦਾ ਸਭ ਤੋਂ ਹੈਰਾਨੀਜਨਕ ਕਾਰਨਾਮਾ

# ਲੈਬਨਾਨ ਦਾ ਪੇਜ਼ਰ ਅਤੇ ਵਾਕੀ ਟਾਕੀ ਬਲਾਸਟ ਕਾਂਡ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. # ਪੰਡੋਰੀ ਸਿੱਧਵਾਂ 9501100062**

ਇਜ਼ਰਾਈਲ ਸੰਸਾਰ ਦਾ ਵਾਹਿਦ ਦੇਸ਼ ਹੈ ਜੋ ਚਾਰੇ ਪਾਸੇ ਤੋਂ ਕੱਟੜ ਦੁਸ਼ਮਣ ਦੇਸ਼ਾਂ ਨਾਲ ਘਿਰਿਆ ਹੋਇਆ ਹੈ। 14 ਮਈ 1948 ਵਿੱਚ ਇੰਗਲੈਂਡ ਤੋਂ ਅਜ਼ਾਦ ਹੋਣ ਤੋਂ ਬਾਅਦ ਇਸ ਦੀਆਂ ਅਰਬ ਦੇਸ਼ਾਂ ਨਾਲ 1948, 1951, 1956, 1967, 1970, 1973 ਤੇ 1982 ਤੱਕ 5ਜੰਗਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਅਰਬ ਦੇਸ਼ਾਂ ਨੂੰ ਲੱਕ ਤੋੜਵੀਂ ਹਾਰ ਹੋਈ ਸੀ। ਇਸ ਵੇਲੇ ਇਸ ਦੀ ਗਾਜ਼ਾ ਪੱਟੀ ਵਿੱਚ ਹੱਮਾਸ ਅਤੇ ਲੈਬਨਾਨ ਵਿੱਚ ਹਿਜ਼ਬੁਲਾ ਜਥੇਬੰਦੀ ਨਾਲ ਖੂਨੀ ਜੰਗ ਚੱਲ ਰਹੀ ਹੈ। ਗਾਜ਼ਾ ਪੱਟੀ ਨੂੰ ਇਸ ਨੇ ਬਿਲਕੁਲ ਖੰਡਰ ਬਣਾ ਦਿੱਤਾ ਹੈ ਤੇ ਹਜ਼ਾਰਾਂ ਬੇਕਸੂਰ ਔਰਤਾਂ, ਮਰਦਾਂ ਅਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਹੈ। ਇਸ ਦੀ ਖੁਫੀਆ ਏਜੰਸੀ ਮੋਸਾਦ ਨੂੰ ਦੁਨੀਆਂ ਦੀ ਸਭ ਤੋਂ ਕਾਬਲ ਏਜੰਸੀ ਮੰਨਿਆਂ ਜਾਂਦਾ ਹੈ। ਮੋਸਾਦ ਨੇ ਦੂਸਰੀ ਸੰਸਾਰ ਜੰਗ ਵਿੱਚ ਯਹੂਦੀਆਂ 'ਤੇ ਜ਼ੁਲਮ ਕਰਨ ਵਾਲੇ ਨਾਜ਼ੀ ਅਫਸਰਾਂ ਨੂੰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਲੱਭ ਕੇ ਜਾਂ ਤਾਂ ਕਤਲ ਕਰ ਦਿੱਤਾ ਸੀ ਤੇ ਜਾਂ ਇਜ਼ਰਾਈਲ ਲਿਆ ਕੇ ਉਨ੍ਹਾਂ 'ਤੇ ਮੁਕੱਦਮੇ ਚਲਾਏ ਸਨ। ਸੰਨ 1976 ਵਿੱਚ ਅਰਬੀ ਅੱਤਵਾਦੀ ਇਸ ਦਾ ਇੱਕ ਹਵਾਈ ਜ਼ਹਾਜ ਅਗਵਾ ਕਰ ਕੇ ਯੁਗਾਂਡਾ ਲੈ ਗਏ ਸਨ ਤੇ ਉਨ੍ਹਾਂ ਨੂੰ ਯੁਗਾਂਡਾ ਤੇ ਤਤਕਾਲੀ ਤਾਨਾਸ਼ਾਹ ਈਦੀ ਅਮੀਨ ਦਾ ਪੂਰਾ ਸਮਰਥਨ ਸੀ। ਪਰ 3 ਜੁਲਾਈ 1976 ਦੀ ਰਾਤ ਨੂੰ ਇਜ਼ਰਾਈਲ ਦੇ ਕਮਾਂਡੋ ਉਥੇ ਉੱਤਰੇ ਤੇ ਚੀਫ ਵਾਦੀ ਹਦਾਦ ਸਮੇਤ ਸਾਰੇ 7 ਹਾਈਜੈਕਰਾਂ ਤੇ ਯੁਗਾਂਡਾ ਦੀ ਫੌਜ ਦੇ 45 ਸੈਨਿਕਾਂ ਨੂੰ ਮਾਰ ਕੇ ਸਾਰੇ ਬੰਧਕ ਸਮੇਤ ਜਹਾਜ਼ ਦੇ ਵਾਪਸ ਲੈ ਆਏ ਸਨ। ਇਜ਼ਰਾਈਲ ਦਾ ਸਿਰਫ ਇੱਕ ਸੈਨਿਕ ਜੋਨਾਤਨ ਨੇਤਨਯਾਹੂ ਜੋ ਕਿ ਮੌਜੂਦਾ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਵੱਡਾ ਭਰਾ ਸੀ, ਮਰਿਆ ਸੀ।

ਹੁਣ ਇਸ ਨੇ 17 ਅਤੇ 18 ਸਤੰਬਰ ਨੂੰ ਲੈਬਨਾਨ ਵਿੱਚ ਪੇਜ਼ਰ ਤੇ ਵਾਕੀ ਟਾਕੀ (ਹੱਥ ਵਿੱਚ ਪਕੜੇ ਜਾਣ ਵਾਲੇ ਛੋਟੇ ਵਾਇਰਲੈੱਸ ਸੈੱਟ) ਬਲਾਸਟ ਕਾਂਡ ਕਰ ਕੇ, ਜਿਸ ਵਿੱਚ ਹਿਜ਼ਬੁਲਾ ਦੇ 32 ਮੈਂਬਰ ਮਾਰੇ ਗਏ ਤੇ 3100 ਦੇ ਕਰੀਬ ਜ਼ਖਮੀ ਹੋਏ, ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਪੇਜ਼ਰ 1991 ਤੋਂ ਲੈ ਕੇ 1994-95 ਤੱਕ ਬਹੁਤ ਪ੍ਰਚੱਲਿਤ ਰਿਹਾ ਸੀ ਪਰ ਬਾਅਦ ਵਿੱਚ ਮੋਬਾਇਲ ਫੋਨ ਨੇ ਪੇਜ਼ਰ ਨੂੰ ਖਤਮ ਕਰ ਦਿੱਤਾ ਸੀ। ਅੱਜ ਦਾ ਸਮੇਂ ਵਿੱਚ ਜੇ ਕੋਈ ਵਿਅਕਤੀ ਪੇਜ਼ਰ ਦੀ ਵਰਤੋਂ ਕਰ ਰਿਹਾ ਹੈ ਤਾਂ ਅਜੀਬ ਜਿਹੀ ਗੱਲ



ਲੱਗਦੀ ਹੈ। 17 ਸਤੰਬਰ ਨੂੰ ਲੈਬਨਾਨ ਦੀ ਰਾਜਧਾਨੀ ਬੈਰੂਤ ਸਮੇਤ ਅਨੇਕਾਂ ਸ਼ਹਿਰਾਂ ਵਿੱਚ ਦੁਪਹਿਰ ਦੇ ਠੀਕ 3.30 ਵਜੇ ਇੱਕੋ ਸਮੇਂ ਤਿੰਨ ਹਜ਼ਾਰ ਪੇਜ਼ਰਾਂ ਵਿੱਚ ਬੀਪ ਆਈ। ਜਿਵੇਂ ਮੋਬਾਇਲ ਵਿੱਚ ਘੰਟੀ ਵੱਜਦੀ ਹੈ, ਉਸੇ ਤਰਾਂ ਪੇਜ਼ਰ ਵਿੱਚ ਬੀਪ ਬੀਪ ਦੀ ਅਵਾਜ਼ ਆਉਂਦੀ ਹੈ ਜਿਸ ਕਾਰਨ ਕਈ ਦੇਸ਼ਾਂ ਵਿੱਚ ਇਸ ਨੂੰ ਬੀਪਰ ਵੀ ਕਿਹਾ ਜਾਂਦਾ ਹੈ।

ਇਸ ਬੀਪ ਤੋਂ 2-4 ਮਿੰਟਾਂ ਬਾਅਦ ਹੀ ਇੱਕ ਦਮ 3000 ਪੇਜ਼ਰਾਂ ਵਿੱਚ ਬਲਾਸਟ ਹੋ ਗਏ। ਪੇਜ਼ਰ ਨੂੰ ਆਮ ਲੋਕ ਬੈਲਟ ਨਾਲ ਲਗਾ ਕੇ ਰੱਖਦੇ ਹਨ। ਜਿਸ ਵਿਅਕਤੀ ਨੇ ਮੈਸੇਜ਼ ਵੇਖਣ ਲਈ ਪੇਜ਼ਰ ਚਿਹਰੇ ਦੇ ਨਜ਼ਦੀਕ ਕੀਤਾ, ਉਸ ਦਾ ਚਿਹਰਾ ਉੱਡ ਗਿਆ ਤੇ ਜਿਸ ਦੀ ਬੈਲਟ ਵਿੱਚ ਲੱਗਾ ਹੋਇਆ ਸੀ, ਉਸ ਦੀ ਕਮਰ ਨੁਕਸਾਨੀ ਗਈ। ਲੈਬਨਾਨ ਦਾ ਕੋਈ ਸ਼ਹਿਰ, ਮਾਰਕੀਟ, ਦਫਤਰ, ਘਰ ਅਤੇ ਗਲੀ ਬਜ਼ਾਰ ਨਹੀਂ ਬਚਿਆ ਜਿੱਥੇ ਧਮਾਕੇ ਨਾ ਹੋਏ ਹੋਣ। ਸੋਸ਼ਲ ਮੀਡੀਆ 'ਤੇ ਘੁੰਮ ਰਹੀ ਇੱਕ ਵਾਇਰਲ ਵੀਡੀਉ ਵਿੱਚ ਸਬਜ਼ੀ ਖਰੀਦ ਰਹੇ ਇੱਕ ਵਿਅਕਤੀ ਦੀ ਬੈਲਟ ਵਿੱਚ ਕਾਫੀ ਵੱਡਾ ਬਲਾਸਟ ਹੁੰਦਾ ਹੈ। ਪੇਜ਼ਰ ਬਲਾਸਟਾਂ ਵਿੱਚ 2700 ਲੋਕ ਜ਼ਖਮੀ ਹੋਏ ਹਨ ਅਤੇ 12 ਦੀ ਮੌਤ ਹੋ ਗਈ ਹੈ। ਜੇ ਮੋਸਾਦ ਦੇ ਦਸ ਵੱਡੇ ਐਕਸ਼ਨਾਂ ਨਾਲ ਇਸ ਕਾਂਡ ਦੀ ਤੁਲਨਾ ਕੀਤੀ ਜਾਵੇ ਤਾਂ ਬੇਸ਼ੱਕ ਇਹ ਅੱਵਲ ਨੰਬਰ 'ਤੇ ਆਏਗਾ।ਆਖਰ ਹਿਜ਼ਬੁਲਾ ਦੁਨੀਆਂ ਵੱਲੋਂ ਭੁੱਲ ਭੁਲਾ ਦਿੱਤੇ ਗਏ ਇਸ ਸੰਚਾਰ ਯੰਤਰ ਦੀ ਵਰਤੋਂ ਕਿਉਂ ਕਰ ਰਿਹਾ ਸੀ,ਇਹ ਬਲਾਸਟ ਕਿਵੇਂ ਹੋਏ ਤੇ ਛੋਟੇ ਜਿਹੇ ਪੇਜ਼ਰ ਵਿੱਚ ਬੰਬ ਕਿਵੇਂ ਫਿੱਟ ਕੀਤੇਗਏ? ਇਹਬਹੁਤ ਹੀ ਦਿਲਸਚਪ ਕਹਾਣੀ ਹੈ।

ਇਹ ਕਹਾਣੀ ਦੀ ਸ਼ੁਰੂਆਤ ਇਸ ਸਾਲਫਰਵਰੀ ਵਿੱਚ ਹੁੰਦੀ ਹੈ। ਹਿੱਜ਼ਬੁਲਾ ਅਤੇ ਇਜ਼ਰਾਈਲ ਦਰਮਿਆਨ ਵਿੱਚ ਯੁੱਧ ਚੱਲ ਰਿਹਾ ਹੈ ਕਿਉਂਕਿ ਹਿੱਜ਼ਬੁਲਾ ਹੱਮਾਸ ਦੀ ਹਮਾਇਤ ਵਿੱਚ ਅਕਤੂਬਰ 2023 ਤੋਂ ਲਗਾਤਾਰ ਇਜ਼ਰਾਈਲ 'ਤੇ ਸੈਂਕੜਿਆਂ ਦੀ ਗਿਣਤੀ ਵਿੱਚ ਰਾਕਟ ਅਤੇ ਡਰੋਨ ਹਮਲੇ ਕਰ ਰਿਹਾ ਹੈ। ਇਸ ਕਾਰਨ ਲੈਬਨਾਨ ਦੇ ਨਾਲ ਲੱਗਦੇ ਇਜ਼ਰਾਈਲੀ ਖੇਤਰ ਤੋਂ ਲੱਖਾਂ ਲੋਕ ਘਰ ਛੱਡਣ ਲਈ ਮਜ਼ਬੂਰ ਹੋ ਗਏ ਹਨ। ਹਿਜ਼ਬੁਲਾ ਦਾ ਲੈਬਨਾਨ ਦੇ ਇੱਕ ਵੱਡੇ ਖੇਤਰ 'ਤੇ ਕਬਜ਼ਾ ਹੈ ਤੇ ਇਰਾਨ ਇਸ ਨੂੰ ਖੁਲ੍ਹ ਕੇ ਆਰਥਿਕ ਅਤੇ ਸੈਨਿਕ ਮਦਦ ਮੁਹੱਈਆ ਕਰਵਾ ਰਿਹਾ ਹੈ। ਦੂਸਰੇ ਪਾਸੇ ਇਜ਼ਰਾਈਲ ਵੀ ਹਿਜ਼ਬੁਲਾ ਦੇ ਲੀਡਰਾਂ ਨੂੰ ਚੁਣ ਚੁਣ ਕੇ ਮਿਜ਼ਾਈਲ ਹਮਲਿਆਂ ਨਾਲ ਕਤਲ ਕਰ ਰਿਹਾ ਹੈ। ਇਸ ਕਾਰਨ 13 ਫਰਵਰੀ ਨੂੰ ਹਿਜ਼ਬੁਲਾ ਦੇ ਜਨਰਲ ਸਕੱਤਰ ਹਸਨ ਨਸਰੁੱਲਾ ਨੇ ਟੈਲੀਵਿਜ਼ਨ 'ਤੇ ਇੱਕ ਸੰਦੇਸ਼ ਦਿੱਤਾ ਕਿ ਇਜ਼ਰਾਈਲ ਮੋਬਾਇਲ ਫੋਨਾਂ ਦੀ ਲੋਕੇਸ਼ਨ ਟਰੇਸ ਕਰ ਕੇ ਹਿਜ਼ਬੁਲਾ ਦੇ ਲੀਡਰਾਂ ਦਾ ਕਤਲ ਕਰ ਰਿਹਾ ਹੈ। ਇਸ ਲਈ ਜਥੇਬੰਦੀ ਦੇ ਮੈਂਬਰ ਫੌਰਨ ਆਪਣੇ ਮੋਬਾਇਲ ਫੋਨ ਨਸ਼ਟ ਕਰ ਦੇਣ। ਮੋਬਾਇਲ ਰਾਹੀਂ ਕੋਈ ਵੀ ਗੱਲ ਬਾਤ ਨਾ ਕੀਤੀ ਜਾਵੇ ਤੇ ਨਾ ਹੀ ਕੋਈ

ਮੈਸੇਜ਼ ਭੇਜਿਆ ਜਾਵੇ।

ਹਿਜ਼ਬੁਲਾ ਦੇ ਮੈਂਬਰਾਂ ਨੇ ਫੌਰਨ ਉਸ ਦੀ ਗੱਲ 'ਤੇ ਅਮਲ ਕੀਤਾ ਪਰ ਮੁਸੀਬਤ ਇਹ ਆ ਗਈ ਕਿ ਹੁਣ ਇੱਕ ਦੂਸਰੇ ਮੈਸੇਜ਼ ਭੇਜੇ ਕਿਵੇਂ ਜਾਣ? ਇਸ ਮਸਲੇ 'ਤੇ ਡੂੰਘੇ ਸੋਚ ਵਿਚਾਰ ਕਰਨ ਤੋਂ ਬਾਅਦ ਮਾਰਚ ਵਿੱਚ ਇੱਕ ਫੈਸਲਾ ਕੀਤਾ ਗਿਆ ਕਿ ਅੱਗੇ ਤੋਂ ਪੇਜ਼ਰਾਂ ਦੀ ਵਰਤੋਂ ਕੀਤੀ ਜਾਵੇਗੀ। ਪਹਿਲਾਂ ਕਮਾਂਡਰਾਂ ਨੂੰ ਪੇਜ਼ਰ ਦਿੱਤੇ ਜਾਣਗੇ ਤੇ ਬਾਅਦ ਵਿੱਚ ਸਾਰੇ ਮੈਂਬਰਾਂ ਨੂੰ। ਵਾਇਰਲੈੱਸ ਵਾਂਗ ਪੇਜ਼ਰ ਇੱਕ ਖਾਸ ਰੇਡੀਉ ਫਰੀਕੁਐਂਸੀ 'ਤੇ ਚਲਦਾ ਹੈ ਤੇ ਇਸ ਦਾ ਸੈਟੇਲਾਈਟ ਜਾਂ ਇੰਟਰਨੈੱਟ ਨਾਲ ਕੋਈ ਕੁਨੈਕਸ਼ਨ ਨਹੀਂ ਹੁੰਦਾ ਜਿਸ ਕਾਰਨ ਪੇਜ਼ਰ ਵਾਲੇ ਵਿਅਕਤੀ ਦੀ ਲੋਕੇਸ਼ਨ ਟਰੇਸ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਾਅਦ ਪੇਜ਼ਰ ਬਣਾਉਣ ਵਾਲੀਆਂ ਕੰਪਨੀਆਂ ਦੀ ਖੋਜ ਕੀਤੀ ਗਈ ਤਾਂ ਪਤਾ ਲੱਗਾ ਕਿ ਤਾਇਵਾਨ ਦੀ ਇੱਕ ਕੰਪਨੀ ਗੋਲਡ ਅਪੋਲੋ ਪੇਜ਼ਰ ਦਾ ਨਿਰਮਾਣ ਕਰਦੀ ਹੈ। ਹਿਜ਼ਬੁਲਾ ਦਾ ਨਾਮ ਛਿਪਾ ਕੇ ਵਿਚੋਲਿਆਂ ਰਾਹੀਂ ਇਸ ਕੰਪਨੀ ਨੂੰ 3000 ਪੇਜ਼ਰਾਂ ਦਾ ਆਰਡਰ ਦਿੱਤਾ ਗਿਆ। ਮਈ ਅਤੇ ਜੂਨ ਵਿੱਚ ਪੇਜ਼ਰਾਂ ਦੀਆਂ ਦੋ ਖੇਪਾਂ ਬੈਰੂਤ (ਲੈਬਨਾਨ) ਪਹੁੰਚ ਗਈਆਂ ਜਿਨ੍ਹਾਂ ਨੂੰ ਕਮਾਂਡਰਾਂ ਵਿੱਚ ਵੰਡ ਦਿੱਤਾ ਗਿਆ।

ਜਿਸ ਸਮੇਂ ਇਹ ਧਮਾਕੇ ਹੋਏ ਉਸ ਵੇਲੇ ਲੈਬਨਾਨ ਵਿੱਚ ਇਰਾਨ ਦਾ ਰਾਜਦੂਤ ਆਪਣੇ ਦਫਤਰ ਵਿੱਚ ਹਾਜ਼ਰ ਸੀ।ਉਸ ਦੀ ਸੁਰੱਖਿਆ ਲਈ ਹਿਜ਼ਬੁਲਾ ਦੇ ਦਰਜ਼ਨ ਦੇ ਕਰੀਬ ਸੈਨਿਕ ਤਾਇਨਾਤ ਸਨ। ਜਦੋਂ ਇੱਕ ਸੈਨਿਕ ਦੇ ਪੇਜ਼ਰ ਦਾ ਬੀਪ ਵੱਜਿਆ ਤਾਂ ਉਸ ਨੇ ਪੇਜ਼ਰ ਕੱਢ ਕੇ ਮੈਸੇਜ਼ ਵੇਖਣਾ ਸ਼ੁਰੂ ਕਰ ਦਿੱਤਾ। ਕੁਦਰਤੀ ਪੇਜ਼ਰ ਦਾ ਰੁਖ ਰਾਜਦੂਤ ਵੱਲ ਸੀ ਜਿਸ ਕਾਰਨ ਬਲਾਸਟ ਨਾਲ ਉਸ ਦੀ ਇੱਕ ਅੱਖ ਅੰਨ੍ਹੀ ਹੋ ਗਈ ਤੇ ਹੋਰ ਵੀ ਸੱਟਾਂ ਲੱਗੀਆਂ। ਜਦੋਂ ਬਲਾਸਟ ਦੀ ਖਬਰ ਫੈਲੀ ਤਾਂ ਤਾਇਵਾਨ ਦੀ ਕੰਪਨੀਨੇ ਸਪਸ਼ਟੀਕਰਨ ਦਿੱਤਾ ਕਿ ਇਹ ਪੇਜ਼ਰ ਉਸ ਨੇ ਨਹੀਂ ਬਣਾਏ ਹਨ। ਉਸ ਨੇ ਹੰਗਰੀ ਦੀ ਬਿੱਕ ਨਾਮਕ ਇੱਕ ਕੰਪਨੀ ਨਾਲ 2022 ਵਿੱਚ ਸਮਝੌਤਾ ਕੀਤਾ ਸੀ ਜਿਸ ਅਧੀਨ ਉਹ ਕੰਪਨੀ ਗੋਲਡ ਅਪੋਲੋ ਬਰਾਂਡ ਹੇਠ ਪੇਜ਼ਰ ਬਣਾਉਂਦੀ ਹੈ ਤੇ ਉਸ ਨੇ ਹੀ ਹਿਜ਼ਬੁਲਾ ਨੂੰ ਪੇਜ਼ਰ ਸਪਲਾਈ ਕੀਤੇ ਸਨ। ਇਨ੍ਹਾਂ ਪੇਜ਼ਰਾਂ ਵਿੱਚ ਬੰਬ ਫਿੱਟ ਕਿਵੇਂ ਕੀਤੇ ਗਏ? ਅਸਲ ਵਿੱਚ ਮੌਸਾਦ ਦੇ ਮੁਖਬਰ ਦੁਨੀਆਂ ਦੇ ਹਰ ਦੇਸ਼ ਵਿੱਚ ਮੌਜੂਦ ਹਨ ਤੇ ਹਿਜ਼ਬੁਲਾ ਵਿੱਚ ਵੀ ਹਨ। ਉਨ੍ਹਾਂ ਮੁਖਬਰਾਂ ਨੇ ਹੀ ਮੌਸਾਦ ਨੂੰ ਪੇਜ਼ਰਾਂ ਦੇ ਆਰਡਰ ਬਾਰੇ ਦੱਸਿਆ ਸੀ। ਮੌਸਾਦ ਨੇ ਸੋਚਿਆ ਕਿ ਇਨ੍ਹਾਂ ਪੇਜ਼ਰਾਂ ਨਾਲ ਅਜਿਹੀ ਗੇਮ ਖੇਡੀ ਜਾਵੇ ਤਾਂ ਜੋ ਹਿਜ਼ਬੁਲਾ ਕੰਬ ਜਾਵੇ।

ਜਦੋਂ ਮੌਸਾਦ ਨੂੰ ਪਤਾ ਲੱਗਾ ਕਿ ਪੇਜ਼ਰ ਹੰਗਰੀਵਿੱਚ ਬਣਾਏ ਜਾ ਰਹੇ ਹਨ ਤਾਂ ਉਸ ਦਾ ਕੰਮ ਬਹੁਤ ਅਸਾਨ ਹੋ ਗਿਆ ਕਿਉਂਕਿ ਜਿਆਦਾਤਰ ਯੂਰਪੀਨ ਦੇਸ਼ ਇਜ਼ਰਾਈਲ ਪ੍ਰਤੀ ਨਰਮ ਕੋਨਾ ਰੱਖਦੇ ਹਨ। ਮੌਸਾਦ ਨੇ ਕੰਪਨੀ ਵਿੱਚ ਘੁਸਪੈਠ ਕਰ ਲਈ। ਪੇਜ਼ਰ ਬੈਟਰੀ ਨਾਲ ਚੱਲਦਾ ਹੈ ਤੇ ਇਸ ਨੂੰ ਵੀ ਬਾਕੀ ਇਲੈੱਕਟਰੋਨਿਕ ਯੰਤਰਾਂ ਵਾਂਗ ਰੀਚਾਰਜ ਕਰਨਾ ਪੈਂਦਾ ਹੈ। ਮੌਸਾਦ ਨੇ ਸਕੀਮ ਬਣਾਈ ਤੇ ਫੈਕਟਰੀ ਦੇ ਇੱਕ ਇੰਜੀਨੀਅਰ ਦੀ ਮਦਦ ਨਾਲਪੇਜ਼ਰ ਦੀ ਬੈਟਰੀ ਦੇ ਨਜ਼ਦੀਕਕਰੀਬ 30 ਗ੍ਰਾਮ ਪੀ.ਈ.ਟੀ.ਐਨ (ਪੈਂਟਾਏਰੀਥਰੀਟੋਲ ਟੈਟਰਾਨਾਈਟਰੇਟ, ਦੁਨੀਆਂ ਦਾ ਸਭ ਤੋਂ ਤਾਕਤਵਰ ਵਿਸਫੋਟਕ) ਛਿਪਾ ਦਿੱਤਾ ਗਿਆ। ਇਸ ਤੋਂ ਇਲਾਵਾ ਪੇਜ਼ਰ ਦੀ ਬੈਟਰੀ ਦੇ ਨਜ਼ਦੀਕ ਇੱਕ ਚਿੱਪ ਵੀ ਲਗਾਈ ਗਈਜਿਸ ਨੂੰ ਕਮਾਂਡ ਦੇ ਕੇ ਬਲਾਸਟ ਕੀਤਾ ਜਾ ਸਕਦਾ ਸੀ। ਜਦੋਂ ਚਿੱਪ ਨੂੰ ਕਮਾਂਡ ਦਿੱਤਾ ਗਿਆ ਤਾਂ ਉਸ ਨੇ ਬੈਟਰੀ ਨੂੰ ਬੇਹੱਦ ਗਰਮ ਕਰ ਦਿੱਤਾ ਜਿਸ ਕਾਰਨਪੀ.ਈ.ਟੀ.ਐਨ ਫਟ ਗਿਆ।ਮੌਸਾਦ ਨੂੰ ਪਤਾ ਸੀ ਕਿ ਹਿਜ਼ਬੁਲਾ ਦੇ ਜਿਆਦਾਤਰ ਜਰੂਰੀ ਸੰਦੇਸ਼ ਦੁਪਹਿਰ 3 ਤੋਂ 3.30 ਤੱਕ ਭੇਜੇ ਜਾਂਦੇ ਹਨ। ਉਨ੍ਹਾਂ ਨੇ 3.30 ਦਾ ਸਮਾਂ ਇਸ ਲਈ ਚੁਣਿਆ ਕਿ ਉਸ ਵੇਲੇ ਸਾਰੇ ਕਮਾਂਡਰਾਂ ਦੇ ਹੱਥਾਂ ਵਿੱਚ ਪੇਜ਼ਰ ਹੋਵੇਗਾ।ਅਜੇ ਇਸ ਵਾਕਿਆ ਦੇ ਮ੍ਰਿਤਕ ਦਫਨਾਏ ਵੀ ਨਹੀਂ ਸਨ ਗਏ ਕਿ 19 ਸਤੰਬਰ ਨੂੰ ਮੌਸਾਦ ਨੇ ਹਿਜ਼ਬੁਲ ਕਮਾਂਡਰਾਂ ਦੇ ਵਾਕੀ ਟਾਕੀਆਂ ਵਿੱਚ ਵੀ ਬਲਾਸਟ ਕਰ ਦਿੱਤੇ ਜਿਸ ਕਾਰਨ 20 ਵਿਅਕਤੀ ਮਾਰੇ ਗਏ ਤੇ 450 ਜ਼ਖਮੀ ਹੋ ਗਏ। ਇਸ ਕਾਂਡ ਵਿੱਚ ਵੀ ਪੇਜ਼ਰਾਂ ਵਾਲੀ ਤਕਨੀਕ ਹੀ ਵਰਤੀ ਗਈ ਹੈ।

-0-

**ਸਫਾ 25 ਦਾ ਬਾਕੀ**

ਦੇ ਪਦਾਰਥਾਂ ਨਾਲ ਇਸ ਨੂੰ ਖੁਰਾਸਾਨ ਲੈ ਗਿਆ।

ਸੰਨ 1747 ਨੂੰ ਜਦ ਨਾਦਰ ਸ਼ਾਹ, ਕਿਲਾਤ ਦੇ ਮੁਕਾਮ ਪਰ ਆਪਣੇ ਕਰਮਚਾਰੀਆਂ ਦੇ ਹੱਥੋਂ ਕਤਲ ਹੋਇਆ ਤਾਂ ਉਸ ਤੰਬੂ ਵਿਚੋਂ ਇਹ ਹੀਰਾ ਅਹਿਮਦਸ਼ਾਹ ਅਬਦਾਲੀ ਦੇ ਹੱਥ ਚੜ੍ਹ ਗਿਆ। ਇਥੇ ਲਗਭਗ 64 ਸਾਲ ਦੇ ਬਾਅਦ ਇਸ ਦੇ ਭਾਗ ਜਾਗੇ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਹੀਂ ਇਸ ਨੂੰ ਮੁੜ ਆਪਣੇ ਪਿਆਰੇ ਦੇਸ਼ ਵਿੱਚ ਨਿਵਾਸ ਦਾ ਮਾਣ ਮਿਲਿਆ। ਇਹ ਕੋਹਨੂਰ 1850 ਤੱਕ ਰਿਹਾ।

6 ਅਪ੍ਰੈਲ ਸੰਨ 1850 ਨੂੰ ਕਪਤਾਨ ਰਮਜ਼ੇ ਦੇ ਹੱਥੀਂ ਮਾਰਕੁਵੀਸ ਡਲਹੌਜ਼ੀ ਗਵਰਨਰ ਜਨਰਲ ਨੇ ਇਹ ਹੀਰਾ ਬਰਤਾਨੀਆ ਦੀ ਮਹਾਰਾਣੀ ਲਈ ਲੰਡਨ ਭਿਜਵਾ ਦਿੱਤਾ। ਜਿਥੇ ਇਸ ਨੂੰ ਤੁਯਛ ਮੁਛ ਕੇ ਇਸ ਦੀ ਸ਼ਕਲ ਤੇ ਰੂਪ ਰੇਖਾ ਹੀ ਬਦਲ ਸੁੱਟੀ। ਇਹ ਅੱਜ ਕਲ੍ਹ ਬਰਤਾਨੀਆਂ ਦੀ ਮਲਕਾ ਦੇ ਤਾਜ ਵਿੱਚ ਜੜਿਆ ਹੋਇਆ ਹੈ।

(...ਚੱਲਦਾ)

**ਸਫਾ 29 ਦਾ ਬਾਕੀ**

ਪੈਂਦੇ। ਹੌਸਲਾ ਦੇਣਾ ਪੈਂਦੈ। ਮਨ ਦਾ ਵੇਗ ਹੁੰਦੈ, ਮਨ ਸਮਝਦੈ, ਪਰ ਫਿਰ ਵੀ ਆਪਣੀ ਜ਼ਮੀਰ ਅੱਗੇ ਸੱਚੇ ਹੋਣ ਲਈ ਮਨ ਨੂੰ ਢਾਰਸ ਦੇਣ ਦਾ ਮੌਕਾ ਕੱਢਿਆ ਜਾਂਦੈ;

ਮੇਰੀ ਬੇਟੀ ਬਰਾਬਰ ਹੁੰਦੀਆਂ ਨਹੀਂ ਉਂਗਲੀਆਂ ਪੰਜੇ
ਉਹਨੂੰ ਸਮਝਾ ਕੇ ਆਪਣੇ ਆਪ ਨੂੰ ਵੀ ਹੌਸਲਾ ਦਿੰਨਾਂ।

ਢਾਰਸ ਦੇ ਰੰਗ ਅਜੀਬ ਅਤੇ ਅਨੰਤ ਨੇ। ਬੱਚੇ ਵੀ ਆਪਣੇ-ਆਪ ਨੂੰ ਮੂਕ ਢਾਰਸ ਦਿੰਦੇ ਨੇ;

ਮਾਂ ਹੀ ਵਾਪਸ ਆ ਜਾਵੇ, ਬਸ, ਕੀ ਕਰਨੀ ਹੈ ਚੋਗ
ਵਹਿਸ਼ੀ ਰੁੱਤ 'ਚ ਕੀਤੀ ਕੰਬਦੇ ਬੋਟਾਂ ਨੇ ਅਰਦਾਸ।

ਕੁੱਲ ਮਿਲਾ ਕੇ ਢਾਰਸ ਸਾਡੀ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਾਨੂੰ ਸਾਰਿਆਂ ਨੂੰ ਇਸ ਦੀ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਸਮਾਜ 'ਚ ਪਟੜੀ ਲੀਹ ਤੋਂ ਨਾ ਉਤਰੇ ਅਤੇ ਕੁਝ ਲੋਕ, ਜੋ ਲੀਹ ਦੇ ਖੱਬੇ-ਸੱਜੇ ਹੁੰਦੇ ਹਨ, ਉਹ ਲੀਹ 'ਤੇ ਹੀ ਆਪਣੀਆਂ ਪੈੜਾਂ ਪਾਉਣ। ਬਾਕੀ ਹਿੰਮਤੀ ਬੰਦਿਆਂ ਦੇ ਤਾਂ ਕੀ ਕਹਿਣੇ!

-0-

# ਮਿਹਨਤ ਤੋਂ ਮੂੰਹ ਨਾ ਮੋੜੋ

ਸਵੇਟ ਮਾਰਡਨ

ਮਿਹਨਤ ਤੋਂ ਬਿਨਾਂ ਇਸ ਸੰਸਾਰ ਵਿੱਚ ਕਿਸੇ ਵੀ ਵਸਤੂ ਦੀ ਪ੍ਰਾਪਤੀ ਸੰਭਵ ਨਹੀਂ ਹੈ। ਮਿਹਨਤ ਨਾਲ ਹਰ ਚੀਜ਼ ਦੀ ਪ੍ਰਾਪਤੀ ਸੰਭਵ ਹੈ। ਐਸੀ ਕੋਈ ਚੀਜ਼ ਨਹੀਂ ਹੈ, ਜਿਸ ਨੂੰ ਦ੍ਰਿੜ ਨਿਸ਼ਚਈ ਅਤੇ ਮਿਹਨਤੀ ਵਿਅਕਤੀ ਨਾ ਪਾ ਸਕੇ। ਮਿਹਨਤ ਹਰ ਕੰਮ ਦੀ ਸਿੱਧੀ ਹੁੰਦੀ ਹੈ। ਸਿਰਫ ਮਨੋਰਥ ਨਾਲ ਕੁਝ ਨਹੀਂ ਹੋ ਸਕਦਾ। ਸੋਏ ਹੋਏ ਸ਼ੇਰ ਦੇ ਮੂੰਹ ਵਿੱਚ ਹਿਰਨ ਖੁਦ ਨਹੀਂ ਘੁਸ ਜਾਂਦਾ ਕਿ ਲਓ ਖਾਓ। ਉਸ ਨੂੰ ਭੱਜ-ਨਸ ਕਰਨੀ ਪੈਂਦੀ ਹੈ।

ਤੁਸੀਂ ਭੋਜਨ ਜੁਟਾਉਣ ਦੇ ਨਾਲ ਭੱਜ-ਨਸ ਕਰਦੇ ਹੋ। ਤੁਸੀਂ ਕਲਰਕੀ ਕਰਦੇ ਹੋ, ਡਾਕਟਰ ਹੋ, ਇੰਜੀਨੀਅਰ ਹੋ, ਲੇਖਕ ਹੋ, ਅਧਿਆਪਕ ਹੋ ਜਾਂ ਵਪਾਰ ਕਰਦੇ ਹੋ ਜਾਂ ਮਜ਼ਦੂਰੀ ਕਰਦੇ ਹੋ, ਕੁਝ ਨਾ ਕੁਝ ਕਰਦੇ ਜ਼ਰੂਰ ਹੋ। ਬਿਨਾਂ ਕੁਝ ਕੀਤੇ ਰੋਟੀ ਰੋਜ਼ੀ ਨਹੀਂ ਚੱਲ ਸਕਦੀ।



ਤੁਹਾਨੂੰ ਗਿਆਨ ਦੀ ਭੁੱਖ ਹੈ, ਤੁਸੀਂ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਸ ਦੇ ਲਈ ਵੀ ਮਿਹਨਤ ਨਾਲ ਅਧਿਐਨ ਕਰਨਾ ਪਵੇਗਾ। ਤੁਸੀਂ ਖੁਸ਼ੀਆਂ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਦੇ ਲਈ ਵੀ ਮਿਹਨਤ ਕਰਨੀ ਪਵੇਗੀ। ਬਿਨਾਂ ਮਿਹਨਤ ਦੇ ਤੁਸੀਂ ਪ੍ਰਸੰਨ ਵੀ ਨਹੀਂ ਰਹਿ ਸਕਦੇ।

ਇੱਕ ਪ੍ਰਸਿੱਧ ਵਿਚਾਰਵਾਨ ਸ੍ਰੀਮਤੀ ਓਸਗਡ ਦਾ ਕਹਿਣਾ ਹੈ- "ਕੰਮ ਚਾਹੇ ਕਿੰਨਾ ਹੀ ਹੌਲੀ-ਹੌਲੀ ਕਰੋ, ਕਿਸੇ ਵੀ ਭਲਾਈ ਦੇ ਲਈ ਕਰੋ, ਮਿਹਨਤ ਕੈਸੀ ਵੀ ਹੋਵੇ, ਸਦਾ ਸ਼ੁੱਭ ਅਤੇ ਪਵਿੱਤਰ ਹੁੰਦੀ ਹੈ। ਵੱਡੇ-ਵੱਡੇ ਕੰਮ ਈਸ਼ਵਰ ਦੀ ਉਪਾਸਨਾ ਹੈ।"

ਸਮਾਈਲਸ ਕਹਿੰਦੇ ਹਨ- "ਬੜੱਪਣ ਦੀਆਂ ਕੁੱਲ ਵਿਸ਼ੇਸ਼ਤਾਵਾਂ ਮਿਹਨਤ ਨਾਲ ਆਉਂਦੀਆਂ ਹਨ, ਸਭਿਅਤਾ ਇਸੇ ਦੀ ਦੇਣ ਹੈ।"

ਪ੍ਰੈਸੀਡੈਂਟ ਈਲੀਅਟ ਦਾ ਕਥਨ ਹੈ- "ਸ਼ਾਸ਼ਵਤ ਸੱਤਾ ਨੂੰ ਪਾਉਣ ਦੇ ਲਈ ਕਿੰਨੇ ਵਰ੍ਹੇ ਚਾਹੀਦੇ ਹਨ, ਇਸ ਦੀ ਗਿਣਤੀ ਮਿਹਨਤੀ ਲੋਕ ਨਹੀਂ ਕਰਦੇ।"

ਕਿੰਨੇ ਹੀ ਅਜਿਹੇ ਲੋਕ ਸੰਸਾਰ ਵਿੱਚ ਹੋਏ ਹਨ, ਜਿਨ੍ਹਾਂ ਨੇ ਸਾਧਾਰਨ ਪਰਿਵਾਰਾਂ ਵਿੱਚ ਜਨਮ ਲਿਆ, ਗਰੀਬੀ ਦੇਖੀ, ਪ੍ਰੰਤੂ ਉਹ ਆਪਣੀ ਲਗਨ, ਮਿਹਨਤ ਅਤੇ ਦ੍ਰਿੜ ਨਿਸ਼ਚੇ ਦੇ ਕਾਰਨ ਸੰਸਾਰ ਵਿਚ ਪ੍ਰਸਿੱਧ ਵਪਾਰੀ ਬਣੇ। ਅਮਰੀਕਾ ਦੇ ਫੋਰਡ ਦੀ ਜੀਵਨੀ ਜਿਨ੍ਹਾਂ ਨੇ ਪੜ੍ਹੀ ਹੈ, ਉਹ ਜਾਣਦੇ ਹਨ ਕਿ ਉਹ ਕਿਸ ਪ੍ਰਕਾਰ ਸੰਸਾਰ ਭਰ ਵਿੱਚ ਪ੍ਰਸਿੱਧ ਕਾਰਖਾਨੇਦਾਰ ਬਣੇ। ਮੋਟਰ ਵਪਾਰ ਵਿੱਚ ਅੱਜ ਫੋਰਡ ਦੇ ਕਾਰਖਾਨੇ ਸੰਸਾਰ ਵਿੱਚ ਸਭ ਤੋਂ ਅੱਗੇ ਹਨ।

ਨਿਊਯਾਰਕ ਵਿੱਚ ਸਾਯਰਸ ਡਬਲਯੂ ਫੀਲਡ ਇੱਕ ਸਾਧਾਰਨ ਮਜ਼ਦੂਰ ਦੀ ਹੈਸੀਅਤ ਨਾਲ ਇੱਕ ਕਾਰਖਾਨੇ ਵਿੱਚ ਲੱਗਿਆ ਸੀ, ਜੋ ਕਿ ਬਾਅਦ ਵਿੱਚ ਮਿਹਨਤ ਦੇ ਬਲ ਉੱਤੇ ਸਫਲ ਵਪਾਰੀ ਬਣਿਆ। ਏ. ਟੀ. ਸਟੀਵਾਰਟ ਪਹਿਲਾਂ ਸਾਧਾਰਨ ਉੱਦਮੀ ਸੀ, ਪ੍ਰੰਤੂ ਮਿਹਨਤ ਕਰਦੇ ਕਰਦੇ ਬੜੇ ਦੌਲਤਮੰਦ ਵਪਾਰੀ ਬਣ ਗਏ ਸਨ। ਅਰਬਾਂ ਡਾਲਰਾਂ ਦੀ ਸੰਪਤੀ ਇਕੱਠੀ ਹੋ ਗਈ ਸੀ।

ਉਨ੍ਹਾਂ ਦੇ ਉਤਰਾਧਿਕਾਰੀਆਂ ਨੂੰ ਬਿਨਾਂ ਮਿਹਨਤ ਕੀਤੇ ਅਚਾਨਕ ਹੀ ਉਹ ਦੌਲਤ ਮਿਲ ਗਈ ਸੀ। ਇਸ ਲਈ ਉਹ ਸਭ ਆਰਾਮਤਲਬ ਨਿਕਲੇ। ਉਨ੍ਹਾਂ ਨੇ ਮਿਹਨਤ ਨਹੀਂ ਕੀਤੀ। ਨਤੀਜਾ ਇਹ ਨਿਕਲਿਆ ਕਿ ਸਟੀਵਾਰਟ ਦੇ ਉੱਤਰਾਧਿਕਾਰੀਆਂ ਨੂੰ ਕਾਰਖਾਨਾ ਵੇਚ ਦੇਣਾ ਪਿਆ। ਉਨ੍ਹਾਂ ਦੇ ਕਾਰਖਾਨੇ ਨੂੰ ਖਰੀਦਣ ਵਾਲਾ ਅਜਿਹਾ ਨੌਜਵਾਨ ਸੀ ਜੋ ਅਤਿਅੰਤ ਗਰੀਬ ਪਰਿਵਾਰ 'ਚੋਂ ਉਠ ਕੇ ਮਿਹਨਤ ਦੇ ਬਲ ਉੱਤੇ ਉਦਯੋਗਪਤੀ ਬਣਿਆ ਸੀ। ਜੋ ਕਦੇ ਪੈਦਲ ਚੱਲ ਚੱਲ ਕੇ ਇੱਕ ਪੁਸਤਕਾਂ ਦੀ ਦੁਕਾਨ ਵਿੱਚ ਕੰਮ ਕਰਨ ਜਾਇਆ ਕਰਦਾ ਸੀ। ਉਸਦਾ ਨਾਮ ਬਾਨਾਮੇਕਰ ਸੀ।

ਇਹ ਇੱਕ ਤੱਥ ਹੈ ਕਿ ਬਾਨਾਮੇਕਰ, ਸਟੀਵਾਰਟ ਅਤੇ ਫੀਲਡ ਜਿਹੇ ਲੋਕ, ਮਿਹਨਤੀ ਲੋਕ-ਸਫਲਤਾ ਪੂਰਬਕ ਇੰਨੇ ਵੱਡੇ ਕਾਰਖਾਨੇ ਖੜ੍ਹੇ ਕਰ ਸਕਦੇ ਹਨ।

ਮਿਹਨਤ ਅਤੇ ਈਮਾਨਦਾਰੀ, ਇਹ ਦੋ ਗੁਰੂ ਹਨ। ਇਹਨਾਂ ਗੁਰੂ ਮੰਤਰਾਂ ਦੇ ਬਲ ਤੇ ਹਰ ਛੋਟਾ ਆਦਮੀ ਉਚਾਈਆਂ ਤੇ ਜਾ ਪਹੁੰਚਦਾ ਹੈ। ਮਾਈਕਲ ਏਂਜਲੋ ਦੀ ਉਮਰ ਜਦੋਂ ਸੱਠ ਵਰ੍ਹੇ ਹੋ ਗਈ ਸੀ, ਉਦੋਂ ਵੀ ਉਹ ਪ੍ਰਸਿੱਧ ਮੂਰਤੀਕਾਰ ਸੰਗਮਰਮਰ ਵਰਗੀ ਸਖਤ ਚੀਜ਼ ਉੱਤੇ ਛੈਣੀ ਅਤੇ ਹਥੌੜੀ ਚਲਾ ਕੇ ਸ਼ਾਨਦਾਰ ਮੂਰਤੀਆਂ ਬਣਾਉਂਦਾ ਰਹਿੰਦਾ ਸੀ। ਉਸ ਦੇ ਹੱਥਾਂ ਵਿੱਚ ਉਦੋਂ ਵੀ ਗਤੀ ਅਜਿਹੀ ਸੀ ਜੈਸੀ ਨੌਜਵਾਨਾਂ ਵਿੱਚ ਵੀ ਨਹੀਂ ਹੁੰਦੀ।

ਚਿੱਤਰਕਾਰ ਰਫੈਲ ਨੇ ਕੁਲ ਸੈਂਤੀ ਵਰ੍ਹੇ ਦੇ ਜੀਵਨ ਕਾਲ ਵਿੱਚ ਦੋ ਸੌ ਸੰਤਾਲੀ ਸੁੰਦਰ ਅਤੇ ਬੇਸ਼ਕੀਮਤੀ ਚਿੱਤਰ, ਪੰਜ ਸੌ ਤੋਂ ਉੱਪਰ ਨਕਸ਼ੇ ਆਦਿ ਬਣਾ ਦਿੱਤੇ ਸਨ ਅਤੇ ਦੁਨੀਆਂ ਵਿੱਚ ਨਾਮ ਕਰ ਦਿੱਤਾ ਸੀ।

ਇੰਨੀ ਘੱਟ ਉਮਰ ਵਿੱਚ ਇੰਨਾ ਕੰਮ ਸਾਧਾਰਨ ਗੱਲ ਨਹੀਂ ਹੈ। ਇਹ ਉਸ ਦੀ ਘੋਰ ਮਿਹਨਤ ਨਾਲ ਹੀ ਸੰਭਵ ਹੋ ਸਕਿਆ ਸੀ। ਉਹ ਰਾਤ ਦਿਨ ਮਿਹਨਤ ਨਾਲ ਆਪਣੀ ਕਲਾ ਦੀ ਸਾਧਨਾ ਨਾ ਕਰਦਾ ਤਾਂ ਇੰਨੀ ਸਿਰਜਣਾ ਸੰਭਵ ਨਹੀਂ ਸੀ।

ਬੀਚਰ ਦਾ ਕਥਨ ਹੈ ਕਿ ਕਲਾ ਅਤੇ ਵਿਗਿਆਨ ਦੀ ਮਿਹਨਤ ਦੇ ਲਈ ਜਿਨੀ ਅਕਲਮੰਦੀ ਦੀ ਜ਼ਰੂਰਤ ਹੈ ਉੱਨੀ ਹੀ ਅਕਲਮੰਦੀ ਦੇ ਲਈ ਮਿਹਨਤ ਵੀ ਜ਼ਰੂਰੀ ਹੈ।

ਸਮਾਰਕਾਂ, ਮੂਰਤੀਆਂ, ਕਲਾਕ੍ਰਿਤਾਂ ਅਤੇ ਪੁਸਤਕਾਂ ਦੇ ਰੂਪ ਵਿੱਚ ਸੰਸਾਰ ਵਿੱਚ ਹਜ਼ਾਰਾਂ-ਲੱਖਾਂ ਅਜਿਹੀਆਂ ਸਮ੍ਰਿਤੀਆਂ ਹਨ, ਜੋ ਕਿਸੇ ਮਿਹਨਤੀ ਦੇ ਪਸੀਨੇ ਅਤੇ ਜਾਗਰਣ ਦੀਆਂ ਜਿਊਂਦੀਆਂ ਜਾਗਦੀਆਂ ਕਹਾਣੀਆਂ ਹਨ।

ਜੋ ਲੋਕ ਚਮਤਕਾਰਾਂ ਅਤੇ ਦੇਵੀ ਕ੍ਰਿਪਾਵਾਂ ਉਤੇ ਵਿਸ਼ਵਾਸ਼ ਕਰੀ ਨਿਠੱਲੇ

ਬੈਠੇ ਰਹਿੰਦੇ ਹਨ, ਜੋ ਇਹ ਸੋਚਦੇ ਹਨ ਕਿ ਆਪਣੇ ਆਪ ਸਭ ਘਟਿਤ ਹੋ ਜਾਵੇਗਾ, ਉਹ ਮੂਰਖ ਹਨ। ਨਿਕੰਮੇ ਅਤੇ ਸੁਸਤ ਲੋਕ ਹੀ ਐਸਾ ਸੋਚਦੇ ਹਨ। ਦੈਵੀ ਚਮਤਕਾਰਾਂ ਦੀ ਆਸ ਵਿੱਚ ਬੈਠੇ ਰਹਿਣਾ ਮੂਰਖਤਾ ਦੇ ਸਿਵਾਇ ਕੁਝ ਨਹੀਂ ਹੈ। ਕਰਮ ਨਾਲ ਹੀ ਫਲ ਮਿਲਦੇ ਹਨ। ਸੰਸਾਰ ਦਾ ਕੋਈ ਵੀ ਧਰਮ ਮਨੁੱਖ ਨੂੰ ਇਹ ਨਹੀਂ ਸਿਖਾਉਂਦਾ ਕਿ ਉਹ ਨਿਠੱਲਾ ਬੈਠ ਜਾਵੇ ਅਤੇ ਈਸ਼ਵਰ ਤੋਂ ਆਸ ਰੱਖੇ ਕਿ ਉਹੀ ਉਸ ਨੂੰ ਆਪਣੇ ਆਪ ਖੁਆ-ਪਿਆ ਦੇਵੇ। ਭਗਤੀ ਦੀਆਂ ਗੱਲਾਂ ਕਰਨ ਵਾਲੇ ਵੀ ਕੁਝ ਨਾ ਕੁਝ ਕੰਮ ਕਰਦੇ ਹਨ। ਜੋ ਲੋਕ ਕਹਿੰਦੇ ਹਨ ਕਿ ਆਪਣੇ ਭਗਤਾਂ ਦਾ ਪ੍ਰਬੰਧ ਭਗਵਾਨ ਖੁਦ ਕਰਦੇ ਹਨ ਉਹ ਭੁੱਲ ਜਾਂਦੇ ਹਨ ਕਿ ਭਗਵਾਨ ਵੀ ਉਨ੍ਹਾਂ ਦੀ ਹੀ ਸਹਾਇਤਾ ਕਰਦੇ ਹਨ, ਜੋ ਆਪਣੀ ਸਹਾਇਤਾ ਕਰਦੇ ਹਨ। ਭਗਵਾਨ ਨੇ ਤੁਹਾਨੂੰ ਮਨੁੱਖ ਦਾ ਚੋਲਾ ਦਿੱਤਾ ਹੈ, ਬੁੱਧੀ ਦਿੱਤੀ ਹੈ, ਹੱਥ-ਪੈਰ ਦਿੱਤੇ ਹਨ, ਸ਼ਕਤੀਆਂ ਦਿੱਤੀਆਂ ਹਨ, ਇਨ੍ਹਾਂ ਦਾ ਪ੍ਰਯੋਗ ਕਰੋ-ਕੁੱਝ ਪੁਰਸ਼ਾਰਥ ਕਰੋ।

ਤੁਸੀਂ ਈਸ਼ਵਰ ਦੇ ਅੰਸ਼ ਹੋ। ਈਸ਼ਵਰ ਦੇ ਅੰਸ਼ ਵਿੱਚ ਈਸ਼ਵਰੀ ਸ਼ਕਤੀਆਂ, ਪ੍ਰੇਰਣਾਵਾਂ ਹਨ। ਉਨ੍ਹਾਂ ਨੂੰ ਪਹਿਚਾਣੋ। ਉਨ੍ਹਾਂ ਦਾ ਸਦਉਪਯੋਗ ਕਰੋ। ਆਪਣੇ ਲਕਸ਼ ਦੇ ਲਈ ਸੰਪੂਰਨ ਸ਼ਕਤੀਆਂ ਦਾ ਪ੍ਰਯੋਗ ਕਰੋ ਅਤੇ ਮਿਹਨਤ ਦੇ ਬਲ ਉੱਤੇ ਲਕਸ਼ ਨੂੰ ਪ੍ਰਾਪਤ ਕਰੋ। ਜਦੋਂ ਤੁਸੀਂ ਮਿਹਨਤ ਕਰੋਗੇ ਤਾਂ ਕੋਈ ਕਾਰਨ ਨਹੀਂ ਹੈ ਕਿ ਤੁਸੀਂ ਆਪਣੇ ਲਕਸ਼ ਦੀ ਪ੍ਰਾਪਤੀ ਨਾ ਕਰ ਸਕੋ। ਮਿਹਨਤ ਅਕਾਰਥ ਨਹੀਂ ਜਾਂਦੀ ਹੈ। ਕਰਮ ਦਾ ਫਲ ਮਿਲਦਾ ਹੀ ਹੈ।

ਇੱਕ ਵਾਰ ਇੱਕ ਵਿਅਕਤੀ ਨੇ ਸਫਲ ਚੋਟੇ ਨੂੰ ਕਿਹਾ- "ਕਿੰਨੀ ਅਦਭੁੱਤ ਗੱਲ ਹੈ ਕਿ ਬਹੁਤ ਸਾਰੀਆਂ ਘਟਨਾਵਾਂ ਸਫਲਤਾ ਪ੍ਰਾਪਤੀ ਦੇ ਦੈਵ ਯੋਗ ਨਾਲ ਮਿਲ ਜਾਂਦੀਆਂ ਹਨ।"

ਸੁਣਦੇ ਹੀ ਸਫਲ ਚੋਟੇ ਨੇ ਕਿਹਾ- "ਬਿਲਕੁਲ ਗਲਤ ਹੈ ਇਹ ਗੱਲ। ਜੋ ਐਸਾ ਹੋ ਸਕਦਾ ਹੈ ਤਾਂ ਕੋਈ ਬਿਨਾਂ ਯੂਨਾਨੀ ਭਾਸ਼ਾ ਸਿਖੇ ਈਲਿਅਟ ਨੂੰ ਸਮਝਣ ਵਿੱਚ ਸਫਲ ਹੋ ਜਾਣਾ ਚਾਹੀਦਾ ਹੈ।"

ਇਸ ਦਾ ਸਪੱਸ਼ਟ ਅਰਥ ਇਹੀ ਹੈ ਕਿ ਬਿਨਾਂ ਕਿਸੇ ਭਾਸ਼ਾ ਨੂੰ ਸਿੱਖਣ ਦੇ, ਮਿਹਨਤ ਦੇ, ਉਸ ਭਾਸ਼ਾ ਦੇ ਸਾਹਿਤ ਨੂੰ ਸਮਝਣਾ ਕਠਿਨ ਹੈ। ਮਿਹਨਤ ਦੇ ਇਲਾਵਾ ਕੋਈ ਰਸਤਾ ਅਜਿਹਾ ਨਹੀਂ ਹੈ, ਜੋ ਸਫਲਤਾ ਦੀ ਤਰਫ਼ ਜਾਂਦਾ ਹੈ।

ਏਲੈਕਜ਼ੇਂਡਰ ਹੈਮਿਲਟਨ ਕਹਿੰਦੇ ਹਨ- "ਮੇਰੀ ਸਫਲਤਾ ਦਾ ਸਿਹਰਾ ਕੁੱਝ ਲੋਕ ਮੇਰੀ ਬੁੱਧੀ ਨੂੰ ਦਿੰਦੇ ਹਨ। ਮੈਨੂੰ ਤਾਂ ਸਿਰਫ਼ ਇੰਨਾ ਪਤਾ ਹੈ ਕਿ ਸਾਰੀ ਬੁੱਧੀਮਤਾ ਕੇਵਲ ਕਠਿਨ ਮਿਹਨਤ ਦਾ ਹੀ ਦੂਸਰਾ ਨਾਮ ਹੈ।"

ਸੰਸਾਰ ਦੇ ਇੱਕ ਸਫ਼ਲ ਵਿਅਕਤੀ ਡੇਨਿਯਲ ਵੇਬਸਟਰ ਨੇ ਇੱਕ ਵਾਰ ਕਿਹਾ ਸੀ- "ਮੈਂ ਜੋ ਕੁੱਝ ਵੀ ਹਾਂ, ਉਹ ਆਪਣੀ ਮਿਹਨਤ ਨਾਲ ਬਣਿਆ ਹਾਂ। ਮੈਂ ਅੱਜ ਤੱਕ ਬਿਨਾਂ ਮਿਹਨਤ ਦੇ ਇੱਕ ਟੁਕੜਾ ਵੀ ਨਹੀਂ ਖਾਇਆ ਹੈ।"

ਪ੍ਰਸਿੱਧ ਵਿਗਿਆਨਕ ਏਡੀਸਨ ਬਚਪਨ ਤੋਂ ਹੀ ਮਿਹਨਤੀ ਸੀ। ਉਹ ਕਦੇ ਨਿਠੱਲਾ ਨਹੀਂ ਬੈਠਦਾ ਸੀ। ਕਿਸੇ ਨਾ ਕਿਸੇ ਕੰਮ ਵਿੱਚ ਲੱਗਾ ਰਹਿੰਦਾ ਸੀ। ਮਿਹਨਤ ਦੇ ਕਾਰਨ ਹੀ ਉਹ ਮਹਾਨ ਬਣ ਸਕਿਆ ਸੀ। ਬਚਪਨ ਵਿੱਚ ਹੀ ਉਸ ਨੇ ਮਿਹਨਤ ਦੀ ਆਦਤ ਪਾ ਲਈ ਸੀ।

ਬਹੁਤ ਸਾਰੇ ਲੋਕ ਮਿਹਨਤ ਕਰਨ ਵਿੱਚ ਸ਼ਰਮਾਉਂਦੇ ਹਨ। ਉਹ ਕੋਈ ਸਰੀਰਕ ਮਿਹਨਤ ਕਰਦੇ ਹੋਏ ਝਿਜਕਦੇ ਹਨ ਅਤੇ ਉਨ੍ਹਾਂ ਨੂੰ ਐਸਾ ਲੱਗਦਾ ਹੈ ਜਿਵੇਂ ਉਹ ਕੋਈ ਛੋਟਾ ਕੰਮ ਕਰ ਰਹੇ ਹੋਣ। ਜਦ ਕਿ ਛੋਟਾ ਕੰਮ ਕੋਈ ਨਹੀਂ ਹੈ। ਮਿਹਨਤ ਬਹੁਤ ਸ਼੍ਰੇਸ਼ਠ ਅਤੇ ਪਵਿੱਤਰ ਕੰਮ ਹੈ।

ਮਿਹਨਤ ਨਾਲ ਕਮਾਈ ਸੁੱਕੀ ਰੋਟੀ ਉਸ ਹਲਵੇ ਨਾਲੋਂ ਸ਼੍ਰੇਸ਼ਠ ਹੈ ਜੋ ਚੋਰੀ-ਡਕੈਤੀ ਨਾਲ ਕਮਾਏ ਧਨ ਨਾਲ ਬਣਿਆ ਹੋਵੇ। ਜੋ ਬੇਰੋਜ਼ਗਾਰੀ ਦੇ ਦਿਨਾਂ ਵਿੱਚ ਰਿਕਸ਼ਾ ਚਲਾ ਕੇ ਰੋਟੀ ਖਾਂਦਾ ਹੈ, ਉਹ ਉਸ ਨੌਜਵਾਨ ਨਾਲੋਂ ਮਹਾਨ ਹੈ, ਜੋ ਅਪਰਾਧੀ ਹੋ ਜਾਂਦਾ ਹੈ। ਜੋ ਅਪਰਾਧੀ ਹੋ ਜਾਂਦਾ ਹੈ ਸਮਝੋ ਉਸ ਨੇ ਮਿਹਨਤ ਤੋਂ ਮੂੰਹ ਮੋੜ ਲਿਆ ਹੈ। ਉਹ ਨਿਰਾਸ਼ ਹੋ ਚੁੱਕਾ ਹੈ। ਉਸ ਨੂੰ ਤਾਂ ਨਾ ਈਸ਼ਵਰ 'ਤੇ ਵਿਸ਼ਵਾਸ ਰਿਹਾ ਹੈ, ਨਾ ਖੁਦ ਤੇ।

ਜਿਸ ਨੂੰ ਖੁਦ ਤੇ ਵਿਸ਼ਵਾਸ ਹੁੰਦਾ ਹੈ, ਈਸ਼ਵਰ ਦੀ ਸ਼ਕਤੀ ਅਤੇ ਸੱਤਾ ਉੱਤੇ ਵਿਸ਼ਵਾਸ ਹੁੰਦਾ ਹੈ, ਉਹ ਮਿਹਨਤ ਕਰਕੇ ਉਚਾਈਆਂ ਤੇ ਚੜ੍ਹਦਾ ਚਲਾ ਜਾਂਦਾ ਹੈ। ਕਿਸੇ ਵੀ ਰੁਕਾਵਟ ਤੋਂ ਉਹ ਨਹੀਂ ਘਬਰਾਉਂਦਾ। ਨਿਰਾਸ਼ਾਵਾਂ ਨਾਲ ਨਹੀਂ ਘਿਰਦਾ। ਕਸ਼ਟਾਂ ਅਤੇ ਰੁਕਾਵਟਾਂ ਨੂੰ ਉਹ ਉਨ੍ਹਾਂ ਬੱਦਲਾਂ ਦੀ ਤਰ੍ਹਾਂ ਸਮਝਦਾ ਹੈ ਜੋ ਹਟਣਗੇ। ਜਿਨ੍ਹਾਂ ਦੇ ਹਟਣ ਤੇ ਸੂਰਜ ਦਾ ਪ੍ਰਕਾਸ਼ ਧਰਤੀ ਉੱਤੇ ਬਿਖਰ ਜਾਵੇਗਾ।

ਦੁੱਖਾਂ, ਕਸ਼ਟਾਂ ਅਤੇ ਅਸਫਲਤਾਵਾਂ ਦੇ ਬੱਦਲ ਵੀ ਛਟ ਜਾਣਗੇ।

ਰਾਤ ਦੇ ਬਾਅਦ ਦਿਨ ਆਵੇਗਾ। ਹਨੇਰਿਆਂ ਦੇ ਬਾਅਦ ਉਜਾਲੇ ਫੈਲਦੇ ਹਨ। ਇਸ ਪ੍ਰਕਾਰ ਗਮਾਂ ਦੇ ਬਾਅਦ ਖੁਸ਼ੀਆਂ ਆਉਂਦੀਆਂ ਹਨ। ਅੱਜ ਕਸ਼ਟ ਹਨ ਤਾਂ ਕਲ੍ਹ ਸੁੱਖਾਂ ਦੀ ਵਰਖਾ ਹੋਵੇਗੀ। ਤੁਸੀਂ ਆਪਣੇ ਨਿਸ਼ਚੇ ਉੱਤੇ ਦ੍ਰਿੜ੍ਹ ਰਹੋ। ਮਿਹਨਤ ਕਰਦੇ ਰਹੋ।

ਜੇ ਕੋਈ ਜਾਦੂ ਦਾ ਡੰਡਾ ਹੈ, ਕੋਈ ਚਮਤਕਾਰ ਹੈ, ਕੋਈ ਮਣੀ ਹੈ, ਕੋਈ ਅਲਾਦੀਨ ਦਾ ਜਾਦੂਈ ਚਿਰਾਗ ਹੈ ਤਾਂ ਉਹ ਹੈ ਮਿਹਨਤ। ਇਹ ਮਿਹਨਤ ਹੀ ਤਾਂ ਕਿਸਮਤ ਹੈ, ਮੁਕੱਦਰ ਦਾ ਪੁਸ਼ਪ-ਪੁੰਜ ਹੈ।

ਕੰਮ ਵਿੱਚ ਆਲਸ ਹੀ ਸਫਲਤਾ ਦੇ ਮਾਰਗ ਵਿੱਚ ਸਭ ਤੋਂ ਜ਼ਿਆਦਾ ਵਿਰੋਧੀ ਪ੍ਰਭਾਵ ਪਾਉਂਦਾ ਹੈ। ਆਲਸ ਸਾਹਸ ਦੀ ਡੋਰੀ ਨੂੰ ਵੀ ਤੋੜ ਸੁੱਟਦਾ ਹੈ। ਫੁਰਤੀ ਅਤੇ ਤੇਜ਼ੀ ਸਮਾਪਤ ਹੋ ਜਾਂਦੀ ਹੈ। ਹੌਲੀ-ਹੌਲੀ ਮਨੁੱਖ ਮਰੇ ਸਮਾਨ ਹੋ ਜਾਂਦਾ ਹੈ।

ਵਾਸਤਵ ਵਿੱਚ ਜੋ ਵਿਅਕਤੀ ਕੁੱਝ ਨਹੀਂ ਕਰਦਾ, ਉਹ ਮਰੇ ਹੋਏ ਦੇ ਸਮਾਨ ਹੈ। ਉਹ ਇੱਕ ਜ਼ਿੰਦਾ ਲਾਸ਼ ਤੋਂ ਜ਼ਿਆਦਾ ਕੁੱਝ ਨਹੀਂ ਹੈ। ਜਿਸ ਨੂੰ ਕੋਈ ਕੰਮ ਕਰਨ ਦੇ ਲਈ ਹੈ ਉਹ ਕਿਸਮਤ ਵਾਲਾ ਹੈ। ਜਿਸ ਦੇ ਕੋਲ ਕੰਮ ਹੈ, ਉਸ ਨੂੰ ਹੋਰ ਕੀ ਚਾਹੀਦਾ ਹੈ? ਕੰਮ ਤਾਂ ਬਹੁਤ ਵੱਡੀ ਦੌਲਤ ਹੈ। ਕੰਮ ਹੀ ਤਾਂ ਜੀਵਨ ਦੀ ਸਾਰਥਕਤਾ ਹੈ।

ਮਿਹਨਤ ਦਾ ਹੀ ਦੂਸਰਾ ਨਾਮ ਜੀਵਨ ਹੈ।

ਮਿਹਨਤ ਨਾਲ ਜੀਵਨ ਵਿੱਚ ਆਨੰਦ ਦਾ ਪ੍ਰਵਾਹ ਹੁੰਦਾ ਹੈ, ਸਵਾਸਥ ਵਿੱਚ ਵਾਧਾ ਹੁੰਦਾ ਹੈ, ਰੋਗਾਂ ਤੋਂ ਮੁਕਤੀ ਮਿਲਦੀ ਹੈ। ਤੁਸੀਂ ਕਰਕੇ ਦੇਖੋ। ਤੁਹਾਡੇ ਵਿੱਚ ਸ਼ਕਤੀ ਦਾ ਸੰਚਾਰ ਹੋਣ ਲੱਗੇਗਾ। ਮਿਹਨਤ ਨਾਲ ਸ਼ਕਤੀ ਵਧਦੀ ਹੈ। ਗੁਣ ਵਧਦੇ ਹਨ। ਮਿਹਨਤ ਸਫਲਤਾ ਦੇ ਨਜ਼ਦੀਕ ਲੈ ਜਾਂਦੀ ਹੈ। ਮਿਹਨਤ ਹੀ ਸਫਲਤਾ ਦਾ ਰਹੱਸ ਹੈ।

ਤੁਹਾਡਾ ਕੰਮ ਕਿੰਨਾ ਵੀ ਛੋਟਾ ਹੈ, ਉਸ ਦਾ ਫਲ ਕਿੰਨਾ ਹੀ ਘੱਟ ਹੈ। ਤੁਸੀਂ ਉਸ ਵਿੱਚ ਪੂਰੀ ਰੁਚੀ ਲੈ ਕੇ, ਉਸ ਨੂੰ ਅੱਛੇ ਢੰਗ ਨਾਲ, ਮਿਹਨਤ ਨਾਲ ਕਰੋ। ਈਸ਼ਵਰ ਉੱਤੇ ਵਿਸ਼ਵਾਸ ਰੱਖਦੇ ਹੋਏ ਉਸ ਛੋਟੇ ਕੰਮ ਨੂੰ ਵੀ ਪੂਰਨ ਲਗਨ ਦੇ ਨਾਲ ਕਰੋ।

ਤੁਸੀਂ ਦੇਖੋਗੇ ਸਫਲਤਾ ਤੁਹਾਡੇ ਦਰਵਾਜ਼ੇ 'ਤੇ ਖੜ੍ਹੀ ਹੋ ਜਾਵੇਗੀ।

ਸਫਲਤਾ ਦਾ ਰਹੱਸ ਮਿਹਨਤ ਹੀ ਹੈ।

ਮਿਹਨਤ ਕਰੋ ਅਤੇ ਅੱਗੇ ਵਧੋ। ਈਸ਼ਵਰ ਤੁਹਾਡੇ ਨਾਲ ਹੈ। ਸਫਲਤਾ ਤੁਹਾਡੀ ਉਡੀਕ ਵਿੱਚ ਹੈ।

-0-

# ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ

ਗੁਰਭਜਨ ਗਿੱਲ

ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਮਹਿਲ ਤੂੰ ਸੰਭਾਲ ਸਾਨੂੰ ਢਾਰਿਆਂ 'ਚ ਰਹਿਣ ਦੇ।
ਦਿਲ ਵਾਲੀ ਵਾਰਤਾ ਜ਼ਬਾਨ ਨੂੰ ਤੂੰ ਕਹਿਣ ਦੇ।
ਪਿਆਰ ਦੇ ਭੁਲੇਖੇ ਦਾ ਬੁਖ਼ਾਰ ਹੁਣ ਲਹਿਣ ਦੇ।
ਛੱਡ ਬੇਈਮਾਨਾ! ਬਦਨੀਤੀਆਂ ਤੂੰ ਛੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਸਾਡੇ ਦਰਿਆਵਾਂ ਨੂੰ ਤੂੰ ਪੁੱਠੇ ਰਾਹੇ ਤੋਰ ਨਾ।
ਡੋਡੀਆਂ ਗੁਲਾਬ ਦੀਆਂ ਡਾਢਿਆ ਤੂੰ ਭੋਰ ਨਾ।
ਹੋ ਗਿਆ ਯਕੀਨ, ਵੈਰੀ ਤੇਰੇ ਬਿਨਾ ਹੋਰ ਨਾ।
ਘੱਟਿਆ' ਚ ਰੋਲ ਨਾ ਤੂੰ ਸੁਪਨੇ ਕਰੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਮਾਲਕੀ ਤਿਆਗ, ਅਜ ਠੰਢੇ ਹੌਕੇ ਭਰਦੇ।
ਮਰ ਗਏ ਆਂ ਅਸੀਂ ਤੇਰਾ ਚੌਂਕੀਦਾਰਾ ਕਰਦੇ।
ਪਾਟੇ ਪਰਨੋਟ ਸਾਥੋਂ ਆਪਣੇ ਹੀ ਘਰ ਦੇ।
ਜਿੱਥੇ ਕਿਤੇ ਲਿਖੇ ਸੀ ਕਿਤਾਬ ਸਾਨੂੰ ਮੋੜ ਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਸੱਤਾਂ ਦਰਿਆਵਾਂ ਤੋਂ ਸੀ ਪੰਜਾਂ ਉੱਤੇ ਆ ਗਏ।
ਚੀਰਿਆ ਤੂੰ ਲੱਕੋਂ, ਅਸੀਂ ਢਾਈਆਂ ਉੱਤੇ ਆ ਗਏ।
ਸਾਡੇ ਹੀ ਨਾਲਾਇਕ ਪੁੱਤ, ਸਾਨੂੰ ਵੇਚ ਖਾ ਗਏ।
ਤਿੜਕੇ ਯਕੀਨ ਤੂੰ ਪਿਆਰ ਨਾਲ ਜੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਬਣ ਜਾਣ ਵੇਖੀਂ ਕਿਤੇ ਹੱਥ ਹਥਿਆਰ ਨਾ।
ਡਿੱਗਿਆਂ ਨੂੰ ਹੋਰ ਤੂੰ ਕਸੂਤੀ ਮਾਰ ਮਾਰ ਨਾ।
ਤੰਦ ਟੁੱਟ ਜਾਵੇ, ਕਾਇਮ ਰਹਿੰਦਾ ਰਾਣੀਹਾਰ ਨਾ।
ਸਦਾ ਹੀ ਸਿਆਣੇ, ਮਨ ਬਦੀ ਵੱਲੋਂ ਹੋੜਦੇ।
ਜ਼ਾਲਮਾਂ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਸਾਡੀਆਂ ਜ਼ਮੀਨਾਂ ਤੇ ਬਾਜ਼ਾਰ ਸਾਥੋਂ ਖੋਹ ਨਾ।
ਏਸ ਨਾਲੋਂ ਵੱਡਾ ਹੋਰ ਕੋਈ ਵੀ ਧਰੋਹ ਨਾ।
ਤੇਰੇ ਨਾਲੋਂ ਘੱਟ ਸਾਨੂੰ, ਦੇਸ਼ ਨਾਲ ਮੋਹ ਨਾ।
ਬਾਜ਼ਾਂ ਦੇ ਹਾਂ ਪੁੱਤ, ਭਾਵੇਂ ਜੰਮੇ ਵਿੱਚ ਖੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
ਕਿੰਨੀਆਂ ਸਤਾਈਆਂ, ਆਈਆਂ ਰਣ ਚ ਚੁੰਨੀਆਂ।
ਜਿਨ੍ਹਾਂ ਦੀਆਂ ਰੀਝਾਂ ਨੇ ਤੂੰ ਸੂਲਾਂ 'ਚ ਪਰੁੰਨੀਆਂ।
ਆਸਾਂ ਦੇ ਚਿਰਾਗਾਂ ਬਿਨਾ ਅੱਖੀਆਂ ਨੇ ਸੁੰਨੀਆਂ।
ਜਿਨ੍ਹਾਂ ਦੇ ਨੇ ਹੱਥ ਭਲਾ ਸਭਨਾਂ ਦਾ ਲੋੜਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

-0-

# ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ

ਗੁਰਭਜਨ ਗਿੱਲ

ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ।
ਥੁੜਾਂ ਮਾਰੀ ਓਦਰੀ ਬਹਾਰ ਵੇਖ ਲੈ।
ਗੱਭਰੂ ਸੀ ਜਿੱਥੇ ਖੇਡਦੇ ਕਬੱਡੀਆਂ।
ਜ਼ਾਤਾਂ ਗੋਤਾਂ ਸਾਰਿਆਂ ਸੀ ਪਿੱਛੇ ਛੱਡੀਆਂ।
ਉੱਡ ਗਿਆ ਓਥੋਂ ਤੂੰ ਪਿਆਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਕਿੱਕਲੀ ਤੇ ਗਿੱਧਾ ਮੁਟਿਆਰਾਂ ਪਾਉਂਦੀਆਂ।
ਪੀਂਘ ਦੇ ਹੁਲਾਰੇ ਸੀ ਆਕਾਸ਼ ਗਾਹੁੰਦੀਆਂ।
ਖ਼ਤਰੇ 'ਚ ਕੂੰਜਾਂ ਵਾਲ਼ੀ ਡਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਸਤਿਨਾਮ ਨਾਲ ਚੜ੍ਹਦੀ ਸਵੇਰ ਸੀ।
ਰਹਿ ਰਾਸ ਮਨ 'ਚੋਂ ਮਿਟਾਉਂਦੀ 'ਨ੍ਹੇਰ ਸੀ।
ਬਾਝ ਗੁਰੂ ਡੁੱਬਾ ਸੰਸਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਬਲ਼ਦਾਂ ਦੇ ਗਲ਼ਾਂ ਵਿੱਚ ਗੁੰਮ ਟੱਲੀਆਂ।
ਲੱਗਦੈ ਬਹਾਰਾਂ ਏਥੋਂ ਉੱਡ ਚੱਲੀਆਂ।
ਫ਼ਸਲਾਂ ਤੇ ਕਰਜ਼ੇ ਦਾ ਭਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਮੰਜੀ ਡਾਹ ਕੇ ਬਾਬੇ ਬੈਠੇ ਪੋਤਿਆਂ ਸਣੇ।
ਪੋਤਰੀ ਇਕੱਲ੍ਹੀ ਬੈਠੀ ਬਾਤ ਨਾ ਬਣੇ।
ਇੱਕੋ ਵਿਹੜੇ ਵੱਖਰਾ ਵਿਹਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਵਿਹਲੀਆਂ ਲਿਆਕਤਾਂ ਨੇ, ਕੰਮ ਕਾਰ ਨਾ।
ਏਦਾਂ ਜਾਪੇ ਏਥੇ ਕੋਈ ਸਰਕਾਰ ਨਾ।
ਗੱਡੇ ਜਿੰਨਾ ਮਨਾਂ ਉੱਤੇ ਭਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਨਸ਼ਿਆਂ ਨੇ ਰੋਲ਼ ਦਿੱਤੀਆਂ ਜਵਾਨੀਆਂ।
ਸੋਚਦੇ ਨਾ ਪੁੱਤ ਮੇਰੇ ਲਾਭ ਹਾਨੀਆਂ।
ਰੂਹਾਂ ਵਿੱਚ ਆ ਗਿਆ ਨਿਘਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਧੀ ਭੈਣ ਪਿੰਡ ਦੀ ਰਿਵਾਜ ਨਾ ਰਿਹਾ।
ਸਹੁੰ ਤੇਰੀ ਪਹਿਲਾਂ ਜਿਹਾ ਸਮਾਜ ਨਾ ਰਿਹਾ।
ਡੋਲੀਆਂ ਨੂੰ ਲੁੱਟਦੇ ਕਹਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਮਹਿੰਗੇ ਅਸੀਂ ਕਰ ਲਏ ਵਿਆਹ ਤੇ ਸ਼ਾਦੀਆਂ।
ਰੋਕੇ ਕੌਣ ਦੱਸੋ ਏਥੇ ਬਰਬਾਦੀਆਂ।
ਖ਼ਰਚੇ ਫ਼ਜ਼ੂਲ ਬੇਸ਼ੁਮਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ....।
ਜਣਾ ਖਣਾ ਆਖੇ ਮੈਂ ਤਾਂ ਬਾਹਰ ਚੱਲਿਆ।
ਵੱਖਰੀ ਬੇਗਾਨਗੀ ਬਨੇਰਾ ਮੱਲਿਆ।
ਦਿੱਲੀ ਵਿੱਚ ਲੱਗੀ ਤੂੰ ਕਤਾਰ ਵੇਖ ਲੈ।
ਆ ਜਾ ਮੇਰੇ ਪਿੰਡ ਦੀ ਨੁਹਾਰ ਵੇਖ ਲੈ। -0-

# Guru Har Rai Sahib ji

-Gurmat Virsa Bureau

Guru Har Rai Sahib Ji was born at Kiratpur Sahib on 16-01-1630. He was the son of Baba Gurditta JI and grandson of Guru Hargobdind Sahib JI. Mata Nihal Kaur Ji was his mother. Baba Gurditta Ji (his father) was the eldest son of Guru Hargobind Sahib Ji. The city of Kiratpur Sahib was founded by Baba Gurditta Ji and Baba Sri Chand Ji laid the foundation of this city in May 1624. At this place of Kiratpur Sahib there dwelled Baba Budhan Shah ji, a Sikh of Guru Nanak Sahib Ji. Guru Har Rai Sahib ji was married to Bibi Krishan Kaur Ji (Sulakhani Ji) in 1640. She gave birth to two sons - Baba Ram Rai and (Guru) Harkrishan Sahib Ji. On 19th March, 1644 Guru Hargobind Sahib Ji while leaving for his heavenly abode enthroned Guru Har Rai Sahib Ji as 7th Guru of Sikhs.

There was a big famine in Punjab in 1646. This famine lasted for about three years when people felt acute scarcity of food and water. To meet their necessities people were looting each other. Guru Har Rai Sahib Ji utilised the offerings of Dasvandh of Sikhs at this time for the welfare of people like Guru Arjan Sahib and Guru Hargobind Sahib Ji did during their times. Like Guru Arjan Sahib Ji and Guru Hargobind Sahib Ji, he started constructing wells to provide employment to the people and teach them about dignity of labour. The Sikhs from other states also donated whole heartedly to meet this calamity of famine. Dara Shikoh (Son of Emperor Shahajahan and elder brother of Emperor Aurangzeb), the governor of Punjab was impressed the most with this social welfare project of Guru Sahib. He started respecting the philosophy of Sikhism and visited Guru Sahib from time to time. He even offered a Jagir for Langar once but Guru Sahib declined the offer politely pleading that Sikhs offer their Dasvandh out of their honest earnings for social work like langar.

When emperor Shahajahan banned the construction of new Hindu temples and repair / renovation of old temples, the Hindus got scared of this order. Sikhism doesn't believe in idol worship like Hindus, hence this order of ban was not imposed on Sikh Shrines. To boost the moral of scared Hindus Guru Sahib conducted a preaching tour in the region including Majha, Malwa and Doaba in the Punjab.

Sri Guru Arjan Sahib had established a clinic in Tarn Taran where patients were treated for their disease. This clinic, apart from the treatment of patients, provided shelter too for the helpless people. This clinic continued to run during the period of Guru Hargobind Sahib also. Guru Har Rai Sahib further extended it and made rare herbs / medicines available in this clinic during this period. Each patient was served free medicine and food there. Once, Dara Shikoh, the prince, fell seriously ill. Royal Hakim (doctor of that period) recommended certain rare HERBS to be mixed in the medicine like – LONG (ਲੌਂਗ) OF CERTAIN WEIGHT, HARAD and GAJMOTI for the treatment of Dara Shikoh. All these rare herbs could not be arranged from any other source other than the clinic of Guru Sahib. After administering these herbs Dara Shikoh got cured, who in turn visited Kiratpur Sahib for thanking Guru Sahib and presented his offerings.

Following the instructions of Guru Hargobind Sahib Ji, Guru Har Rai Sahib raised a cavalry of 2200 soldiers. When open war broke out among the sons of Shahajahan for occupying the Delhi Throne. Dara Shikoh was defeated at the hands of his brother Aurangzeb and he ran towards Lahore. Aurangzeb sent his army to chase and arrest him. Dara Shikoh requested Guru Har Rai Sahib for help. Ultimately Guru Sahib had to come in the field with his 2200 soldiers for helping Dara Shikoh. He captured the bank of river Beas and took over all the boats in his control. Thus, Guru Sahib hindered the army of Aurangzeb for one day to cross the river and by that time Dara Shikoh could reach Lahore safely. After this Guru Sahib left for Kashmir on his preaching tour. Later Aurangzeb came to know about the help Guru Sahib extended to Dara Shikoh. When Aurangzeb won over his brothers and killed them all, he occupied the Delhi throne and established himself as 6th Emperor of Mughal dynasty, soon he sent a message for Guru Sahib to visit him at Delhi. Guru Sahib sent his elder son Baba Ram Rai to Delhi royal court along with other prominent Sikhs – Bhai Daria (brother of grandfather of Bhai Mani Singh), Bhai Darghah Mal, uncle of Bhai Mati Das), and Bhai Gurdas Ji (son of Bhai Behlo) and other Sikhs. Before their leaving for Delhi, Guru Sahib preached them to remain in the Will and Wish of Waheguru for every act and consider Guru always with them. Baba Ram Rai was a very intelligent person. Emperor Aurangzeb was impressed with his wisdom and ability. Aurangzeb enquired him why Guru Sahib Ji helped Dara Shikoh? Baba Ram Rai replied that Guru Sahib helped him considering him needy and distressed and not for any enmity with the Royal throne. Aurangzeb further asked several other questions about Sikhism, which Baba Ram Rai replied considering him Guru Nanak Sahib with him. Baba Ram Rai replied all the questions of Aurangzeb to the entire satisfaction of the emperor. Emperor Aurangzeb was a fanatic Sunni Muslim and planned to convert Baba Ram Rai to Islam. On persuasion of Quazis, Aurangzeb enquired from Baba Ram Rai that in your holy book, it is written as:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥.

(Page 466)

The emperor asked what does it mean? Was it not an insult to his religion? With this sudden question, Baba Ram Rai's confidence got deviated and in order to maintain his rapport with the emperor, falsely he told that it is not written there "MITTI MUSALMAAN KI RATHER IT IS WRITTEN. MITTI BE-IMAAN. KI" "ਮਿਟੀ ਬੇਈਮਾਨ ਕੀ".

Continued on Page 37

# श्री गुरू हरि राए साहिब जी

अमृत पाल बंसल #98154-85668

श्री गुरू हरि राए साहिब जी सिखों के सातवें गुरू हुए हैं। आप एक महान आध्यात्मिक तथा राष्ट्रवादी महापुरूष थे। आप जी का जन्म 31 जनवरी 1630 को कीरतपुर (रोपड़) पंजाब में बाबा गुरदित्ता जी के घर हुआ। आप जी की माता का नाम निहाल कौर जी था, जो उदारता एवं ज्ञान की प्रतिमा थी। आप जी का विवाह उत्तर प्रदेश के अनूप शहर में श्री दया राम जी की सुपुत्री माता किशन कौर (सुलक्खनी जी) से हुआ। आप जी के दो पुत्र थे– श्री राम राए जी और श्री हरिक्रिशन जी। सिखों के छठे गुरू आप के दादा श्री गुरू हरिगोबिंद साहिब जी ने ज्योति–जोत समाने से पहले अपने पोते श्री हरि राए जी को 14 वर्ष की छोटी आयु में 3 मार्च 1644 को सप्तम नानक के रूप में घोषित किया। उनके देहावसान के पश्चात 8 मार्च 1644 को बाबा बुडढा जी के सुपुत्र भाई भानी जी ने श्री हरि राए साहिब जी को गुरगद्धी पर बिठाया और आप सिख धर्म के सातवें गुरू बने।

गुरू हरि राए साहिब जी ने लाहौर सियालकोट, पठानकोट, सांबा, रामगढ़ और जम्मू एवं कश्मीर के विभिन्न क्षेत्रों का दौरा भी किया। आप ने 360 मंजियों की स्थापना की। आपने भ्रष्ट मसंद पद्धति सुधारने के लिए पवित्र एवं आध्यत्मिक लोगों को मंजियों का प्रमुख नियुक्त किया। आप जी ने सदैव एक नैतिकवादी जीवन जीने की सलाह दी। ईमानदारी से नेक कमाई कर, उसका कुछ अंश जरूरतमंदों को दान करने और बुराई का त्याग कर अच्छे कर्मों को ग्रहण करने पर गुरू जी अधिक ज़ोर देते थे। आपने लगभग सत्रह वर्षों तक सिखों का मार्गदर्शन किया।

गुरू हरि राए साहिब जी शांत व्यक्तित्व तथा कोमल स्वभाव के मालिक थे। आप से जुड़ा एक किस्सा अत्यंत मशहूर है। एक बार बचपन में आप करतारपुर (जलंधर) के एक बाग में टहल रहे थे। अचानक तेज हवा चलने लगी, जिस से आपका चोला पौदों से उलझ गया और कुछ फूल टूट गये। यह देख कर आप उदास हो गए, और सोचने लगे कि प्यारे प्यारे फूल, टहनियों पर लगे हुए कितने सुंदर लग रहे थे। तभी वहां आपके दादा जी और सिखों के छठे गुरू श्री हरिगोबिंद साहिब जी आए और उनसे उदासी का कारण पूछा। बालक हरि राए जी ने सारी बात बताई। गुरू साहिब जी बोले, "बेटा, जब भी ऐसा चोला पहनो, जिसके लहराने से कोमल वस्तुयों के नष्ट होने का डर हो, उस चोले को संभालकर चलो।" गुरू साहिब जी की शिक्षा का अर्थ यह था कि व्यक्ति को अपनी ताक्त का इस्तेमाल सोच–समझकर करना चाहिए। बालक हरि राए जी ने दादा गुरू जी की यह शिक्षा पल्ले बांध ली और पूरी जिन्दगी उस पर अमल किया। आप अकसर शेख फरीद जी का निम्नलिखित श्लोक गुनगुनाया करते थे:

**सभना मन माणिक ठाहणु मूलि मचांगवा।।**
**जे तउ पिरीआ दी सिक हिआउ न ठाहे कही दा।।**

(शेख फरीद जी, अंग 1384)

भाव– सभी जीवों का मन बहुमुल्य हीरे की तरह होता है, इस को दुखाना बिल्कुल ठीक नहीं। हे मनुष्य! अगर तुझे प्रभु परमात्मा से मिलने की इच्छा है, तो कभी किसी का दिल मत दुखायो भाव किसी का दिल ना तोड़ो।

गुरू हरि राए साहिब जी ने कीरतपुर में एक आयुर्वेदिक जड़ी–बूटी दवाईयों का बहुत बड़ा दवाखाना तथा अनसुधान केन्द्र खोला, जिस में काफी कीमती व दुर्लभ दवाएं मंगवा कर रखीं। हर रोगी को मुफत दवा व खुराक मिलती थी। एक बार दारा शिकोह (शाहजहां का सबसे बड़ा पुत्र) किसी अनजानी बीमारी से ग्रस्त हो गया। हर प्रकार के सबसे बेहतर हकीमों की सलाह ली गई। परंतु किसी प्रकार का कोई सुधार नहीं आया। अंत में शाहजहां ने गुरू जी से उपचार करने की प्रार्थना की। गुरू साहिब जी की कृपा से उसका ईलाज हुआ। इस प्रकार दारा शिकोह को मौत के मुंह से बचा लिया गया। शाहजहां ने गुरू जी का धन्यवाद किया तथा गुरू जी को 'जागीर' देने की इच्छा व्यक्त की परंतु गुरू जी ने इन्कार कर दिया।

शाहजहां के बेटों में दिल्ली के तख्त के लिए लड़ाई शुरू हो गई और दारा शिकोह अपने भाई औरंगज़ेब से हारकर, लाहौर की तरफ भागा। उसे पकड़ने के लिए औरंगज़ेब ने फौज भेजी। दारा शिकोह घबरा कर गोइंदवाल साहिब आया, जहां गुरू हरि राए जी ठहरे हुए थे। गुरू जी ने दादा गुरू हरिगोबिंद साहिब जी की आज्ञा से बाईस सौ घुड़सवार रखे हुए थे तांकि अवश्यक्ता पड़ने पर, उपयोग में लाए जा सके तथा गरीब, मज़लूमों और अबलाओं की रक्षा की जा सके। शरण में आए दुखी जरूरतमंदों की सहायता करनी श्री गुरू नानक साहिब के घर का प्रथम नियम रहा है। गुरू जी ने उसको सांत्वना दी और अपने सभी घुड़सवार लेकर ब्यास नदी के किनारे पहुँच गए और औरंगज़ेब की फौज को नदी पार करने से रोके रखा। इतने में दारा शिकोह सुरक्षित निकल गया।

गुरू साहिब जी से पूछा गया कि वह मुगल राजकुमार दारा शिकोह की मदद क्यों कर रहे हैं? जिनके पूर्वजों ने सिखों और सिख गुरूओं को सताया था। तब गुरू जी ने फरमाया था, कि "अगर कोई आदमी एक हाथ से फूल चढ़ाता है और अपने दूसरे हाथ का इस्तेमाल करके उसे छोड़ देता है तो दोनों हाथों को एक ही खुशबू मिलती है।" भाव बुरे कर्म करने वाला या अच्छे

कर्म करने वाला, कोई भी जीव सच्चे गुरू की शरण में आ जाएं, तो दोनों को गुरू के दरबार में एक जैसा सम्मान प्यार तथा सहायता मिलती है। गुरवाणी का वाक हैः–

करमु धरमु मेरा कछु न बीचारिओ।।

बाह पकरि भवजलु निसतारिओ।।2।। (अंग 1184)

हे भाई! गुरू ने मेरे किसी अच्छे बुरे कर्म तथा धर्म का विचार ही नहीं किया। मेरी बाज़ू पकड़ कर गुरू ने मुझे संसार समुंदर के विकारों से पार कर दिया।

औरंगज़ेब जब भाइयों का कत्ल और बाप को कैद करके बादशाह बना तो उसने गुरू जी द्वारा दारा शिकोह के समर्थन का कारण जानने की लिए, गुरू जी को अपने दरबार से बुलवाया। गुरू जी स्वयं तो नहीं गए, पर अपने बड़े बेटे राम राए जी को उनका प्रतिनिधत्व करने के लिए भेजा और जाने से पहले शिक्षा दी कि प्रत्येक कार्य में गुरू पर भरोसा रखना है। गुरू को सदा अंग–संग समझना। बाबा राम राए जी बड़े प्रवीण तथा हाजिर जवाब थे। उनकी विद्वता का औरंगज़ेब पर बड़ा प्रभाव पड़ा। औरंगज़ेब ने पूछा कि गुरू हरि राए जी ने दारा शिकोह की सहायता क्यों की? तो राम राए जी ने उत्तर दिया कि गुरू जी ने उसको जरूरतमंद दुखिया जानकर मदद की। फिर औरंगज़ेब ने सिखों के 'आदि ग्रंथ' श्री गुरू ग्रंथ साहिब जी पर राम राए जी से एक और सवाल किया। उसने कहा कि तुम्हारे आदि ग्रंथ में लिखा है–

मिटी मुसलमान की पेड़ै पई कुम्हिार।।

घड़ि भांडे इटा कीआ जलदी करे पुकार।। (अंग 466)

भाव– जहां मुसलमान मुर्दे दबाते हैं, कई बार उस स्थान की मिट्टी भी कुम्हार के हाथ लग जाती है भाव वह मिट्टी चीकनी होने के कारण कुम्हार लोग उस मिट्टी के बर्तन बनाने के लिए ले जाते हैं। फिर वह उस मिट्टी को घड़ कर, उसके बर्तन तथा ईंटे बनाता है तथा आबे (भट्ठी) में पड़ कर, वह मिट्टी मानो सड़ती हुई पुकार करती है। इस का क्या अर्थ है? क्या यह प्रगट रूप में हमारे धर्म की निंदा नहीं?

बादशाह के साथ बना असर रसूख कायम रखने के लिए राम राए जी निशाने से चूक गए तथा कह दिया कि "मिट्टी मुसलमान की नहीं, बल्कि मिट्टी बेईमान की लिखा है।" यह सुन कर बादशाह खुश हो गया। जब गुरू हरि राए जी को इस बात का पता चला कि राम राए जी ने औरंगज़ेब को खुश करने के लिए, श्री गुरू ग्रंथ साहिब जी की पंक्तियों को बदल दिया है, तो उन्होंने श्री गुरू ग्रंथ साहिब जी की बाणी में हेर–फेर करने वाले पुत्र को सदा के लिए त्याग दिया और फैसला भेजा के राम राए अपनी सूरत न दिखाए। इस घटना से सिखों के देश के प्रति क्या कर्तवय होने चाहिए, ऐसे भावों का संचार हुआ। सिख, इस घटना के बाद गुरू घर की परम्पराओं के प्रति अनुशासित हो गए। इस प्रकार गुरू साहिब जी ने सिख धर्म के वास्तविक गुणों, जो कि श्री गुरू ग्रंथ साहिब जी में दर्ज हैं, गुरू नानक साहिब जी द्वारा बनाये गए किसी भी प्रकार के नियमों में फेरबदल करने वालों के लिए एक कड़ा कानून बना दिया।

एक बार गुरू हरि राए साहिब जी मालवा और दोआवा क्षेत्र से प्रवास कर के लौट रहे थे, तो मोहम्मद यारबेग खान ने आपके काफिले पर, अपने एक हज़ार सशस्त्र सैनिकों के साथ हमला बोल दिया। इस अचानक हुए आक्रमण का गुरू साहिब जी ने सिख योद्धाओं के साथ मिलकर बहुत ही दिलेरी एवं बहादुरी के साथ मुकाबला किया। दुश्मन को जान तथा माल की भारी हानि हुई और वह युद्ध के मैदान से भाग गए। यद्यपि गुरू साहिब जीवन में अहिंसा परमो धर्म के सिद्धांत को अहम मानते थे, फिर भी आत्म सुरक्षा के लिए सशस्त्र होना भी आवश्यक मानते थे। आप प्रायः सिख योद्धाओं को बहादुरी के पुरस्कारों से नवाजा करते थे। आप शिकार के बहुत शोकीन थे लेकिन आप की खास विशेशता वह थी कि वह शिकार को मारने की बजाय, जीवित पकड़कर अपने बाग में ले आते थे और उनका लालन–पालन करते।

गुरू हरि राए साहिब जी ने लाहौर सियालकोट, पठानकोट, सांबा, रामगढ़ और जम्मू एवं कश्मीर के विभिन्न क्षेत्रों का दौरा भी किया। आप ने 360 मंजियों की स्थापना की। आपने भ्रष्ट मसंद पद्धति सुधारने के लिए पवित्र एवं आध्यत्मिक लोगों को मंजियों का प्रमुख नियुक्त किया। आप जी ने सदैव एक नैतिकवादी जीवन जीने की सलाह दी। ईमानदारी से नेक कमाई करने, उसका कुछ अंश जरूरतमंदों को दान करने और बुराई का त्याग कर अच्छे कर्मों को ग्रहण करने पर गुरू जी अधिक ज़ोर देते थे। आपने लगभग सत्रह वर्षों तक सिखों का मार्गदर्शन किया। गुरू साहिब जी ने अपना अंतिम समय नज़दीक आता देख, अपने 5 वर्षीय सब से छोटे सुपुत्र श्री हरि क्रिशन साहिब जी को 'अश्टम' नानक के रूप में स्थापित किया तथा गुरगद्धी सौंप दी। 31 वर्ष की आयु में आप 20 अक्तूबर 1661 को कीरतपुर में ज्योति जोत समा गए।

आएं, हम सभी गुरू हरि राए साहिब जी के जीवन, शिक्षायों तथा उनके द्वारा मानवता की भलाई के लिए कार्यों से प्रेरना एवं मार्गदर्शन लेकर अपना जीवन सफल करें। –0–

**Continued from Page 35**

On hearing this the emperor was satisfied.

Deviation from the principle of Sikh Philosophy was a moral crime which was not expected from Baba Ram Rai. Hence Guru Har Rai Sahib Ji conveyed him not to come back to him as he had insulted the Gurbani of Guru Nanak Sahib Ji. To some extent the trick of the emperor of Aurangzeb worked and in order to widen the gap between Guru Sahib and his son Baba Ram Rai, he allotted a Jagir (big land) in Doon Region (near Dehradun). But the emperor could not succeed in creating differences among the Sikh masses and the devotion of Sikhs for their Guru.

For preaching Sikhism extensively, Guru Sahib established three centres, headed by Bhai Suthray Shah, Bhagat Bhawan and Bhai Feru Ji. Baba Gurditta Ji, the father of Guru Har Rai Sahib Ji had already established several preaching centres in the area.

Guru Har Rai Sahib Ji enthroned his younger son Guru Har Krishan Sahib as his successor ( $8^{th}$ Guru of Sikhs) and left for his heavenly abode on $6^{th}$ October, 1661 AD.

# ਬਿਮਾਰੀਆਂ ਤੋਂ ਬਚਾਅ ਲਈ ਪਸ਼ੂਆਂ ਦਾ ਟੀਕਾਕਰਨ ਜ਼ਰੂਰੀ

– ਗੁਰਸਿਮਰਨ ਫਿਲਿਆ
ਗੁਰੂ ਅੰਗਦ ਦੇਵ ਵੈਟਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ।

ਟੀਕਾਕਰਨ ਦੀ ਪਸ਼ੂਆਂ ’ਚ ਬਹੁਤ ਮਹੱਤਤਾ ਹੈ। ਟੀਕਾਕਰਨ ਨਾਲ ਪਸ਼ੂਆਂ ਨੂੰ ਛੂਤ ਦੀਆਂ ਬਿਮਾਰੀਆਂ ਤੋਂ ਸਭ ਤੋਂ ਅਸਰਦਾਰ ਤੇ ਸਸਤੇ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ। ਟੀਕਾਕਰਨ ਕਰਵਾਉਣ ਨਾਲ ਪਸ਼ੂਆਂ ਦੇ ਸਰੀਰ ਦੇ ਅੰਦਰ ਐਂਟੀਬਾਡੀਜ਼ ਪੈਦਾ ਹੁੰਦੀਆਂ ਹਨ, ਜਿਸ ਕਾਰਨ ਪਸ਼ੂਆਂ ਦੇ ਸਰੀਰ ਅੰਦਰ ਬਿਮਾਰੀ ਖ਼ਿਲਾਫ਼ ਲੜਨ ਦੀ ਸ਼ਕਤੀ ਪੈਦਾ ਹੁੰਦੀ ਹੈ। ਇਸ ਨਾਲ ਜਾਨਵਰਾਂ ਨੂੰ ਬਿਮਾਰੀ ਨਹੀਂ ਲਗਦੀ ਤੇ ਆਰਥਿਕ ਨੁਕਸਾਨ ਨਹੀਂ ਹੁੰਦਾ। ਪੰਜਾਬ ’ਚ ਮੱਝਾਂ ਤੇ ਗਾਵਾਂ ਨੂੰ ਮੂੰਹ-ਖੁਰ ਤੇ ਗਲਘੋਟੂ ਦੀ ਬਿਮਾਰੀ ਤੋਂ ਸਭ ਤੋਂ ਵੱਧ ਤਰਾ ਹੈ। ਇਨ੍ਹਾਂ ਦੋਵਾਂ ਬਿਮਾਰੀਆਂ ਤੋਂ ਬਚਾਅ ਲਈ ਪਸ਼ੂ ਪਾਲਣ ਵਿਭਾਗ ਦੇ ਮੁਲਾਜ਼ਮ ਘਰ-ਘਰ ਜਾ ਕੇ ਟੀਕਾਕਰਨ ਕਰਦੇ ਹਨ। ਇਸ ਲਈ ਜਦੋਂ ਵੀ ਇਹ ਸਰਕਾਰੀ ਮੁਲਾਜ਼ਮ ਆਉਣ ਤਾਂ ਕਿਸਾਨ ਆਪਣੇ ਸਾਰੇ ਰੁਝੇਵੇਂ ਛੱਡ ਕੇ ਆਪਣੇ ਪਸ਼ੂਆਂ ਦਾ ਟੀਕਾਕਰਨ ਕਰਵਾ ਲੈਣ। ਇਸ ਤੋਂ ਇਲਾਵਾ ਪੱਟ ਸੋਜ, ਬਰੂਸੀਲੋਸਿਸ, ਥਲੇਰੀਓਸਿਸ ਤੇ ਹਲਕਾਅ ਲਈ ਵੀ ਟੀਕਾਕਰਨ ਕੀਤਾ ਜਾਂਦਾ ਹੈ।

**ਮੂੰਹ-ਖੁਰ ਦੀ ਬਿਮਾਰੀ**

ਮੂੰਹ ਖੁਰ ਦੀ ਬਿਮਾਰੀ ਵਿਸ਼ਾਣੂ ਰੋਗ ਹੈ। ਇਸ ਬਿਮਾਰੀ ਤੋਂ ਪ੍ਰਭਾਵਿਤ ਪਸ਼ੂਆਂ ਨੂੰ ਤੇਜ਼ ਬੁਖ਼ਾਰ ਹੋ ਜਾਂਦਾ ਹੈ, ਪਸ਼ੂ ਪੱਠੇ ਖਾਣੇ ਬੰਦ ਕਰ ਦਿੰਦੇ ਹਨ, ਮੂੰਹ ਵਿੱਚੋਂ ਲਾਰਾਂ ਡਿਗਦੀਆਂ ਹਨ ਤੇ ਥਣਾਂ ’ਤੇ ਛਾਲੇ ਹੋ ਜਾਂਦੇ ਹਨ। ਇਹ ਬਿਮਾਰੀ ਗਾਵਾਂ ਵਿਚ ਮੱਝਾਂ ਨਾਲੋਂ ਜ਼ਿਆਦਾ ਹੁੰਦੀ ਹੈ। ਇਹ ਬਿਮਾਰੀ ਸਾਹ ਰਾਹੀਂ, ਦੂਸ਼ਿਤ ਪੱਠੇ ਖਾਣ ਨਾਲ ਜਾਂ ਫਿਰ ਦੂਸ਼ਿਤ ਪਾਣੀ ਪੀਣ ਨਾਲ ਹੋ ਸਕਦੀ ਹੈ। ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਅ ਲਈ ਕਈ ਕਿਸਮ ਦੇ ਟੀਕੇ ਮਿਲਦੇ ਹਨ।

– ਰਕਸ਼ਾ ਓਵੈਕ ਨਾਂ ਦੀ ਵੈਕਸੀਨ ਇੰਡੀਅਨ ਇਮੋਨੋਲੋਜੀਕਲ ਨਾਂ ਦੀ ਕੰਪਨੀ ਬਣਾਉਂਦੀ ਹੈ। ਇਹ ਵੈਕਸੀਨ 4 ਮਹੀਨੇ ਦੀ ਉਮਰ ਤੋਂ ਵੱਧ ਗਾਵਾਂ ਤੇ ਮੱਝਾਂ ਨੂੰ 2 ਮਿਲੀ. ਦੀ ਮਿਕਦਾਰ ਵਿਚ ਡੂੰਘੇ ਮਾਸ ਵਿਚ ਲਗਾਈ ਜਾਂਦੀ ਹੈ। ਇਸ ਤੋਂ ਬਾਅਦ ਇਹ ਹਰ ਛੇ ਮਹੀਨਿਆਂ ਦੇ ਫ਼ਰਕ ’ਤੇ ਲਗਾਈ ਜਾਂਦੀ ਹੈ।

– ਰਕਸ਼ਾ ਬਾਇਓਵਕ ਵੈਕਸੀਨ ਮੂੰਹ-ਖੁਰ ਤੇ ਗਲ ਘੋਟੂ ਦੀਆਂ ਬਿਮਾਰੀਆਂ ਤੋਂ ਬਚਾਉਂਦੀ ਹੈ। ਇਹ ਵੈਕਸੀਨ ਪਹਿਲੀ ਵਾਰ 4 ਮਹੀਨੇ ਦੀ ਉਮਰ ਤੇ 3 ਮਿਲੀ. ਦੀ ਮਿਕਦਾਰ ਵਿਚ ਡੂੰਘੇ ਮਾਸ ਵਿਚ ਲਗਾਈ ਜਾਂਦੀ ਹੈ। ਬੂਸਟਰ ਡੋਜ਼ 9 ਮਹੀਨੇ ਦੀ ਉਮਰ ’ਚ ਅਤੇ ਉਸ ਤੋਂ ਬਾਅਦ ਹਰ ਸਾਲ ਇਹ ਟੀਕਾਕਰਨ ਕਰਵਾਉਣਾ ਚਾਹੀਦਾ ਹੈ।

– ਰਕਸ਼ਾ ਟਰਾਓਵੇਕ ਵੈਕਸੀਨ ਪਸ਼ੂਆਂ ਨੂੰ ਤਿੰਨ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਂਦੀ ਹੈ। ਇਨ੍ਹਾਂ ਬਿਮਾਰੀਆਂ ਦਾ ਨਾਂ ਹੈ ਗਲਘੋਟੂ, ਮੂੰਹ-ਖੁਰ ਤੇ ਪੱਟ ਸੋਜ। ਇਹ ਟੀਕਾ ਪਸ਼ੂ ਨੂੰ 3 ਮਿਲੀ. ਦੀ ਮਿਕਦਾਰ ਵਿੱਚ ਡੂੰਘੇ ਮਾਸ ਵਿਚ ਲਗਾਇਆ ਜਾਂਦਾ ਹੈ।

**ਗਲ ਘੋਟੂ ਦਾ ਟੀਕਾਕਰਨ**

ਗਲ ਘੋਟੂ ਦੀ ਬਿਮਾਰੀ ਮੱਝਾਂ ਵਿਚ ਗਾਵਾਂ ਨਾਲੋਂ ਜ਼ਿਆਦਾ ਹੁੰਦੀ ਹੈ। ਇਹ ਬਿਮਾਰੀ ਕਿਸੇ ਵੀ ਉਮਰ ਦੀ ਗਾਂ, ਮੱਝ, ਭੇਡ ਤੇ ਬੱਕਰੀ ਨੂੰ ਹੋ ਸਕਦੀ ਹੈ। ਇਹ ਜੀਵਾਣੂ ਰੋਗ ਹੈ, ਜੋ ਮਹਾਮਾਰੀ ਦਾ ਰੂਪ ਲੈ ਸਕਦਾ ਹੈ ਕਿਉਂਕਿ ਇਹ ਬਿਮਾਰੀ ਬਹੁਤ ਛੇਤੀ ਫੈਲ ਜਾਂਦੀ ਹੈ। ਜਦੋਂ ਵੀ ਕਿਸੇ ਪਸ਼ੂ ਦੀ ਸਰੀਰ ਦੇ ਰੋਗਾਂ ਨਾਲ ਲੜਨ ਦੀ ਤਾਕਤ ਘਟ ਜਾਂਦੀ ਹੈ ਤਾਂ ਉਸ ਵੇਲੇ ਇਹ ਜੀਵਾਣੂ ਪਸ਼ੂਆਂ ਦੇ ਖ਼ੂਨ ’ਚ ਆ ਜਾਂਦੇ ਹਨ ਅਤੇ ਬਿਮਾਰੀ ਪੈਦਾ ਕਰਦੇ ਹਨ। ਇਸ ਬਿਮਾਰੀ ਨਾਲ ਉਨ੍ਹਾਂ ਬਿਮਾਰ ਪਸ਼ੂਆਂ ’ਚ ਮੌਤ ਦਰ ਵੱਧ ਜਾਂਦੀ ਹੈ, ਜੋ ਕਮਜ਼ੋਰ ਹੋਣ, ਜਿਨ੍ਹਾਂ ਪਸ਼ੂਆਂ ਨੇ ਲੰਮਾ ਸਫ਼ਰ ਕੀਤਾ ਹੋਵੇ ਅਤੇ ਹੁੰਮਸ ਵਾਲੇ ਵਾਤਾਵਰਣ ਵਿਚ ਰਹਿੰਦੇ ਹੋਣ। ਕਿਸਾਨ ਵੀਰ ਗਲਘੋਟੂ ਦਾ ਟੀਕਾਕਰਨ ਬਰਸਾਤਾਂ ਤੋਂ ਪਹਿਲਾਂ ਕਰਵਾ ਲੈਣ।

– ਗਲਘੋਟੂ ਦੀ ਬਿਮਾਰੀ ਤੋਂ ਬਚਾਉਣ ਲਈ ਐੱਚਐੱਸ ਐਲਮ ਪਰੈਸਿਪਿਟੇਟ ਵੈਕਸੀਨ ਲਗਾਉਣੀ ਚਾਹੀਦੀ ਹੈ, ਜੋ ਸਾਰੇ ਸਰਕਾਰੀ ਹਸਪਤਾਲਾਂ ਵਿਚ ਮਿਲਦੀ ਹੈ। ਇਹ ਵੈਕਸੀਨ 5 ਮਿਲੀ ਦੀ ਮਿਕਦਾਰ ’ਚ ਡੂੰਘੇ ਮਾਸ ਵਿਚ ਲਗਾਈ ਜਾਂਦੀ ਹੈ। ਇਸ ਵੈਕਸੀਨ ਦਾ ਟੀਕਾ ਪਹਿਲੀ ਵਾਰ 4 ਮਹੀਨੇ ਦੀ ਉਮਰ ਵਿਚ ਲਗਾਇਆ ਜਾਂਦਾ ਹੈ ਤੇ ਇਸ ਤੋਂ ਬਾਅਦ 6 ਮਹੀਨੇ ਬਾਅਦ ਬੂਸਟਰ ਡੋਜ਼ ਲਗਾਉਣਾ ਚਾਹੀਦਾ ਹੈ। ਇਸ ਤੋਂ ਬਾਅਦ ਹਰ ਛੇ ਮਹੀਨਿਆਂ ਬਾਅਦ ਵੈਕਸੀਨ ਲਗਾਤਾਰ ਲਗਵਾਓ। ਵੱਡੀ ਉਮਰ ਦੀਆਂ ਮੱਝਾਂ ਤੇ ਗਾਵਾਂ ਵਿਚ ਇਹ ਵੈਕਸੀਨ ਅਪ੍ਰੈਲ-ਮਈ ਅਤੇ ਅਕਤੂਬਰ-ਨਵੰਬਰ ਦੇ ਮਹੀਨਿਆਂ ਵਿਚ ਲਗਾਈ ਜਾਂਦੀ ਹੈ। ਇਹ ਟੀਕਾ ਦੁੱਧ ਦੇਣ ਵਾਲੇ ਪਸ਼ੂਆਂ ਤੇ ਗੱਭਣ ਪਸ਼ੂਆਂ ਨੂੰ ਵੀ ਲਗਾਇਆ ਜਾ ਸਕਦਾ ਹੈ।

– ਰਕਸ਼ਾ ਐੱਚਐਸ ਵੈਕਸੀਨ ਇੰਡੀਅਨ ਇਮੋਨੋਲੋਜੀਕਲ ਕੰਪਨੀ ਗਲਘੋਟੂ ਦੀ ਬਿਮਾਰੀ ਤੋਂ ਬਚਾਉਣ ਲਈ ਬਣਾਉਂਦੀ ਹੈ, ਦੁਕਾਨਾਂ ਤੋਂ ਖ਼ਰੀਦੀ ਜਾ ਸਕਦੀ ਹੈ। ਇਹ ਵੈਕਸੀਨ ਗਾਵਾਂ ਤੇ ਮੱਝਾਂ ਵਿਚ 2 ਮਿਲੀ ਦੀ ਮਿਕਦਾਰ ਵਿਚ ਚਮੜੀ ਹੇਠਾਂ ਛੇ ਮਹੀਨੇ ਦੀ ਉਮਰ ’ਤੇ ਲੱਗਦੀ ਹੈ ਤੇ ਫਿਰ ਪਸ਼ੂ ਨੂੰ ਹਰ ਛੇ ਮਹੀਨੇ ਬਾਅਦ ਲੱਗਣੀ ਚਾਹੀਦੀ ਹੈ।

**ਬਰੂਸੀਲੋਸਿਸ**

ਇਸ ਨੂੰ ਤੂਅ ਜਾਣ ਦੀ ਬਿਮਾਰੀ ਵੀ ਆਖਦੇ ਹਨ। ਇਸ ਬਿਮਾਰੀ ਕਾਰਨ ਗੱਭਣ ਗਾਂ ਜਾਂ ਮੱਝ 7-8 ਮਹੀਨੇ ਦਾ ਗਰਭ ਸੁੱਟ ਦਿੰਦੀ ਹੈ। ਇਸ ਬਿਮਾਰੀ ਤੋਂ ਪਸ਼ੂ ਨੂੰ ਬਚਾਉਣ ਲਈ ਬਰੂਵੈਕਸ ਟੀਕਾਕਰਨ ਲਗਾਇਆ ਜਾਂਦਾ ਹੈ। ਇਹ ਵੈਕਸੀਨ 4-8 ਮਹੀਨੇ ਦੀ ਕੱਟੀ ਜਾਂ ਵੱਛੀ ਨੂੰ 2 ਮਿਲੀ ਦੀ ਮਿਕਦਾਰ ਵਿਚ ਚਮੜੀ ਹੇਠਾਂ ਜ਼ਿੰਦਗੀ ਵਿਚ ਇਕ ਵਾਰ ਲਗਾਇਆ ਜਾਂਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹ ਵੈਕਸੀਨ ਵੱਛੇ ਜਾਂ ਫਿਰ ਕੱਟੇ ਨੂੰ ਨਹੀਂ ਲਗਾਉਣਾ। ਜੇ ਇਹ ਟੀਕਾ ਗ਼ਲਤੀ ਨਾਲ ਕੱਟੇ ਜਾਂ ਵੱਛੇ ਨੂੰ ਲੱਗ ਜਾਵੇ ਤਾਂ ਉਹ ਸਾਰੀ ਉਮਰ ਲਈ ਇਸ ਬਿਮਾਰੀ ਦਾ ਵਾਹਕ ਬਣ ਜਾਂਦਾ ਹੈ ਤੇ ਉਸ ਦਾ ਕੋਈ ਇਲਾਜ ਨਹੀਂ ਹੈ।

**ਪੱਟ ਸੋਜ ਦੀ ਬਿਮਾਰੀ**

ਇਹ ਛੂਤ ਦੀ ਬਿਮਾਰੀ ਹੈ, ਜੋ ਕਲੋਸਟ੍ਰੀਡੀਏਮ ਚੋਵੇਆਈ ਨਾਂ ਦੇ ਜੀਵਾਣੂ ਕਾਰਨ ਹੁੰਦੀ ਹੈ। ਇਹ ਬਿਮਾਰੀ ਛੇ ਮਹੀਨੇ ਤੋਂ ਦੋ ਸਾਲ ਦੀ ਉਮਰ ਦੀਆਂ ਗਾਵਾਂ ਵਿਚ ਹੁੰਦੀ ਹੈ। ਇਹ ਬਿਮਾਰੀ ਭੇਡਾਂ ’ਚ ਵੀ ਹੋ ਸਕਦੀ ਹੈ। ਪੱਟ ਸੋਜ ਦੀ ਬਿਮਾਰੀ ਪਸ਼ੂਆਂ ਨੂੰ ਗਰਮੀਆਂ ਅਤੇ ਬਰਸਾਤਾਂ ਦੇ ਮੌਸਮ ਵਿਚ ਜ਼ਿਆਦਾ ਹੁੰਦੀ ਹੈ। ਕਿਸਾਨ ਪੱਟ ਸੋਜ ਦਾ ਟੀਕਾਕਰਨ ਬਰਸਾਤਾਂ ਤੋਂ ਪਹਿਲਾਂ ਕਰਵਾ ਲੈਣ। ਇਸ ਬਿਮਾਰੀ ਦੀ ਗ੍ਰਿਫ਼ਤ ’ਚ ਆਏ ਕਈ ਪਸ਼ੂ ਲੱਛਣ ਦਿਖਾਏ ਬਿਨਾਂ ਹੀ ਮਰ ਜਾਂਦੇ ਹਨ। ਇਹ ਬਿਮਾਰੀ ਪਸ਼ੂ ਨੂੰ ਦੂਸ਼ਿਤ ਚਾਰਾ ਖੁਆਉਣ ਨਾਲ ਹੋ ਸਕਦੀ ਹੈ। ਇਸ ਨਾਲ ਪਸ਼ੂ ਦੀਆਂ ਪਿਛਲੀਆਂ ਲੱਤਾਂ ਦੇ ਉਪਰਲੇ ਹਿੱਸੇ ’ਤੇ ਸੋਜ ਆ ਜਾਂਦੀ ਹੈ। ਪਸ਼ੂ ਨੂੰ ਤੇਜ਼ ਬੁਖ਼ਾਰ ਹੋ ਜਾਂਦਾ ਹੈ ਤੇ ਪਸ਼ੂ ਸੁਸਤ ਹੋ ਜਾਂਦਾ ਹੈ। ਇਸ ਬਿਮਾਰੀ ਤੋਂ ਬਚਾਅ ਲਈ ਪੰਜਾਬ ਵੈਕਸੀਨ ਇੰਸਟੀਚਿਊਟ ਦੀ ਬੀ ਕਿਊ ਵੈਕਸੀਨ ਗਾਵਾਂ ਵਿਚ 5 ਮਿਲੀ ਦੀ ਮਿਕਦਾਰ ਵਿਚ ਚਮੜੀ ਹੇਠ ਲਗਵਾਓ ਤੇ ਭੇਡਾਂ ਵਿਚ 3 ਮਿਲੀ

# ਕਿੰਨਾ ਕੁ ਜ਼ਰੂਰੀ ਹੈ ਸੈਰ ਕਰਨਾ

ਡਾ: ਗੁਰਜੀਤਪਾਲ ਕੌਰ ਘੁਮਾਣ

ਤੁਰਨਾ-ਫਿਰਨਾ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਨੂੰ ਤਾਜ਼ਗੀ ਅਤੇ ਮਜ਼ਬੂਤੀ ਪ੍ਰਦਾਨ ਕਰਨ ਤੋਂ ਇਲਾਵਾ ਸਵੈ-ਵਿਸ਼ਵਾਸ ਵੀ ਪੈਦਾ ਕਰਦਾ ਹੈ ਪਰ ਅੱਜ-ਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਸਾਡੇ ਲਈ ਆਪਣੀ ਸਿਹਤ ਲਈ ਸਮਾਂ ਕੱਢਣਾ ਬਹੁਤ ਔਖਾ ਹੋ ਗਿਆ ਹੈ, ਜਿਸ ਕਰਕੇ ਸਰੀਰ 'ਤੇ ਤਣਾਅ-ਚਿੰਤਾ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਮਨੁੱਖ ਅਨੇਕਾਂ ਬਿਮਾਰੀਆਂ ਵਿੱਚ ਘਿਰਦਾ ਜਾ ਰਿਹਾ ਹੈ। ਬਹੁਤੀਆਂ ਬਿਮਾਰੀਆਂ ਦੀ ਜੜ੍ਹ ਚਿੰਤਾ ਹੀ ਹੈ। ਚਿੰਤਾ ਤੰਦਰੁਸਤ ਸਰੀਰ ਨੂੰ ਵੀ ਖੋਖਲਾ ਬਣਾ ਦਿੰਦੀ ਹੈ ਤੇ ਮਰੀਜ਼ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਨ੍ਹਾਂ ਸਭ ਨਤੀਜਿਆਂ ਤੋਂ ਬਚਣ ਵਾਸਤੇ ਸੈਰ ਕਰਨੀ ਬੇਹੱਦ ਜ਼ਰੂਰੀ ਹੈ। ਰੋਜ਼ਾਨਾ ਅੱਧੇ ਘੰਟੇ ਦੀ ਸੈਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਲਾਭਦਾਇਕ ਸਿੱਧ ਹੋਈ ਹੈ।

**ਸੈਰ ਕਰਨ ਦੇ ਫ਼ਾਇਦੇ**

* ਰੋਜ਼ਾਨਾ ਸੈਰ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ। ਇਸ ਨਾਲ ਸਰੀਰ ਦੇ ਸੈੱਲ ਵੀ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਮੁੜ ਊਰਜਾਵਾਨ ਹੋ ਕੇ ਆਪਣੇ ਕੰਮਾਂ ਵਿੱਚ ਜੁਟ ਜਾਂਦੇ ਹਨ।

* ਹਫ਼ਤੇ ਵਿੱਚ ਤਿੰਨ ਵਾਰੀ ਕੀਤੀ 30 ਮਿੰਟਾਂ ਦੀ ਸੈਰ ਦਿਲ ਲਈ ਫ਼ਾਇਦੇਮੰਦ ਸਾਬਤ ਹੋਈ ਹੈ। ਇਹ ਦਿਲ ਅਤੇ ਫੇਫੜਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਹੌਲੀ- ਹੌਲੀ ਸਰੀਰ ਦੀ ਸੈਰ ਕਰਨ ਅਤੇ ਬਿਨਾਂ ਥਕਾਵਟ ਤੋਂ ਕੰਮ ਕਰਨ ਦੀ ਸਮਰੱਥਾ ਵਧਦੀ ਹੈ।

* ਸੈਰ ਕਰਨ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜਿਸ ਨਾਲ ਦਿਲ ਜਵਾਨ ਰਹਿੰਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘਟ ਜਾਂਦਾ ਹੈ।

* ਸੈਰ ਕਰਨ ਨਾਲ ਚਿੰਤਾ ਵਧਾਉਣ ਵਾਲੇ ਹਾਰਮੋਨ ਘਟ ਜਾਂਦੇ ਹਨ ਅਤੇ 'ਬੀਟਾ ਐਂਡੋਰਫਿਨ' ਨਾਮਕ ਚਿੰਤਾ ਘਟਾਉਣ ਵਾਲੇ ਹਾਰਮੋਨ ਵਧ ਜਾਂਦੇ ਹਨ। ਇਸ ਤਰ੍ਹਾਂ ਸੈਰ ਤਣਾਅਗ੍ਰਸਤ ਰੋਗੀਆਂ ਲਈ ਕਾਫ਼ੀ ਕਾਰਗਰ ਸਾਬਤ ਹੋਈ ਹੈ।

* ਤਕਰੀਬਨ 20 ਮਿੰਟਾਂ ਦੀ ਤੇਜ਼ ਸੈਰ ਕਰਨ ਤੋਂ ਬਾਅਦ ਹੌਲੀ-ਹੌਲੀ ਰਫ਼ਤਾਰ ਘਟਾ ਦੇਣੀ ਚਾਹੀਦੀ ਹੈ। ਇਸ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਦੀ ਹੈ।

* ਉਮਰ ਦੇ ਨਾਲ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ। ਇਸ 'ਓਸਟੀਓਪੋਰੋਸਿਸ' ਨਾਮਕ ਬਿਮਾਰੀ ਤੋਂ ਬਚਣ ਲਈ ਹਫ਼ਤੇ ਵਿੱਚ ਚਾਰ ਵਾਰੀ ਅੱਧਾ ਘੰਟਾ ਸੈਰ ਲਈ ਜ਼ਰੂਰ ਜਾਣਾ ਚਾਹੀਦਾ ਹੈ।

* ਸੈਰ ਮਾਨਸਿਕ ਤੌਰ 'ਤੇ ਵੀ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਸੈਰ ਕਰਨ ਤੋਂ ਬਾਅਦ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਨੀਂਦ ਵੀ ਵਧੀਆ ਆਉਂਦੀ ਹੈ।

* ਸਰੀਰ ਦਾ ਸੁਰੱਖਿਆ ਤੰਤਰ ਵੀ ਸੈਰ ਕਰਨ ਨਾਲ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧ ਜਾਂਦੀ ਹੈ।

* ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਅੱਧੇ ਘੰਟੇ ਦੀ ਸੈਰ ਬਹੁਤ ਜ਼ਰੂਰੀ ਹੈ। ਰੋਜ਼ਾਨਾ ਸੈਰ ਕਰਨ ਨਾਲ ਕੈਂਸਰ ਦਾ ਖ਼ਤਰਾ ਵੀ ਘਟ ਜਾਂਦਾ ਹੈ। ਸੈਰ ਕਰਨ ਨਾਲ ਭਾਰ ਘਟਦਾ ਹੈ ਅਤੇ ਬਲੱਡ-ਪ੍ਰੈਸ਼ਰ ਵੀ ਠੀਕ ਰਹਿੰਦਾ ਹੈ। ਇਸ ਕਰਕੇ ਬਲੱਡ-ਪ੍ਰੈਸ਼ਰ ਜ਼ਿਆਦਾ ਰਹਿਣ ਵਾਲੇ ਮਰੀਜ਼ਾਂ ਲਈ ਸੈਰ ਬਹੁਤ ਜ਼ਰੂਰੀ ਹੈ।

**ਸੈਰ ਬਾਰੇ ਧਿਆਨ ਦੇਣ ਯੋਗ ਗੱਲਾਂ:**

* ਸੈਰ ਹਮੇਸ਼ਾਂ ਸਾਫ਼-ਸੁਥਰੀ, ਸ਼ਾਂਤਮਈ ਅਤੇ ਰਮਣੀਕ ਥਾਂ 'ਤੇ ਕਰਨੀ ਚਾਹੀਦੀ ਹੈ। ਪ੍ਰਦੂਸ਼ਿਤ ਸੜਕਾਂ 'ਤੇ ਸੈਰ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਆਵਾਜਾਈ ਵਾਲੀਆਂ ਦੂਸ਼ਿਤ ਥਾਵਾਂ 'ਤੇ ਸੈਰ ਕਰਨ ਨਾਲ ਆਕਸੀਜਨ ਨਾਲੋਂ ਵੱਧ ਕਾਰਬਨ ਡਾਈਆਕਸਾਈਡ ਸਰੀਰ ਅੰਦਰ ਜਾਵੇਗੀ।

* ਸਿਹਤਮੰਦ ਸਰੀਰ ਲਈ ਸੈਰ ਕਰਨ ਦੇ ਨਾਲ-ਨਾਲ ਸੰਤੁਲਿਤ ਖ਼ੁਰਾਕ ਲੈਣੀ ਵੀ ਜ਼ਰੂਰੀ ਹੈ।

* ਸੈਰ ਵਾਸਤੇ ਹਮੇਸ਼ਾਂ ਆਰਾਮਦਾਇਕ ਕੱਪੜੇ ਤੇ ਬੂਟ ਪਹਿਨਣੇ ਚਾਹੀਦੇ ਹਨ। ਕਦੇ ਵੀ ਚੱਪਲ ਪਾ ਕੇ ਸੈਰ ਨਹੀਂ ਕਰਨੀ ਚਾਹੀਦੀ।

* ਸੈਰ ਕਰਨ ਤੋਂ ਬਾਅਦ ਸਰੀਰ ਦਾ ਤਾਪਮਾਨ ਸਾਧਾਰਨ ਹੋ ਜਾਣ ਤੋਂ ਬਾਅਦ ਹੀ ਕੁਝ ਖਾਣਾ-ਪੀਣਾ ਚਾਹੀਦਾ ਹੈ।

* ਸੈਰ ਲਈ ਕਦੇ ਵੀ ਖਾਲੀ ਪੇਟ ਨਹੀਂ ਜਾਣਾ ਚਾਹੀਦਾ। ਇਸ ਤਰ੍ਹਾਂ ਸਰੀਰ ਜਲਦੀ ਹੀ ਥਕਾਵਟ ਮਹਿਸੂਸ ਕਰਨ ਲੱਗ ਪੈਂਦਾ ਹੈ। -0-

ਚਮੜੀ ਹੇਠਾਂ ਲਗਵਾਓ। ਪਹਿਲੀ ਵਾਰ ਛੇ ਮਹੀਨੇ ਦੀ ਉਮਰ ’ਤੇ ਵੈਕਸੀਨ ਅਤੇ ਉਸ ਤੋਂ ਬਾਅਦ ਹਰ 6 ਮਹੀਨੇ ’ਤੇ ਇਹ ਟੀਕਾ ਲਗਵਾਉ।

**ਥਲੇਰੀਆ**

ਥਲੇਰੀਆ ਦੀ ਬਿਮਾਰੀ ਆਮ ਤੌਰ ’ਤੇ ਵਲੈਤੀ ਗਾਵਾਂ ਜਾਂ ਫਿਰ ਦੋਗਲੀਆਂ ਗਾਵਾਂ ਵਿਚ ਹੁੰਦੀ ਹੈ। ਇਹ ਬਿਮਾਰੀ ਚਿੱਚੜਾਂ ਰਾਹੀਂ ਹੁੰਦੀ ਹੈ। ਇਸ ਲਈ ਡੇਅਰੀ ਫਾਰਮ ਤੇ ਚਿੱਚੜਾਂ ਨੂੰ ਮਾਰਨ ਵਾਲੀ ਦਵਾਈਆਂ ਪਸ਼ੂਆਂ ਦੇ ਡਾਕਟਰ ਦੀ ਸਲਾਹ ਨਾਲ ਵਰਤਦੇ ਰਹੋ ਤਾਂ ਜੋ ਡੇਅਰੀ ਫਾਰਮ ਤੇ ਚਿੱਚੜ ਨਾ ਰਹਿਣ। ਇਸ ਬਿਮਾਰੀ ਤੋਂ ਬਚਾਓ ਲਈ ਰਕਸ਼ਾਵੈਕ ਟੀ ਵੈਕਸੀਨ ਚਮੜੀ ਹੇਠਾਂ 3 ਮਿਲੀ. ਦੀ ਮਿਕਦਾਰ ਵਿਚ ਪਹਿਲੀ ਵਾਰ ਦੋ ਮਹੀਨੇ ਦੀ ਉਮਰ ਤੇ ਅਤੇ ਉਸ ਮਗਰੋਂ ਹਰ ਸਾਲ ਲਗਵਾਓ।

**ਹਲਕਾਅ**

ਹਲਕਾਅ ਤੋਂ ਬਚਾਉਣ ਲਈ ਰਕਸ਼ਾਰੈਬ 1 ਮਿਲੀ ਚਮੜੀ ਹੇਠਾਂ 3 ਮਹੀਨੇ ਦੀ ਉਮਰ ’ਤੇ ਲਗਵਾਓ ਤੇ ਉਸ ਤੋਂ ਬਾਅਦ ਹਰ ਸਾਲ ਟੀਕਾਕਰਨ ਕਰਵਾਓ।

**ਟੀਕਾਕਰਨ ਕਰਵਾਉਣ ਲਈ ਸਾਵਧਾਨੀਆਂ**

- ਗਲਘੋਟੂ ਤੇ ਮੂੰਹ-ਖੁਰ ਬਿਮਾਰੀ ਦਾ ਟੀਕਾਕਰਨ ਜ਼ਰੂਰ ਕਰਵਾਓ ਤੇ ਠੀਕ ਸਮੇਂ ’ਤੇ ਕਰਵਾਓ।
- ਵੈਕਸੀਨ ਖ਼ਰੀਦਣ ਤੋਂ ਪਹਿਲਾਂ ਉਸ ਦੀ ਮਿਆਦ ਜ਼ਰੂਰ ਵੇਖੋ।
- ਬਿਮਾਰ ਪਸ਼ੂ ਦਾ ਟੀਕਾਕਰਨ ਨਾ ਕਰਵਾਓ।
- ਕੰਪਨੀ ਦੀਆਂ ਹਦਾਇਤਾਂ ਮੁਤਾਬਿਕ ਵੈਕਸੀਨ ਦੀ ਮਾਤਰਾ ਪਸ਼ੂ ਨੂੰ ਲਗਵਾਓ।
- ਟੀਕਾ ਬਣਾਉਣ ਤੋਂ ਲੈ ਕੇ ਪਸ਼ੂ ਨੂੰ ਲਗਾਉਣ ਤੱਕ ਵੈਕਸੀਨ ਨੂੰ ਠੰਢੇ ਤਾਪਮਾਨ ’ਚ ਰੱਖੋ।
- ਹਰ ਪਸ਼ੂ ਦੇ ਟੀਕਾਕਰਨ ਦਾ ਰਿਕਾਰਡ ਰੱਖਣਾ ਜ਼ਰੂਰੀ ਹੈ।
- ਹਰ ਪਸ਼ੂ ਨੂੰ ਟੀਕਾ ਲਗਾਉਣ ਲਈ ਵੱਖਰੀ ਸਰਿੰਜ ਤੇ ਸੂਈ ਵਰਤੋ।
- ਹਰ ਕਿਸਮ ਦੀ ਵੈਕਸੀਨ ਫਰਿੱਜ ਵਿੱਚ 4 ਡਿਗਰੀ ਸੈਂਟੀਗ੍ਰੇਡ ’ਤੇ ਰੱਖਣੀ ਚਾਹੀਦੀ ਹੈ ਤੇ ਇਸ ਨੂੰ ਫਰੀਜ਼ਰ ’ਚ ਨਾ ਰੱਖੋ।

-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 600/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017

**ਫਾਰਮ ਨੰ. 400**

ਲੁਧਿਆਣਾ ਵਾਸੀ, ਜਨਮ ਮਿਤੀ 02-08-1999 ਕੱਦ 5'-6" Qualification B.com., Garments Manufacturers & Supplier, Own Shop, Income 18-20 Lakh (Annual) ਲੜਕੇ ਲਈ ਯੋਗ ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ: 98556-00610, 78891-59434

**ਫਾਰਮ ਨੰ. 401**

ਲੁਧਿਆਣਾ ਵਾਸੀ, ਜਨਮ ਮਿਤੀ 20-07-2000, ਕੱਦ 5'-11" Qualification Hotel Management Degree, Business- Fast Food Cart, Income 3-4 Lakh (Annual) ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਯੋਗ ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ- 79865-80627, 78887-11163

**ਫਾਰਮ ਨੰ. 402**

ਕਥਾਵਾਚਕ, ਪ੍ਰਚਾਰਕ ਤੇ ਸਮਾਜ ਸੇਵੀ ਅੰਮ੍ਰਿਤਧਾਰੀ ਲੜਕਾ, ਉਮਰ 35 ਸਾਲ, ਕੱਦ 5'-8" ਪਹਿਲੀ ਪਤਨੀ ਅਕਾਲ ਚਲਾਣਾ ਕਰ ਗਈ, ਲਈ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ, ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98968-43836

-0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਅਗਸਤ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਅਤੇ 3 ਪਿੰਡਾਂ ਵਿੱਚ ਹਫਤਾਵਾਰੀ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 8 ਪਿੰਡਾਂ ਵਿੱਚ ਸੰਗਤ ਨੂੰ ਧਾਰਮਿਕ ਫਿਲਮਾਂ ਦਿਖਾਈਆਂ ਗਈਆਂ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**3. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**ਮਾਲਵਾ:-**

**4. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਜਪੁ ਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਵਿਦਿਆ ਦੇ ਨਾਲ ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਸ਼ਹੀਦ ਭਾਈ ਮਨੀ ਸਿੰਘ ਜੀ, ਪ੍ਰਕਾਸ਼ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਧਾਰਮਿਕ ਦਿਹਾੜੇ ਸੰਬੰਧੀ ਅਸੈਂਬਲੀ ਵਿੱਚ ਬੱਚਿਆਂ ਨਾਲ ਲੈਕਚਰ ਕੀਤੇ ਗਏ। ਸਕੂਲ ਵਿੱਚ ਬੱਚਿਆਂ ਨੂੰ ਸਹਿਜ ਪਾਠ ਨਾਲ ਵੀ ਜੋੜਿਆ ਜਾਂਦਾ ਹੈ। 129 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 4 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ। 20 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਗਲੋਟੀ (84279-18013)-** ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸਵੇਰੇ ਤੇ ਸ਼ਾਮ ਨੂੰ ਕਥਾ-ਵਿਚਾਰ ਕੀਤੀ ਜਾਂਦੀ ਹੈ। ਭਾਈ ਸਾਹਿਬ ਗ੍ਰੰਥੀ ਸਿੰਘ ਦੀ ਡਿਊਟੀ ਵੀ ਨਿਭਾ ਰਹੇ ਹਨ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**6. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ ਪਿੰਡ ਬੱਲਰਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਨੂੰ ਸੰਥਿਆ ਅਤੇ ਦਸਤਾਰ ਸਿਖਲਾਈ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਸਹਿਜ ਪਾਠ ਵੀ ਕਰਵਾਇਆ ਜਾਂਦਾ ਹੈ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਸੇਵਾ ਬੱਚਿਆਂ ਪਾਸੋਂ ਕਰਵਾਈ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਿਵਸ ਤੇ ਸੰਗਤਾਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਦੀ ਸੇਵਾ ਨਿਭਾਈ ਗਈ।

**7. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁਖ ਰਖਦਿਆਂ ਸੁਖਮਨੀ ਸਾਹਿਬ ਅਤੇ ਕੀਰਤਨ ਦੇ ਦਰਬਾਰ (ਦੀਵਾਨ) ਬੀਬੀਆਂ ਪਾਸੋਂ ਸਜਾਏ ਗਏ। ਸ਼ਾਮ ਦੇ ਦੀਵਾਨਾਂ ਵਿੱਚ ਰਹਿਰਾਸ ਸਾਹਿਬ, ਅਰਦਾਸ, ਹੁਕਮਨਾਮਾ ਸਾਹਿਬ ਅਤੇ ਸੁਖਆਸਨ ਦੀ ਸੇਵਾ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਗੁਰਮਤਿ ਮੁਕਾਬਲਿਆਂ ਲਈ ਬੱਚਿਆਂ ਨੂੰ ਤਿਆਰੀ ਕਰਵਾਈ ਜਾਂਦੀ ਹੈ।

**8. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਮਿਡਲ ਸਕੂਲ ਰਾਜਗੜ੍ਹ ਵਿਖੇ ਕਰਵਾਏ ਗਏ ਸੈਮੀਨਾਰ ਦੌਰਾਨ ਬੱਚਿਆਂ ਵਲੋਂ ਲੈਕਚਰ, ਕਵਿਤਾ, ਕਵੀਸ਼ਰੀ ਦੁਆਰਾ ਸਾਂਝ ਪਾਈ ਗਈ, ਇਤਿਹਾਸਕ ਵਿਚਾਰ ਸਾਂਝੇ ਕੀਤੇ। ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਬਲਿਕ ਲਾਇਬ੍ਰੇਰੀ ਪਿੰਡ ਕਾਲਖ ਵਿਖੇ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਬੱਚਿਆਂ ਨਾਲ ਲੈਕਚਰ ਦੁਆਰਾ ਸਾਂਝ ਪਾਈ ਗਈ। ਇਤਿਹਾਸਕ ਕਿਤਾਬਾਂ ਤੇ ਹੋਰ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਸੀਆਂ ਸਕੂਲ ਅਤੇ ਕੇਂਦਰ ਵਿਖੇ ਬੱਚਿਆਂ ਨਾਲ ਇਤਿਹਾਸ ਦੁਆਰਾ ਸਾਂਝ ਪਾਈ ਗਈ।

**9. ਮਹਾਂ ਸਿੰਘ ਨਗਰ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਮੁੱਢਲੀ ਜਾਣਕਾਰੀ ਅਤੇ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਕੰਠ ਕਰਵਾਇਆ ਜਾਂਦਾ ਹੈ। ਬੱਚਿਆਂ ਨੂੰ ਗੁਰਮਤਿ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ।

**10. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 10 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 4 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ:-**

**11. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਹਫਤਾਵਾਰੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਗਈ। 2 ਸਕੂਲਾਂ ਵਿੱਚ ਗੁਰਮਤਿ ਸੈਮੀਨਾਰ ਕੀਤੇ ਗਏ। ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ ਗੜ੍ਹਸ਼ੰਕਰ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਇੱਕ ਬੱਚੇ ਨੇ ਕੇਸਾਂ ਦੀ ਸੰਭਾਲ

ਆਰੰਭ ਕੀਤੀ ਹੈ।

**12. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 3 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਪਿੰਡ ਦੇ ਦੋ ਗੁਰਦੁਆਰਿਆਂ ਵਿੱਚ ਗੁਰਮਤਿ ਕਲਾਸ ਦੇ ਨਾਲ-ਨਾਲ ਕੀਰਤਨ ਦੀ ਕਲਾਸ ਤੇ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਕੇਂਦਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। ਹਰ ਰੋਜ ਵੱਡੀ ਸੰਗਤ ਦੀ ਗੁਰਮਤਿ ਕਲਾਸ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਸਹਿਜ ਪਾਠ ਦੀ ਸੰਥਿਆ ਤੇ ਵੀਚਾਰ ਵੀ ਕਰਵਾਈ ਜਾਂਦੀ ਹੈ। ਇਸ ਮਹੀਨੇ 3 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ 3 ਪ੍ਰਾਣੀਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**13. ਦੇਵੀਦਾਸ (89687-22872)-** ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਸਵੇਰ ਵੇਲੇ ਨਿਤਨੇਮ ਅਤੇ ਸ਼ਾਮ ਨੂੰ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਦੀ ਗੁਰਮਤਿ ਕਲਾਸ ਲਗਾ ਕੇ ਉਹਨਾਂ ਨੂੰ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**14. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ-ਸ਼ਾਮ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਬੱਚਿਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**15. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਗੁਰਦੁਆਰਾ ਕਲਗੀਧਰ ਸਾਹਿਬ (ਅੱਪਰਾ) ਵਿਖੇ ਹਰ ਐਤਵਾਰ ਸ਼ਾਮ ਸਮੇਂ ਲੜੀਵਾਰ ਵਿਚਾਰ ਕੀਤੀ ਜਾਂਦੀ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**17. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ।

**18. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**19. ਗਾਂਧੀਧਾਮ (ਗੁਜਰਾਤ)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਸਭਰਾ ਜੀ ਵਲੋਂ ਪ੍ਰਚਾਰ ਦੀ ਸੇਵਾ ਨਿਭਾਈ ਜਾਂਦੀ ਹੈ। ਕੇਂਦਰ ਵਿਖੇ ਗੁਰਮਤਿ ਕੈਂਪ ਲਗਾਏ ਗਏ ਹਨ।

**20. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

# ਡਾਕਟਰ ਦੀ ਪਰਚੀ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. ਪੰਡੋਰੀ ਸਿੱਧਵਾਂ 9501100062**

ਡਾਕਟਰ ਨੇ ਖੰਘ ਜੁਕਾਮ ਦੇ ਇੱਕ ਮਰੀਜ਼ ਨੂੰ ਕੁਝ ਦਵਾਈਆਂ ਲਿਖ ਕੇ ਦਿੱਤੀਆਂ। ਜੂਨ ਜੁਲਾਈ ਦੀ ਗਰਮੀ ਵਿੱਚ ਖਿਝਿਆ ਖਪਿਆ ਮਰੀਜ਼ ਘੰਟੇ ਕੁ ਬਾਅਦ ਦੁਬਾਰਾ ਡਾਕਟਰ ਕੋਲ ਪਹੁੰਚ ਗਿਆ, "ਡਾਕਟਰ ਸਾਹਿਬ, ਇਸ ਪਰਚੀ ਵਿੱਚ ਤੁਸੀਂ ਜਿਹੜੀ ਦਵਾਈ ਸਭ ਤੋਂ ਉੱਪਰ ਲਿਖੀ ਹੈ, ਉਹ ਨਹੀਂ ਮਿਲ ਰਹੀ।" ਡਾਕਟਰ ਨੇ ਪਰਚੀ ਵੇਖੀ ਤੇ ਥੋੜ੍ਹਾ ਜਿਹਾ ਹੱਸ ਕੇ ਬੋਲਿਆ, "ਇਹ ਦਵਾਈ ਨਹੀਂ ਹੈ। ਇਹ ਤਾਂ ਮੈਂ ਪੈੱਨ ਚੈੱਕ ਕਰਨ ਲਈ ਐਵੇਂ ਲਕੀਰਾਂ ਜਿਹੀਆਂ ਮਾਰੀਆਂ ਸਨ ਕਿ ਚੱਲਦਾ ਹੈ ਕਿ ਨਹੀਂ।" ਸੜਿਆ ਬਲਿਆ ਮਰੀਜ਼ ਡਾਕਟਰ ਦੇ ਗਲ਼ ਪੈ ਗਿਆ, "ਤੇਰਾ ਬੇੜਾ ਗਰਕ ਹੋ ਜਾਵੇ। ਤੇਰੇ ਇਸ ਪੈੱਨ ਚੈੱਕ ਕਰਨ ਦੇ ਚੱਕਰ ਵਿੱਚ ਮੈਂ ਦਵਾਈਆਂ ਦੀਆਂ 50 ਦੁਕਾਨਾਂ ਘੁੰਮ ਆਇਆਂ। ਸਾਰੇ ਇੱਕ ਤੋਂ ਵੱਧ ਇੱਕ ਸਨ। ਇੱਕ ਮੈਡੀਕਲ ਵਾਲਾ ਕਹਿੰਦਾ ਕਿ ਇਹ ਦਵਾਈ ਖਤਮ ਹੋ ਗਈ ਹੈ, ਕੱਲ੍ਹ ਨੂੰ ਮੰਗਵਾ ਦੇਵਾਂਗਾ। ਦੂਸਰਾ ਕਹਿਣ ਲੱਗਾ ਕਿ ਇਹ ਕੰਪਨੀ ਬੰਦ ਹੋ ਗਈ ਹੈ, ਦੂਸਰੀ ਕੰਪਨੀ ਦੀ ਲੈ ਜਾ। ਤੀਸਰਾ ਬੋਲਿਆ ਕਿ ਇਸ ਦਵਾਈ ਦੀ ਬਹੁਤ ਡਿਮਾਂਡ ਚੱਲ ਰਹੀ ਹੈ, ਇਹ ਤਾਂ ਬਲੈਕ ਵਿੱਚ ਹੀ ਮਿਲ ਸਕਦੀ ਹੈ। ਚੌਥਾ ਤਾਂ ਸਾਰਿਆਂ ਦਾ ਬਾਪ ਨਿਕਲਿਆ। ਕਹਿਣ ਲੱਗਾ ਕਿ ਇਹ ਤਾਂ ਕੈਂਸਰ ਦੀ ਦਵਾਈ ਹੈ, ਕਿਸ ਨੂੰ ਹੋ ਗਿਆ ਕੈਂਸਰ?"

# ਟਾਇਮ

**-ਰਮੇਸ਼ ਬੱਗਾ ਚੋਹਲਾ**

ਟਾਇਮ ਸਰਕਾਰ ਦਾ ਲੱਗੇ ਜੇ ਨਿੱਜੀ ਲੇਖੇ, ਉਸ ਨੂੰ ਫਰਲੋ ਦਾ ਦਿੰਦੇ ਨੇ ਨਾਮ ਮੀਆਂ।
ਫਰਲੋ ਮਾਰ ਕੇ ਆਉਂਦੇ ਕਈ ਰਾਸ ਕਾਰਜ, ਤਾਹੀਉਂ ਮਾਰਦੇ ਮੁਲਾਜ਼ਮ ਨੇ ਆਮ ਮੀਆਂ।
ਫ਼ਾਇਦਾ ਲੈਣ ਤੋਂ ਰਹੇ ਨਾ ਕਦੇ ਫਾਡੀ, ਜਿਸ ਦੀ ਸਾਹਬ ਦੇ ਨਾਲ ਸਲਾਮ ਮੀਆਂ।
'ਚੋਹਲੇ' ਵਾਲੇ ਨੂੰ ਲੱਗੀ ਹੈ ਚਾਟ ਇਸ ਦੀ, ਨਾਮ 'ਬੱਗੇ' ਦਾ ਹੋਇਆ ਬਦਨਾਮ ਮੀਆਂ।

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਬੀਤੀ ਦਿਨੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਸਿੱਖ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਜੀ ਨੇ ਪਹੁੰਚਕੇ ਵਿਦਿਆਰਥੀਆਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ



ਉੱਘੇ ਸਿੱਖ ਪ੍ਰਚਾਰਕ ਭਾਈ ਸਰਬਜੀਤ ਸਿੰਘ ਜੀ ਧੂੰਦਾ ਨੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ



ਬੀਤੀ ਦਿਨੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਪ੍ਰਚਾਰਕਾਂ ਦੀ ਮਹੀਨਾਵਾਰ ਇਕੱਤਰਤਾ ਦੌਰਾਨ ਭਾਈ ਸਰਬਜੀਤ ਸਿੰਘ ਜੀ ਧੂੰਦਾ ਇਕ ਨੁਕਤਾ ਸਾਂਝਾ ਕਰਦੇ ਹੋਏ।




ਮਿਤੀ 18-19 ਸਤੰਬਰ ਨੂੰ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਲੱਗੇ ਕਿਸਾਨ ਮੇਲੇ ਦੌਰਾਨ ਕਾਲਜ ਵਲੋਂ ਧਾਰਮਿਕ ਲਿਟਰੇਚਰ ਦਾ ਸਟਾਲ ਲਗਾਇਆ ਗਿਆ।



ਕੇਂਦਰ ਨਵਾਂਸ਼ਹਿਰ ਵਿਖੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲਿਆਂ ਵਿਚ ਭਾਗ ਲੈਣ ਵਾਲੀ ਵਿਦਿਆਰਥੀ ਅਭਿਆਸ ਕਰਦੇ ਹੋਏ।



ਕੇਂਦਰ ਪਰਿੰਗੜੀ ਵਿਖੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਬੱਚਿਆਂ ਦੀ ਗੁਰਮਤਿ ਕਲਾਸ ਲਗਾਉਂਦੇ ਹੋਏ।






ਮਿਤੀ 26 ਅਗਸਤ 2026 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਖੇ ਪ੍ਰਿੰ. ਗੁਰਬਚਨ ਸਿੰਘ ਪੰਨਵਾਂ ਦੀਆਂ ਦੋ ਨਵੀਆਂ ਧਾਰਮਿਕ ਪੁਸਤਕਾਂ 'ਇਤਿਹਾਸ, ਫਿਲਾਸਫੀ ਅਤੇ ਗੁਰਬਾਣੀ ਸਬੰਧੀ ਸਵਾਲ ਜਵਾਬ' ਅਤੇ Jo Dar Rahe Su Ubre (ਅੰਗਰੇਜ਼ੀ) ਜਾਰੀ ਕੀਤੀਆਂ ਗਈਆਂ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

## ਕੇਂਦਰ ਪਲਾਸੌਰ ਵਿਖੇ ਹੋਏ ਗੁਰਮਤਿ ਸਮਾਗਮ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ















